29-AUG-PAGE-1 ADVT.qxd 8/28/2024 10:29 PM Page 1

ਵੀਰਵਾਰ, 29 ਅਗਸਤ, 2024
14 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 88

# ਨਵਾਂ ਜ਼ਮਾਨਾ

DAILY NAWAN ZAMANA • THURSDAY, 29 AUGUST, 2024

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12



# ਵਿਦਿਆਰਥੀਆਂ ਨੇ ਮੰਗਾਂ ਨੂੰ ਲੈ ਕੇ ਡੀਨ ਨੂੰ ਦਿੱਤਾ ਮੰਗ ਪੱਤਰ

**ਪਟਿਆਲਾ (ਅਵਤਾਰ ਜਟਾਣਾ)** ਪੀ. ਐੱਸ. ਯੂ.(ਲਲਕਾਰ) ਦੀ ਅਗਵਾਈ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਊ ਟੀਚਿੰਗ ਆਰਟਸ ਬਲਾਕ ਦੇ ਵਿਦਿਆਰਥੀਆਂ ਨੇ ਲੰਬੇ ਸਮੇਂ ਤੋਂ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਾਉਣ ਲਈ ਡੀਨ ਅਕਾਦਮਿਕ ਮਾਮਲੇ ਦੇ ਦਫ਼ਤਰ ਮੂਹਰੇ ਰੋਸ ਪ੍ਰਦਰਸ਼ਨ ਕੀਤਾ।ਡੀਨ ਅਕਾਦਮਿਕ ਮਾਮਲੇ ਦੇ ਛੁੱਟੀ ਉੱਤੇ ਹੋਣ ਕਰਕੇ ਵਿਦਿਆਰਥੀਆਂ ਨੇ ਆਪਣਾ ਮੰਗ ਪੱਤਰ ਡੀਨ ਵਿਦਿਆਰਥੀ ਭਲਾਈ ਨੂੰ ਦਿੱਤਾ, ਜਿਸ ਵਿੱਚ ਇਹ ਮੰਗਾਂ ਹਨ, ਲਗਭਗ ਇੱਕ ਸਾਲ ਤੋਂ ਪੀਣ ਵਾਲੇ ਪਾਣੀ ਦਾ ਨਿਊ ਆਰਟਸ ਬਲਾਕ ਵਿੱਚ ਪ੍ਰਬੰਧ ਨਹੀਂ ਹੈ, ਇਸਦਾ ਪ੍ਰਬੰਧ ਕੀਤਾ ਜਾਵੇ, ਕਲਾਸਾਂ ਵਿੱਚ ਟੁੱਟੀਆਂ ਖਿੜਕੀਆਂ, ਸ਼ੀਸ਼ਿਆਂ ਦੀ ਮੁਰੰਮਤ ਕੀਤੀ ਜਾਵੇ, ਸਾਰੀਆਂ ਕਲਾਸਾਂ ਵਿੱਚ ਪੱਖਿਆਂ ਦਾ ਪੁਖਤਾ ਪ੍ਰਬੰਧ ਕੀਤਾ ਜਾਵੇ, ਕਲਾਸਾਂ 'ਚ ਪਰਦੇ ਲਾਏ ਜਾਣ, ਡੇਢ ਸਾਲ ਤੋਂ ਟੁੱਟੀ ਹੋਈ ਰੇਲਿੰਗ ਠੀਕ ਕੀਤੀ ਜਾਵੇ ਤਾਂ ਜੁ ਵਿਦਿਆਰਥੀਆਂ ਦੇ ਸੱਟਾਂ ਆਦਿ ਨਾ ਲੱਗਣ, ਕਲਾਸ ਰੂਮ ਅਤੇ ਬਾਥਰੂਮਾਂ ਦੀ ਢੰਗ ਨਾਲ ਸਫਾਈ ਕੀਤੀ ਜਾਵੇ, ਰਾਤ ਸਮੇਂ ਯੂਨੀਵਰਸਿਟੀ ਵਿੱਚ ਕੁੜੀਆਂ ਲਈ ਲਾਇਬ੍ਰੇਰੀ ਤੋਂ ਹੋਸਟਲ ਤੱਕ ਚੱਲਣ ਵਾਲੀਆਂ ਬੱਸਾਂ (ਜੋ ਬੰਦ ਕਰ ਦਿੱਤੀਆਂ ਗਈਆਂ ਹਨ) ਚਾਲੂ ਕੀਤੀਆਂ ਜਾਣ, ਰਾਤੀਂ ਵਿਦਿਆਰਥੀਆਂ ਦੀ ਸੁਰੱਖਿਆ ਲਈ ਹਨੇਰੇ ਵਾਲੀਆਂ ਥਾਵਾਂ ਉੱਤੇ ਰੌਸ਼ਨੀ ਦਾ ਪੁਖ਼ਤਾ ਪ੍ਰਬੰਧ ਕੀਤਾ ਜਾਵੇ।ਪ੍ਰਸ਼ਾਸਨ ਨੇ ਕਿਹਾ ਕਿ ਜਲਦੀ ਹੀ ਇਨ੍ਹਾਂ ਦਿੱਕਤਾਂ ਨੂੰ ਹੱਲ ਕੀਤਾ ਜਾਵੇਗਾ।ਵਿਦਿਆਰਥੀਆਂ ਨੇ ਪ੍ਰਸ਼ਾਸਨ ਨੂੰ ਸੋਮਵਾਰ ਤੱਕ ਇਨ੍ਹਾਂ ਮਸਲਿਆਂ ਦਾ ਹੱਲ ਕਰਨ ਲਈ ਆਖਿਆ ਹੈ।ਵਿਦਿਆਰਥੀਆਂ ਨੇ ਕਿਹਾ ਕਿ ਜੇਕਰ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤਾਂ ਉਹ ਸੰਘਰਸ਼ ਨੂੰ ਵਧੇਰੇ ਤਿੱਖਾ ਕਰਨਗੇ।



# ਦੇਸ਼ ਭਗਤ 'ਵਰਸਿਟੀ 'ਚ ਮਨਾਇਆ ਤੀਆਂ ਦਾ ਤਿਉਹਾਰ

**ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਯੂਨੀਵਰਸਿਟੀ ਵਿੱਚ ਤੀਜ ਦਾ ਜਸ਼ਨ ਸੱਭਿਆਚਾਰਕ ਤੌਰ 'ਤੇ ਭਰਪੂਰ ਸਮਾਗਮ ਸੀ, ਜਿਸ ਨੇ ਤੀਜ ਤਿਉਹਾਰ ਨਾਲ ਜੁੜੀਆਂ ਪਰੰਪਰਾਵਾਂ ਨੂੰ ਉਜਾਗਰ ਕੀਤਾ।ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਦੇ ਮੀਡੀਆ ਵਿਭਾਗ ਨੇ ਪੰਜਾਬ ਦੇ ਸੱਭਿਆਚਾਰਕ ਵਿਰਸੇ ਦਾ ਜਸ਼ਨ ਮਨਾਉਂਦੇ ਹੋਏ ਇੱਕ ਰੋਜ਼ਾ ਸਮਾਗਮ ਤੀਜ ਫੈਸਟ 2024 ਦਾ ਆਯੋਜਨ ਕੀਤਾ। ਉਤਸ਼ਾਹ ਅਤੇ ਭਾਗੀਦਾਰੀ ਨਾਲ ਕਰਾਏ ਇਸ ਸਮਾਗਮ ਵਿੱਚ ਵਿਦਿਆਰਥੀਆਂ ਦੀਆਂ ਅਮੀਰ ਪ੍ਰੰਪਰਾਵਾਂ ਅਤੇ ਕਲਾਤਮਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਗਿਆ।ਇਸ ਤਿਉਹਾਰ ਵਿੱਚ ਮਹਿੰਦੀ ਮੁਕਾਬਲੇ ਵਰਗੀਆਂ ਰਵਾਇਤੀ ਗਤੀਵਿਧੀਆਂ ਤੇ ਮੁਕਾਬਲਿਆਂ ਦੀ ਇੱਕ ਲੜੀ ਪੇਸ਼ ਕੀਤੀ ਗਈ।ਮਹਿੰਦੀ ਮੁਕਾਬਲੇ ਵਿੱਚ ਬੀਏਐਮਐਸ ਦੀ ਕੋਮਲ ਸ਼ਰਮਾ ਨੇ ਪਹਿਲਾ, ਸਿਮਰਨ ਬੀਏ ਨੇ ਦੂਜਾ ਅਤੇ ਕੌਸ਼ਿਕੀ, ਬੀਏਐਮਐਸ ਨੇ ਤੀਜਾ ਸਥਾਨ ਹਾਸਲ ਕੀਤਾ। ਮਿਸ ਤੀਜ ਮੁਕਾਬਲੇ ਦੀ ਜੇਤੂ ਸਰਬਜੀਤ ਕੌਰ, ਬੀਸੀਏਸੀ, ਜਿਸ ਨੇ ਇਸ ਖਿਤਾਬ ਦਾ ਹਾਸਲ ਕਰਨ ਦਾ ਦਾਅਵਾ ਕੀਤਾ, ਉਸ ਤੋਂ ਬਾਅਦ ਪੂਜਾ ਕੁਮਾਰੀ, ਬੀਸੀਏ ਪਹਿਲੀ ਰਨਰ-ਅੱਪ ਅਤੇ ਪੂਜਾ ਮਹਿਰਾ, ਬੀਸੀਏ ਦੂਜੇ ਰਨਰ-ਅੱਪ ਵਜੋਂ ਰਹੀ।ਸਮਾਗਮ ਦਾ ਆਯੋਜਨ ਡਾ. ਸੁਰਜੀਤ ਕੌਰ ਪਥੇਜਾ, ਮੁਖੀ, ਮੀਡੀਆ ਵਿਭਾਗ ਨੇ ਕੀਤਾ, ਜਿਨ੍ਹਾਂ ਦੇ ਸਮਰਪਤ ਯਤਨਾਂ ਨੇ ਇਸ ਦੀ ਸਫਲਤਾ ਯਕੀਨੀ ਬਣਾਈ।'ਤੀਜ ਫੈਸਟ 2024' ਇੱਕ ਸ਼ਾਨਦਾਰ ਸਫਲਤਾ ਸੀ, ਜਿਸ ਨੇ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਦੇ ਇੱਕ ਖੁਸ਼ੀ ਭਰੇ ਜਸ਼ਨ ਵਿੱਚ ਇਕੱਠੇ ਕੀਤਾ।ਸਮਾਗਮ ਨੇ ਨਾ ਸਿਰਫ਼ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ, ਸਗੋਂ ਸੱਭਿਆਚਾਰਕ ਪਰੰਪਰਾਵਾਂ ਨੂੰ ਸੁਰੱਖਿਅਤ ਰੱਖਣ ਤੇ ਉਤਸ਼ਾਹਤ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਵੀ ਮਜ਼ਬੂਤ ਕੀਤਾ।

# ਡਾਕਟਰ ਨਾਲ ਜਬਰ ਜਨਾਹ ਖਿਲਾਫ਼ ਸੇਂਟ ਜੇਵੀਅਰ ਸਕੂਲ ਦੇ ਬੱਚਿਆਂ ਨੇ ਕੱਢੀ ਰੈਲੀ




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਸੇਂਟ ਜ਼ੇਵੀਅਰ ਸਕੂਲ ਦੇ ਬੱਚਿਆਂ ਨੇ ਵਾਪਰੀ ਹਿੰਸਕ ਘਟਨਾ ਦੀ ਪੁਰਜ਼ੋਰ ਨਿਖੇਧੀ ਕੀਤੀ ਅਤੇ ਦੱਸਿਆ ਕਿ ਲੜਕੀਆਂ ਕਿਸੇ ਵੀ ਖੇਤਰ ਵਿੱਚ ਸੁਰੱਖਿਅਤ ਨਹੀਂ ਹਨ ਅਤੇ ਇਹ ਵੀ ਦੱਸਿਆ ਕਿ ਸਾਡੇ ਸਾਰਿਆਂ ਦੇ ਘਰ ਲੜਕੀਆਂ ਹਨ ਤਾਂ ਸਾਨੂੰ ਸਾਰਿਆਂ ਨੂੰ ਆਪਣੀਆਂ ਧੀਆਂ ਨੂੰ ਉੱਚ ਸਿੱਖਿਆ ਅਤੇ ਕੋਈ ਵੀ ਕੰਮ ਕਰਨ ਲਈ

ਘਰੋਂ ਬਾਹਰ ਭੇਜਣ ਦਾ ਵੀ ਡਰ ਹੈ।ਬੱਚਿਆਂ ਨੇ ਕਿਹਾ ਕਿ ਉਹ ਬੰਗਾਲ ਦੇ ਡਾਕਟਰਾਂ ਨਾਲ ਵਾਪਰੀ ਇਸ ਅਣਮਨੁੱਖੀ ਘਟਨਾ ਦੀ ਸਖ਼ਤ ਨਿਖੇਧੀ ਕਰਦੇ ਹਨ ਅਤੇ ਇਸ ਸਥਿਤੀ ਵਿੱਚ ਸਮੂਹ ਪੰਜਾਬ ਵਾਸੀ ਬੰਗਾਲ ਦੇ ਡਾਕਟਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਨ। ਸਕੂਲ ਦੇ ਅਧਿਆਪਕ ਹਰਮੇਸ਼ ਕੁਮਾਰ ਨੇ ਕਿਹਾ ਕਿ ਅਸੀਂ ਸਾਰੀਆਂ ਸੂਬਾ ਸਰਕਾਰਾਂ ਨੂੰ ਬੇਨਤੀ ਕਰਦੇ ਹਾਂ ਕਿ ਅਜਿਹੇ ਕਾਨੂੰਨ ਬਣਾਏ ਜਾਣ ਕਿ ਕੋਈ ਵੀ ਲੜਕੀਆਂ ਨਾਲ ਅਣਮਨੁੱਖੀ ਸਲੂਕ ਕਰਨ ਜਾਂ ਕੁਝ ਵੀ ਕਰਨ ਤੋਂ ਪਹਿਲਾਂ ਹਜ਼ਾਰ ਵਾਰ ਸੋਚੇ।ਉਨ੍ਹਾਂ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਬੰਗਾਲ ਵਿੱਚ ਡਾਕਟਰ ਨਾਲ ਬਲਾਤਕਾਰ ਦੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇ।

# ਪ੍ਰਸਿੱਧ ਢਾਡੀ ਗਿਆਨ ਸਿੰਘ ਰਾਹੀ ਦਾ ਦੇਹਾਂਤ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਪਿੰਡ ਟਾਂਡਾ ਕੁਸ਼ਲ ਸਿੰਘ ਦੇ ਵਾਸੀ ਤੇ ਸੀਨੀਅਰ ਕਾਂਗਰਸੀ ਆਗੂ ਜਸਦੇਵ ਸਿੰਘ ਟਾਂਡਾ ਦੇ ਵੱਡੇ ਭਰਾ ਗਿਆਨ ਸਿੰਘ ਰਾਹੀ ਦਾ ਅਚਨਚੇਤ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ। ਢਾਡੀ ਗਿਆਨ ਸਿੰਘ ਰਾਹੀ ਨੇ ਆਪਣਾ ਜੀਵਨ ਗੁਰੂ ਚਰਨਾਂ ਨਾਲ ਜੋੜ ਕੇ ਰੱਖਿਆ ਤੇ ਛੋਟੀ ਉਮਰ ਤੋਂ ਹੀ ਉਹ ਗੁਰਬਾਣੀ ਦਾ ਪ੍ਰਸਾਰ ਕਰਨ ਲੱਗ ਪਏ ਸਨ। ਭਾਰਤ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨਾਂ ਤੋਂ ਇਲਾਵਾ ਉਨ੍ਹਾਂ ਦੇ ਢਾਡੀ ਜੱਥੇ ਨੇ ਵਿਦੇਸ਼ਾਂ ਵਿਚ ਵੀ ਬਾਣੀ ਦਾ ਪ੍ਰਚਾਰ ਕੀਤਾ। ਪਿੰਡ ਟਾਂਡਾ ਕੁਸ਼ਲ ਸਿੰਘ ਵਿਖੇ ਉਨ੍ਹਾਂ ਦਾ ਅੰਤਮ ਸਸਕਾਰ ਕਰ ਦਿੱਤਾ ਗਿਆ। ਸਵ. ਢਾਡੀ ਗਿਆਨ ਸਿੰਘ ਦੀ ਮੌਤ 'ਤੇ ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਤੋਂ ਇਲਾਵਾ ਵਿਦੇਸ਼ ਯੂ.ਕੇ. ਵਿੱਚ ਰਹਿੰਦੇ ਸਿੱਖ ਆਗੂ ਦਰਸ਼ਨ ਸਿੰਘ, ਹਰਵਿੰਦਰ ਸਿੰਘ ਤੇ ਜਗਮੋਹਣ ਸਿੰਘ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

# ਪਹਿਲੀ ਨੂੰ ਛੁਟਕਾਰੇ ਦੀ ਸਭਾ ਦਾ ਐਲਾਨ ਕੀਤਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਪਿੰਡ ਰੇਤਗੜ੍ਹ ਸਥਿਤ ਵੇਅ ਆਫ਼ ਫੇਥ ਚਰਚ ਪਿੰਡ ਰੇਤਗੜ੍ਹ ਸਮਾਣਾ ਵਿਖੇ ਵੱਡੀ ਛੁਟਕਾਰੇ ਦੀ ਸਭਾ ਦਾ ਐਲਾਨ ਕੀਤਾ ਗਿਆ ਹੈ। ਰੇਤਗੜ੍ਹ ਚਰਚ ਦੇ ਮੁਖੀ ਪਾਸਟਰ ਗੁਰਚਰਨ ਜੀ ਰੇਤਗੜ ਵੱਲੋਂ 1 ਸਤੰਬਰ ਨੂੰ ਵੱਡੀ ਛੁਟਕਾਰੇ ਦੀ ਸਭਾ ਦਾ ਐਲਾਨ ਕੀਤਾ ਹੈ।ਇਸ ਸਬੰਧੀ ਉਨ੍ਹਾਂ ਰੇਤਗੜ੍ਹ ਚਰਚ ਵਿਖੇ ਮੀਟਿੰਗ ਦੌਰਾਨ ਦੱਸਿਆ ਕਿ ਉਹ ਤੇ ਉਨ੍ਹਾਂ ਦੀ ਪਤਨੀ ਪਾਸਟਰ ਰਾਜਵਿੰਦਰ ਕੌਰ ਨੇ ਸਾਡੇ ਵੱਲੋਂ ਮਾਨਵਤਾ ਦੀ ਭਲਾਈ ਲਈ 40 ਦਿਨ ਅਤੇ ਰਾਤ ਦੇ ਵਰਤ ਰੱਖੇ ਗਏ ਹਨ ਤੇ ਇਹ ਵਰਤ 1 ਸਤੰਬਰ ਨੂੰ ਖੁੱਲ੍ਹਣ ਜਾ ਰਹੇ ਹਨ।ਇਸ ਮੌਕੇ ਉਨ੍ਹਾਂ ਨੇ 40 ਦੇ ਵਰਤਾਂ ਦੀ ਮਹੱਤਤਾ ਬਾਰੇ ਸੰਗਤਾਂ ਨੂੰ ਜਾਣੂ ਕਰਾਉਣਾ ਹੈ। ਇਸ ਦੌਰਾਨ ਇਕ ਵੱਡੀ ਛੁਟਕਾਰੇ ਦੀ ਸਭਾ ਦਾ ਆਯੋਜਨ ਕੀਤਾ ਜਾਵੇਗਾ।

# ਪੀਣ ਵਾਲੇ ਪਾਣੀ ਦੀ ਸਪਲਾਈ ਇੱਕ ਦਿਨ ਛੱਡ ਕੇ ਦਿੱਤੀ ਜਾਵੇਗੀ

**ਮਲੋਟ, (ਗੁਰਮੀਤ ਸਿੰਘ ਮੱਕੜ)** ਸ਼ਹਿਰ 'ਚ ਸੀਵਰੇਜ ਦੀ ਸਫ਼ਾਈ ਦੇ ਮੱਦੇਨਜ਼ਰ ਪੀਣ ਵਾਲੇ ਪਾਣੀ ਦੀ ਸਪਲਾਈ ਇੱਕ ਦਿਨ ਛੱਡ ਕੇ ਦਿੱਤੀ ਜਾਵੇਗੀ। ਸ਼ਹਿਰ ਦੀ ਸੀਵਰੇਜ ਸਮੱਸਿਆ ਦੇ ਸੁਧਾਰ ਹਿੱਤ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਕਈ ਪ੍ਰੋਜੈਕਟ ਆਰੰਭੇ ਗਏ ਹਨ, ਜਿਸ ਵਿਚ ਨਗਰ ਕੌਂਸਲ ਵੱਲੋਂ ਮੇਨ ਸੀਵਰੇਜ ਦੀ ਸਫ਼ਾਈ ਸੁਪਰ ਸ਼ੈਕਸ਼ਨ ਮਸ਼ੀਨਾਂ ਨਾਲ ਜਲਦ ਸ਼ੁਰੂ ਕਰਾਈ ਜਾ ਰਹੀ ਹੈ ਅਤੇ ਸ਼ਹਿਰ ਵਿੱਚ ਸੀਵਰੇਜ ਬੈਕ ਫਲੋ ਦੀ ਸਮੱਸਿਆ ਦੇ ਉਪਰੋਕਤ ਕੰਮਾਂ ਦੇ ਪੂਰਾ ਹੋਣ ਤੱਕ ਪੀਣ ਵਾਲੇ ਪਾਣੀ ਦੀ ਸਪਲਾਈ 1 ਸਤੰਬਰ ਤੋਂ ਲੈਕੇ 30 ਸਤੰਬਰ ਤੱਕ ਇੱਕ ਦਿਨ ਛੱਡ ਕੇ ਦਿੱਤੀ ਜਾਵੇਗੀ ਤਾਂ ਜੋ ਸੀਵਰੇਜ਼ ਦੀ ਸਮੱਸਿਆ ਦਾ ਹੱਲ ਹੋ ਸਕੇ। ਮਲੋਟ ਦੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਿਭਾਗ ਦੇ ਅਧਿਕਾਰੀਆਂ ਵੱਲੋਂ ਸ਼ਹਿਰ ਵਾਸੀਆਂ ਨੂੰ ਮਹਿਕਮੇ ਦਾ ਸਹਿਯੋਗ ਦਿੰਦੇ ਹੋਏ ਪੀਣ ਵਾਲੇ ਪਾਣੀ ਦੀ ਸੰਜਮ ਨਾਲ ਵਰਤੋਂ ਕਰਨ ਦੀ ਅਪੀਲ ਕੀਤੀ।

# ਖੇਡਾਂ ਦਾ ਜੀਵਨ 'ਚ ਅਹਿਮ ਸਥਾਨ : ਲੱਕੀ ਗਰਗ



**ਜੈਤੋ (ਸਤੀਸ਼ ਕੁਮਾਰ ਭੀਰੀ)** ਸਿੱਖਿਆ ਨਾਲ ਬੌਧਿਕ ਅਤੇ ਅਧਿਆਤਮਿਕ ਵਿਕਾਸ ਹੁੰਦਾ ਹੈ, ਜਦੋਂ ਕਿ ਖੇਡਾਂ ਮਨੁੱਖ ਦਾ ਸਰੀਰਕ ਵਿਕਾਸ ਕਰਦੀਆਂ ਹਨ।ਮਨੁੱਖ ਉਦੋਂ ਹੀ ਸੰਪੂਰਨ ਹੁੰਦਾ ਹੈ ਜਦੋਂ ਉਸਦਾ ਸਰਬਪੱਖੀ ਵਿਕਾਸ ਹੁੰਦਾ ਹੈ।ਇਹ ਗੱਲਾਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਲੱਕੀ ਗਰਗ ਨੇ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ।ਉਨ੍ਹਾਂ ਕਿਹਾ ਕਿ ਪੁਰਾਣੇ ਸਮਿਆਂ ਵਿੱਚ ਖੇਡਾਂ ਨੂੰ ਸਮੇਂ ਦੀ ਬਰਬਾਦੀ ਕਿਹਾ ਜਾਂਦਾ ਸੀ, ਪ੍ਰੰਤੂ ਅੱਜ ਸਮਾਂ ਬਦਲ ਗਿਆ ਹੈ।ਗਰਗ ਨੇ ਅੱਗੇ ਦੱਸਿਆ ਕਿ ਸਿਹਤਮੰਦ ਸਰੀਰ ਵਿੱਚ ਇੱਕ ਤੰਦਰੁਸਤ ਮਨ ਦਾ ਵਾਸ ਹੁੰਦਾ ਹੈ, ਬਿਮਾਰ ਵਿਅਕਤੀ ਹਮੇਸ਼ਾ ਬੇਚੈਨ ਰਹਿੰਦਾ ਹੈ। ਜੈਤੋ ਜੋਨਲ ਲੈਵਲ ਤੇ ਸਕੂਲਾਂ ਦੇ ਖੇਡ ਮੁਕਾਬਲੇ ਕਰਾਏ ਗਏ, ਜਿਸ ਵਿੱਚ ਰੱਸਾਕਸ਼ੀ, ਸਰਕਲ ਸਟਾਈਲ ਕਬੱਡੀ, ਖੋ-ਖੋ, ਬੈਡਮਿੰਟਨ, ਫੁੱਟਬਾਲ, ਕੁਸ਼ਤੀ, ਚੈੱਸ, ਕ੍ਰਿਕਟ ਤੋਂ ਬਿਨਾਂ ਹੋਰ ਕਈ ਖੇਡਾਂ ਕਰਾਈਆਂ ਗਈਆਂ, ਜਿਸ ਵਿੱਚ ਅਲੀਆਂਸ ਇੰਟਰਨੈਸ਼ਨਲ ਸਕੂਲ ਦੇ ਬੱਚਿਆਂ ਨੇ ਵਧ ਚੜ੍ਹ ਕੇ ਭਾਗ ਲਿਆ। ਜਿਸ ਵਿੱਚੋਂ ਸਰਕਲ ਸਟਾਇਲ ਕਬੱਡੀ ਵਿੱਚੋਂ ਦੂਜਾ ਸਥਾਨ, ਰੱਸਾਕਸ਼ੀ ਵਿੱਚੋਂ ਦੂਜਾ ਸਥਾਨ ਅਲੀਆਂਸ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਹਾਸਲ ਕੀਤਾ। ਖੋ-ਖੋ ਵਿੱਚ ਲੜਕੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਜ਼ਿਲ੍ਹਾ ਪੱਧਰੀ ਖੇਡਾਂ ਲਈ ਬੱਚਿਆਂ ਦੀ ਚੋਣ ਕੀਤੀ ਗਈ, ਜੋ ਸਕੂਲ ਲਈ ਮਾਣ ਵਾਲੀ ਗੱਲ ਹੈ।ਡੀ ਪੀ ਅਧਿਆਪਿਕਾ ਸੁਖਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਵਿਦਿਆਰਥੀ ਆਪਣੀ ਪ੍ਰਤਿਭਾ ਨੂੰ ਅੱਗੇ ਲੈ ਕੇ ਆ ਰਹੇ ਹਨ ਅਤੇ ਇਨ੍ਹਾਂ ਦੀ ਮਿਹਨਤ ਸਦਕਾ ਬੱਚਿਆਂ ਨੂੰ ਨਵਾਂ ਮੁਕਾਮ ਹਾਸਲ ਹੋਇਆ।ਇਹ ਜਾਣਕਾਰੀ ਸਕੂਲ ਦੇ ਪ੍ਰਿੰਸੀਪਲ ਮੈਡਮ ਗੁਰਸੇਵਕ ਮਾਨ ਨੇ ਸਾਂਝੀ ਕੀਤੀ।

# ਜਨਮ ਅਸ਼ਟਮੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਮਾਲਵਾ ਚੌਂਕ 'ਚ ਸਥਿਤ ਸ੍ਰੀ ਮੁਕਤੀਧਾਮ ਸ਼ਿਵ ਮੰਦਰ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਭਜਨ ਸੰਧਿਆ 'ਚ ਮਾਛੀਵਾੜਾ ਸਾਹਿਬ ਤੋਂ ਗਗਨ ਭੰਗੂ ਐਂਡ ਪਾਰਟੀ ਵੱਲੋਂ ਧਾਰਮਿਕ ਗੀਤ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਬਾਲ ਕਲਾਕਾਰਾਂ ਵੱਲੋਂ ਕ੍ਰਿਸ਼ਨ ਤੇ ਸੁਦਾਮਾ ਮਿਲਨ ਦੀ ਝਾਂਕੀ ਵੀ ਪੇਸ਼ ਕੀਤੀ, ਜਿਸ ਨੂੰ ਵੇਖ ਸੰਗਤਾਂ ਭਾਵੁਕ ਹੋ ਗਈਆਂ। ਸਮਾਗਮ ਵਿਚ ਵਿਸ਼ਵ ਹਿੰਦੂ ਸੰਗਠਨ ਦੇ ਕੌਮੀ ਪ੍ਰਧਾਨ ਵਿਜੈ ਸਿੰਘ ਰਾਜਪੁਰੋਹਿਤ ਭੋਜਾਸ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿਨ੍ਹਾਂ ਸੰਗਤਾਂ ਨੂੰ ਗਊ, ਧਰਮ ਰੱਖਿਆ ਅਤੇ ਸੜਕਾਂ ਦੇ ਕਿਨਾਰੇ ਜਖ਼ਮੀ ਹਾਲਾਤ ਵਿੱਚ ਪਈਆਂ ਗਾਵਾਂ ਦੀ ਸੇਵਾ ਤੇ ਸੰਭਾਲ ਲਈ ਪ੍ਰੇਰਿਤ ਕੀਤਾ। ਪ੍ਰਬੰਧਕ ਕਮੇਟੀ ਵੱਲੋਂ ਮੁੱਖ ਮਹਿਮਾਨ ਵਿਜੈ ਸਿੰਘ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਮਟਕੀ ਫੋੜ ਮੇਲੇ ਦਾ ਵੀ ਆਯੋਜਨ ਕੀਤਾ ਗਿਆ, ਜਿਸ ਵਿੱਚ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਕਰ ਸਥਾਨਕ ਯੂਥ ਗਰੁੱਪ ਵੱਲੋਂ ਮਟਕੀ ਭੰਨੀ ਗਈ, ਜਿਨ੍ਹਾਂ ਨੂੰ ਕਮੇਟੀ ਵੱਲੋਂ ਸਨਮਾਨ ਤੇ ਇਨਾਮ ਰਾਸ਼ੀ ਭੇਟ ਕੀਤੀ ਗਈ। ਸਮਾਗਮ ਦੌਰਾਨ ਕਮੇਟੀ ਚੇਅਰਮੈਨ ਸੁਸ਼ੀਲ ਲੂਥਰਾ, ਮੁੱਖ ਸਲਾਹਕਾਰ ਪ੍ਰਮੋਦ ਚੋਪੜਾ, ਪ੍ਰਧਾਨ ਪਵਨ ਅਰੋੜਾ, ਮੁੱਖ ਸਕੱਤਰ ਰਣਜੀਤ ਸਿੰਘ, ਸਕੱਤਰ ਪਵਨ ਬੱਤਰਾ ਤੇ ਬਲਰਾਮ ਤਿਵਾੜੀ, ਕੈਸ਼ੀਅਰ ਅਨਿਲ ਕੁਮਾਰ ਬਬਲੀ, ਦੀਨਾਨਕ ਪਾਠਕ, ਹਿੰਮਾਂਸ਼ੂ ਮਿੱਤਲ, ਸੰਜੀਵ ਕੁਮਾਰ ਤੇ ਅਭਿਸ਼ੇਕ ਰਾਏ ਆਦਿ ਮੌਜੂਦ ਸਨ। ਆਈਆਂ ਸੰਗਤਾਂ ਲਈ ਵੱਖ-ਵੱਖ ਪਕਵਾਨਾਂ ਦੇ ਲੰਗਰ ਵੀ ਲਾਏ ਗਏ।

# ਡਾ. ਜਤਿਨ ਮੋਹਨ ਗੋਇਲ ਨੇ ਨੀਟ ਪੀ ਜੀ ਆਲ ਇੰਡੀਆ 'ਚੋਂ 39ਵਾਂ ਰੈਂਕ ਕੀਤਾ ਹਾਸਲ



**ਮਮਦੋਟ, (ਜਸਬੀਰ ਸਿੰਘ ਕੰਬੋਜ)** ਡਾਕਟਰੀ ਦੀ ਪੋਸਟ ਗ੍ਰੈਜੂਏਸ਼ਨ ਐਮਡੀ/ਐਮ ਐਸ ਲਈ ਹੋਈਆਂ ਪ੍ਰੀਖਿਆਵਾਂ ਭਾਵ ਨੀਟ ਪੀਜੀ ਦੇ ਨਤੀਜੇ ਐਲਾਨੇ ਗਏ, ਜਿਸ ਵਿੱਚ ਫ਼ਿਰੋਜ਼ਪੁਰ ਦੇ ਰਹਿਣ ਵਾਲੇ ਡਾ. ਜਤਿਨ ਮੋਹਨ ਗੋਇਲ ਨੇ ਪੂਰੇ ਭਾਰਤ ਵਿਚੋਂ 39ਵਾਂ ਰੈਂਕ ਹਾਸਲ ਕਰਕੇ ਮਾਤਾ-ਪਿਤਾ ਦੇ ਨਾਲ-ਨਾਲ ਜ਼ਿਲ੍ਹਾ ਫ਼ਿਰੋਜ਼ਪੁਰ ਸਮੇਤ ਪੂਰੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਹੈ।ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਮਾਤਾ ਜੀ ਡਾ. ਪੂਨਮ ਗੋਇਲ ਮਿਸ਼ਨ ਹਸਪਤਾਲ ਵਿੱਚ ਬੱਚਿਆਂ ਦੇ (ਸਪੈਸ਼ਲਿਸਟ) ਡਾਕਟਰ ਹਨ।ਉਨ੍ਹਾਂ ਦੇ ਪਿਤਾ ਡਾ. ਜਤਿੰਦਰ ਮੋਹਨ ਗੋਇਲ ਵੀ ਡਾਕਟਰ ਸਨ, ਜਿਨ੍ਹਾਂ ਦਾ ਲੰਮਾ ਸਮਾਂ ਪਹਿਲਾਂ ਦੇਹਾਂਤ ਹੋਗਿਆ ਸੀ ।

ਡਾ. ਜਤਿਨ ਨੇ ਦੱਸਿਆ ਕਿ ਉਹ ਪੀਜੀਆਈ ਰੋਹਤਕ ਵਿੱਚੋਂ ਐਮਬੀਬੀਐਸ ਦੀ ਪੜ੍ਹਾਈ ਪੂਰੀ ਕਰ ਚੁੱਕੇ ਹਨ ਅਤੇ ਉਨ੍ਹਾਂ ਨੂੰ ਆਪਣੀ ਸਖ਼ਤ ਮਿਹਨਤ ਦਾ ਫ਼ਲ ਮਿਲਿਆ ਹੈ।ਉਨ੍ਹਾਂ ਦੱਸਿਆ ਕਿ ਉਨ੍ਹਾਂ ਐਮ ਡੀ ਮੈਡੀਸਨ ਕਰਨ ਲਈ ਆਪਣਾ ਮਨ ਬਣਾ ਲਿਆ ਹੈ ਤੇ ਉਨ੍ਹਾਂ ਦੇ ਵਧੀਆ ਰੈਂਕ ਕਰਕੇ ਉਨ੍ਹਾਂ ਨੂੰ ਦੇਸ਼ ਦੇ ਸਭ ਤੋਂ ਵਧੀਆ ਮੈਡੀਕਲ ਕਾਲਜ ਵਿੱਚ ਸਰਕਾਰੀ ਕੋਟੇ ਵਿੱਚ ਦਾਖ਼ਲਾ ਮਿਲ ਜਾਵੇਗਾ, ਜਿਸ ਦਾ ਸਾਰਾ ਕ੍ਰੈਡਿਟ ਉਹਨਾਂ ਦੇ ਮਾਤਾ ਜੀ ਨੂੰ ਜਾਂਦਾ ਹੈ।

ਉਨ੍ਹਾਂ ਦੇ ਮਾਤਾ ਡਾ ਪੂਨਮ ਗੋਇਲ ਨੇ ਦੱਸਿਆ ਕਿ ਉਹ ਆਪਣੇ ਬੇਟੇ ਦੀ ਪ੍ਰਾਪਤੀ ਤੋਂ ਬਹੁਤ ਖੁਸ਼ ਹਨ ਅਤੇ ਅੱਜ ਉਨ੍ਹਾਂ ਦਾ ਸੁਪਨਾ ਪੂਰਾ ਹੋ ਗਿਆ ਹੈ।ਆਪਣੇ ਪਤੀ ਨੂੰ ਯਾਦ ਕਰਕੇ ਉਹ ਭਾਵੁਕ ਹੋ ਗਏ।ਉਨ੍ਹਾਂ ਕਿਹਾ ਕਿ ਡਾ ਜਤਿਨ ਦੀ ਭੈਣ ਡਾ ਜੈਨੀ ਗੋਇਲ ਵੀ ਸਰਕਾਰੀ ਮੈਡੀਕਲ ਕਾਲਜ ਫ਼ਰੀਦਕੋਟ ਤੋਂ ਐਮਡੀ ਕਰ ਰਹੇ ਹਨ ਅਤੇ ਉਹ ਚਾਹੁੰਦੇ ਹਨ ਕਿ ਇਹ ਦੋਵੇਂ ਆਪਣੀ ਉਚੇਰੀ ਪੜ੍ਹਾਈ ਪੂਰੀ ਕਰਕੇ ਲੋਕਾਂ ਦੀ ਸੇਵਾ ਕਰਨ।

# ਜ਼ੀ ਹੋਲੀ ਹਾਰਟ ਸਕੂਲ ਦੀਆਂ ਵਿਦਿਆਰਥਣਾਂ ਨੇ ਕ੍ਰਿਕਟ 'ਚ ਮਾਰੀ ਬਾਜ਼ੀ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਜੀ ਹੋਲੀ ਹਾਰਟ ਪਬਲਿਕ ਸਕੂਲ ਦੀਆਂ ਖਿਡਾਰਨਾਂ ਨੇ 68 ਵੀਆਂ ਪੰਜਾਬ ਸਕੂਲ ਜ਼ਿਲ੍ਹਾ ਪੱਧਰ ਦੀਆਂ ਖੇਡਾਂ 'ਚ ਕ੍ਰਿਕਟ ਦੇ ਮੁਕਾਬਲਿਆਂ ਵਿੱਚ ਅੰਡਰ-17 ਤੇ ਅੰਡਰ-19 ਦੀਆਂ ਟੀਮਾਂ (ਕੁੜੀਆਂ) ਨੇ ਪਹਿਲਾ ਸਥਾਨ (ਗੋਲਡ ਮੈਡਲ) ਤੇ ਅੰਡਰ-14 ਦੀ ਟੀਮ (ਕੁੜੀਆਂ) ਨੇ ਦੂਜਾ ਸਥਾਨ (ਸਿਲਵਰ ਮੈਡਲ) ਹਾਸਲ ਕਰਕੇ ਸੰਸਥਾ, ਮਾਪਿਆਂ ਦਾ ਨਾਂਅ ਰੌਸ਼ਨ ਕਰਦਿਆਂ ਜ਼ਿਲ੍ਹਾ ਪੱਧਰ 'ਤੇ ਜਿੱਤ ਪ੍ਰਾਪਤ ਕਰਕੇ ਸਟੇਟ ਪੱਧਰ ਲਈ ਚੋਣ ਨਿਸ਼ਚਿਤ ਕੀਤੀ।ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਨੇ ਵਿਦਿਆਰਥਣਾਂ ਤੇ ਉਨ੍ਹਾਂ ਦੇ ਕੋਚ ਸਾਹਿਬਾਨਾਂ ਦੀ ਸ਼ਲਾਘਾ ਕਰਦਿਆਂ ਸਟੇਟ ਪੱਧਰ ਲਈ ਚੁਣੇ ਜਾਣ 'ਤੇ ਸ਼ੁਭਕਾਮਨਾਵਾਂ ਦਿੱਤੀਆਂ।ਪ੍ਰਿੰਸੀਪਲ ਗੁਰਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਸ਼੍ਰੀਮਤੀ ਪੂਜਾ ਸ਼ਰਮਾ ਅਤੇ ਐਗਜ਼ਿਕਿਊਟਿਵ ਡਾਇਰੈਕਟਰ ਰਾਕੇਸ਼ ਬਾਂਸਲ ਨੇ ਇਸ ਸ਼ਾਨਦਾਰ ਜਿੱਤ ਤੇ ਖਿਡਾਰਨਾਂ ਦੇ ਮਾਪਿਆਂ, ਅਧਿਆਪਕਾਂ ਤੇ ਵਿਦਿਆਰਥਣਾਂ ਨੂੰ ਵਧਾਈ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆ।ਉਨ੍ਹਾਂ ਕਿਹਾ ਕਿ ਇਸ ਪ੍ਰਾਪਤੀ 'ਚ ਉਨ੍ਹਾਂ ਦੇ ਕੋਚ ਸਾਹਿਬਾਨ ਰੇਸ਼ਮ ਸਿੰਘ, ਸੁਖਵੀਰ ਸਿੰਘ ਅਤੇ ਮੁੱਕੋ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।

# ਡੀ ਪੀ ਐੱਸ ਸਕੂਲ 'ਚ ਮਨਾਈ ਜਨਮ ਅਸ਼ਟਮੀ



**ਰਾਜਪੁਰਾ (ਰਮੇਸ਼ ਕਟਾਰੀਆ)** ਭਾਰਤੀ ਸੰਸਕ੍ਰਿਤੀ ਤੇ ਸੱਭਿਅਤਾ ਨੂੰ ਪਛਾਣ ਦੇਣ ਲਈ ਡੀ.ਪੀ.ਐਸ ਸਕੂਲ ਹਮੇਸ਼ਾ ਤੋਂ ਹੀ ਅੱਗੇ ਰਿਹਾ ਹੈ। ਇਸੇ ਲੜੀ ਨੂੰ ਅੱਗੇ ਤੋਰਦਿਆਂ ਡੀ.ਪੀ.ਐਸ ਵੱਲੋਂ ਸ਼੍ਰੀ ਕ੍ਰਿਸ਼ਨ ਜੀ ਦਾ ਜਨਮ ਦਿਹਾੜਾ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ।ਜੂਨੀਅਰ ਕਲਾਸ ਦੇ ਵਿਦਿਆਰਥੀਆਂ ਨੇ ਕ੍ਰਿਸ਼ਨ ਤੇ ਰਾਧਾ ਦਾ ਰੂਪ ਧਾਰਨ ਕਰਕੇ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ ਅਤੇ ਜਨਮ ਅਸ਼ਟਮੀ ਦੇ ਮੁੱਖ ਉਦੇਸ਼ ਨੂੰ ਸਮਝਿਆ। ਬੱਚਿਆਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਬਾਲ ਲੀਲਾ ਉੱਤੇ ਅਧਾਰਤ ਇਕ ਨਾਟਕ ਪ੍ਰਸਤੁਤ ਕੀਤਾ।ਇਸ ਵਿੱਚ ਬੰਸਰੀ ਅਤੇ ਮਟਕੀ ਨੂੰ ਸਜਾ ਕੇ ਭਗਵਾਨ ਕ੍ਰਿਸ਼ਨ ਦੇ ਪ੍ਰਤੀ ਆਪਣੀ ਸ਼ਰਧਾ ਅਤੇ ਭਾਵਨਾਵਾਂ ਨੂੰ ਬਿਆਨ ਕੀਤਾ।ਸਕੂਲ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਦੇ ਜੀਵਨ ਨਾਲ ਸੰਬੰਧਿਤ ਝਾਕੀਆਂ ਬਣਾਈਆਂ ਗਈਆਂ, ਜਿਨ੍ਹਾਂ ਨੂੰ ਦੇਖ ਕੇ ਵਿਦਿਆਰਥੀ ਭਾਵਨਾਤਮਕ ਹੋ ਉੱਠੇ।ਅੰਤ ਵਿੱਚ ਸਾਰਿਆਂ ਨੇ ਹਰੇ ਕ੍ਰਿਸ਼ਨਾ ਦੀ ਧੁਨ ਉੱਤੇ ਨਾਚ ਕੀਤਾ।ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਗੀਤਿਕਾ ਚੰਦਰ ਨੇ ਬੱਚਿਆਂ ਨੂੰ ਮਿਲਜੁਲ ਕੇ, ਪਿਆਰ ਨਾਲ ਰਹਿਣ ਦਾ ਸੰਦੇਸ਼ ਦਿੱਤਾ ਤੇ ਸਭ ਨੂੰ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੱਤੀਆਂ।

# ਡੀ ਸੀ ਖੇਡਾਂ ਵਤਨ ਪੰਜਾਬ ਦੀਆਂ ਨਾਲ ਜੁੜਨ ਦਾ ਦਿੱਤਾ ਹੋਕਾ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਖੇਡਾਂ ਵਤਨ ਪੰਜਾਬ ਦੀਆਂ ਦੇ ਤੀਜੇ ਪੜਾਅ ਤਹਿਤ ਨਹਿਰੂ ਸਟੇਡੀਅਮ ਵਿਖੇ ਪਹੁੰਚ ਕੇ ਜਿੱਥੇ ਨੌਜਵਾਨਾਂ ਨੂੰ ਖੇਡਾਂ ਵਿੱਚ ਹਿੱਸਾ ਲੈ ਕੇ ਆਪਣੀ ਸਿਹਤ ਨੂੰ ਚੰਗਾ ਰੱਖਣ ਦਾ ਸੁਨੇਹਾ ਦਿੱਤਾ, ਉੱਥੇ ਨਸ਼ਿਆਂ ਤੋਂ ਦੂਰ ਰਹਿਣ ਦਾ ਵੀ ਹੋਕਾ ਦਿੱਤਾ।ਉਨ੍ਹਾਂ ਕਿਹਾ ਕਿ ਖੇਡਾਂ ਦੇ ਨਾਲ ਸਾਡਾ ਕੇਵਲ ਸਰੀਰ ਹੀ ਨਹੀਂ, ਬਲਕਿ ਮਨ ਵੀ ਤੰਦਰੁਸਤ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਜੋ ਵੀ ਨੌਜਵਾਨ ਤੇ ਬੱਚੇ ਖੇਡਾਂ ਵਿੱਚ ਰੁਚੀ ਲੈਂਦੇ ਹਨ, ਉਨ੍ਹਾਂ ਦੀ ਹਰ ਤਰ੍ਹਾਂ ਦੇ ਕੰਮ ਕਰਨ ਵਿੱਚ ਇਕਾਗਰਤਾ ਵੀ ਵਧਦੀ ਹੈ।ਉਨ੍ਹਾਂ ਖੁਦ ਆਪਣਾ ਨਿੱਜੀ ਤਜਰਬਾ ਸਾਂਝਾ ਕਰਦਿਆਂ ਕਿਹਾ ਕਿ ਬਤੌਰ ਡਿਪਟੀ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਉਣ ਤੋਂ ਕੁਝ ਸਾਲ ਪਹਿਲਾਂ ਉਨ੍ਹਾਂ ਨੂੰ ਖੇਡਾਂ ਦੀ ਚੇਟਕ ਲੱਗ ਗਈ ਸੀ ਤੇ ਅੱਜ ਵੀ ਆਪਣੇ ਜ਼ਰੂਰੀ ਰੁਝੇਵਿਆਂ ਵਿੱਚੋਂ ਉਹ ਮੱਲੋ ਮੱਲੀ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਘੱਟੋ ਘੱਟ ਇੱਕ ਘੰਟਾ ਜ਼ਰੂਰ ਕੱਢ ਲੈਂਦੇ ਹਨ।ਉਨ੍ਹਾਂ ਨੌਜਵਾਨਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਉਹ ਜਦੋਂ ਵੀ ਖੇਡਾਂ ਖੇਡਣ ਚਾਹੇ ਉਹ ਕ੍ਰਿਕਟ, ਟੈਨਿਸ, ਹਾਕੀ, ਬੈਡਮਿੰਟਨ ਜਾਂ ਵਾਲੀਬਾਲ ਹੋਵੇ, ਉਹ ਇਨ੍ਹਾਂ ਖੇਡਾਂ ਦੇ ਨਿਯਮ ਦਾ ਡੂੰਘਾਈ ਨਾਲ ਅਧਿਐਨ ਕਰਨ।ਉਦਾਹਰਣ ਦੇ ਤੌਰ 'ਤੇ ਜੇਕਰ ਕਿਸੇ ਨੇ ਸਵੀਮਿੰਗ ਕਰਨੀ ਹੈ ਤਾਂ ਉਹ ਇਸ ਵਿੱਚ ਇਸਤੇਮਾਲ ਹੋਣ ਵਾਲੀਆਂ ਤਕਨੀਕਾਂ ਬਾਰੇ ਜ਼ਰੂਰ ਪੜ੍ਹਨ।ਅੱਜ-ਕੱਲ੍ਹ ਦੇ ਹਾਈ ਸਪੀਡ ਇੰਟਰਨੈੱਟ ਦੇ ਜ਼ਮਾਨੇ ਵਿੱਚ ਯੂ-ਟਿਊਬ ਉੱਪਰ ਅਜਿਹੀਆਂ ਬਹੁਤ ਸਾਰੀਆਂ ਵੀਡਿਓ ਹਨ, ਜੋ ਸਵੀਮਿੰਗ ਹੋਵੇ ਜਾਂ ਕ੍ਰਿਕਟ, ਵਾਲੀਬਾਲ ਆਦਿ ਬਾਰੇ ਬਹੁਤ ਹੀ ਵਡਮੁੱਲੀ ਜਾਣਕਾਰੀ ਸਾਂਝੀ ਕਰਦੀਆਂ ਹਨ।

ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਅਮਨਦੀਪ ਸਿੰਘ ਬਾਬਾ, ਜ਼ਿਲ੍ਹਾ ਖੇਡ ਅਫ਼ਸਰ ਬਲਜਿੰਦਰ ਸਿੰਘ, ਸਿਫ਼ਤ ਕੌਰ ਸਮਰਾ ਸਮੇਤ ਵੱਡੀ ਗਿਣਤੀ ਵਿੱਚ ਖਿਡਾਰੀ ਹਾਜ਼ਰ ਸਨ।

# ਬਾਲ ਭਿੱਖਿਆ ਦੇ ਖ਼ਾਤਮੇ ਤਹਿਤ ਕੀਤੀ ਚੈਕਿੰਗ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਡਾਇਰੈਕਟਰ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੇ ਪ੍ਰੋਟੈਕਸ਼ਨ ਅਫ਼ਸਰ.ਐਨ.ਆਈ.ਸੀ ਸ਼੍ਰੀ ਸੁਮਨਦੀਪ ਸਿੰਘ, ਕੌਂਸਲਰ ਮਾਲਤੀ ਜੈਨ, ਆਊਟਰੀਚ ਵਰਕਰ ਨੇਹਾ ਰਾਣੀ ਅਤੇ ਪੁਲਸ ਵਿਭਾਗ ਤੋਂ ਜਸਵੰਤ ਸਿੰਘ, ਮਨਪ੍ਰੀਤ ਕੌਰ ਅਤੇ ਟ੍ਰੈਫਿਕ ਪੁਲਸ ਵੱਲੋਂ ਜੈਤੋ ਵਿਖੇ ਵੱਖ-ਵੱਖ ਥਾਂਵਾਂ ਤੇ ਬਾਲ ਭਿੱਖਿਆ ਦੇ ਖ਼ਾਤਮੇ ਸੰਬੰਧੀ ਚੈਕਿੰਗ ਕੀਤੀ ਗਈ। ਚੈਕਿੰਗ ਦੇ ਦੌਰਾਨ 02 ਬੱਚਿਆਂ ਨੂੰ ਰੈਸਕਿਊ ਕੀਤਾ ਗਿਆ ਤੇ ਪ੍ਰੋਟੈਕਸ਼ਨ ਅਫਸਰ.ਐਨ.ਆਈ.ਸੀ ਵੱਲੋਂ ਆਮ ਲੋਕਾਂ ਨੂੰ ਜਾਣੂ ਕਰਾਇਆ ਕਿ ਭੀਖ ਮੰਗਣਾ ਅਤੇ ਬੱਚਿਆਂ ਤੋਂ ਭਿੱਖਿਆ ਕਰਾਉਣ ਕਾਨੂੰਨੀ ਜੁਰਮ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਪੜ੍ਹਨ ਲਈ ਸਕੂਲ ਭੇਜਣਾ ਚਾਹੀਦਾ ਹੈ ਤਾਂ ਜੁ ਪੜ੍ਹ-ਲਿਖ ਕੇ ਆਪਣੇ ਪੈਰਾਂ 'ਤੇ ਖੜੇ ਹੋ ਸਕਣ ਅਤੇ ਭਵਿੱਖ ਨੂੰ ਸੰਵਾਰਿਆ ਜਾ ਸਕੇ। ਜੇਕਰ ਕਿਸੇ ਨੂੰ ਕਿਤੇ ਵੀ ਅਜਿਹਾ ਬੱਚਾ ਦਿਖਾਈ ਦਿੰਦਾ ਹੈ ਤਾਂ ਤੁਰੰਤ ਟੋਲ ਫਰੀ ਨੰਬਰ 1098 'ਤੇ ਫੋਨ ਕਰਕੇ ਉਸ ਦੀ ਸੂਚਨਾ ਦੇ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜਾਣਕਾਰੀ ਦੇਣ ਵਾਲੇ ਦਾ ਨਾਂਅ ਤੇ ਨੰਬਰ ਗੁਪਤ ਰੱਖਿਆ ਜਾਵੇਗਾ।


## ਸਨਮੁੱਖ ਸ੍ਰੀ ਓਮ ਪ੍ਰਕਾਸ਼ ਸ਼ਰਮਾ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ ਵਜੋਂ ਜਾਣੇ ਜਾਂਦੇ) ਕਾਰਪੋਰੇਟ ਕੰਪਨੀਜ਼ ਐਕਟ ਤਹਿਤ ਇੱਕ ਅਦਾਰਾ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ, ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫਤਰ ਜਲਭੇਈ ਧੂਮੀ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਅਰੁਨਪ੍ਰੀਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਜੀਵਨਪੁਰਾ, ਜ਼ਿਲ੍ਹਾ ਫਤਹਿਗੜ੍ਹ ਸਾਹਿਬ-140401
2. ਪਰਮਜੀਤ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਅਮੀਰਪੁਰ, ਡਾਕ. ਭੇਡਵਾਲ, ਜ਼ਿਲ੍ਹਾ ਪਟਿਆਲਾ-140401

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਭੇਜੇ ਗਏ ਨੋਟਿਸ, ਫਿਰ ਵਾਪਸ ਪ੍ਰਾਪਤ ਨਹੀਂ ਹੋਏ ਸਨ, ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੇ ਬਕਾਇਦਾ ਨੋਟਿਸ ਪ੍ਰਾਪਤ ਕਰ ਲਏ ਹਨ, ਪਰ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 11 ਅਕਤੂਬਰ 2024 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 311-312, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 22.05.2024 ਓਮ ਪ੍ਰਕਾਸ਼ ਸ਼ਰਮਾ

ਜਲੰਧਰ ਸਾਲਸ


# ਬੀਬਾ ਬਾਦਲ ਨੇ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਤੇ ਪੌਦੇ ਵੰਡੇ



**ਲੰਬੀ/ਮਲੋਟ, (ਗੁਰਮੀਤ ਸਿੰਘ ਮੱਕੜ)** ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਵੱਲੋਂ ਸ਼ੁਰੂ ਕੀਤੀ ਨੰਨ੍ਹੀ ਛਾਂ ਫਾਊਂਡੇਸ਼ਨ ਵੱਲੋਂ ਪਿੰਡਾਂ ਵਿਚ ਸਿਲਾਈ ਸੈਂਟਰ ਸ਼ੁਰੂ ਕੀਤੇ ਸਨ ਅਤੇ ਜਿਨ੍ਹਾਂ ਲੜਕੀਆਂ ਨੇ ਇਹ ਸਿਲਾਈ ਸੈਂਟਰਾਂ ਵਿੱਚੋਂ ਸਿਖਲਾਈ ਪ੍ਰਾਪਤ ਕਰ ਲਈ ਸੀ, ਉਨ੍ਹਾਂ ਨੂੰ ਬਾਦਲ ਵਿਖੇ ਖੁੱਲ੍ਹੇ ਸਿਲਾਈ ਸੈਂਟਰ ਵਿਖੇ ਮਸ਼ੀਨਾਂ ਦਿੱਤੀਆਂ ਗਈਆਂ। ਇਸ ਮੌਕੇ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ ਸਿਲਾਈ ਮਸ਼ੀਨ ਦੇ ਨਾਲ-ਨਾਲ ਇਨ੍ਹਾਂ ਲੜਕੀਆਂ ਨੂੰ ਪੌਦੇ ਵੀ ਵੰਡੇ ਅਤੇ ਕਿਹਾ ਕਿ ਜਿੱਥੇ ਸਿਲਾਈ ਮਸ਼ੀਨਾਂ ਤੁਹਾਨੂੰ ਆਤਮ ਨਿਰਭਰ ਕਰਨਗੀਆਂ, ਉੱਥੇ ਹੱਥੀਂ ਲਾਏ ਪੌਦਿਆਂ ਨੂੰ ਪਾਲਿਓ, ਇਹ ਤੁਹਾਨੂੰ ਛਾਂ ਵੀ ਦੇਣਗੇ।

ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸੈਂਟਰਾਂ ਵਿੱਚ ਸਿਖਲਾਈ ਲੈ ਕੇ ਕੁੜੀਆਂ ਆਤਮ ਨਿਰਭਰ ਹੋ ਰਹੀਆਂ ਹਨ, ਜੋ ਉਨ੍ਹਾਂ ਲਈ ਸੰਤੁਸ਼ਟੀ ਤੇ ਖੁਸ਼ੀ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ 'ਬੇਟੀ ਬਚਾਓ ਬੇਟੀ ਪੜ੍ਹਾਓ' ਦੇ ਨਾਲ-ਨਾਲ ਹੁਣ ਮੁੰਡੇ ਅਤੇ ਕੁੜੀ ਦੇ ਵਿੱਚ ਕੋਈ ਫਰਕ ਨਾ ਰੱਖੋ ਤੇ ਮੁੰਡੇ ਦੇ ਵਿਆਹ ਵਿਚ ਦਾਜ ਦਹੇਜ ਨਾ ਲੈਣ ਦੀ ਮੁਹਿੰਮ ਵੀ ਆਪਾਂ ਘਰ ਘਰ ਚਲਾਉਣੀ ਹੈ, ਜਿਸ ਨਾਲ ਕੁੜੀਆਂ ਦੀ ਇੱਜ਼ਤ ਹੋਰ ਵਧੇਗੀ ਅਤੇ ਕੁੜੀਆਂ ਆਪਣੇ ਪੈਰਾਂ 'ਤੇ ਖੁਦ ਕਮਾਈ ਕਰਕੇ ਮਾਣ ਪ੍ਰਾਪਤ ਕਰ ਰਹੀਆਂ ਹਨ।

ਸਿਖਲਾਈ ਲੈ ਚੁੱਕੀਆਂ ਲੜਕੀਆਂ ਨੇ ਕਿਹਾ ਕਿ ਉਹ ਇਸ ਸੈਂਟਰ 'ਚੋਂ ਕੱਪੜਿਆਂ ਦੀ ਕਟਾਈ ਸਿਲਾਈ ਦਾ ਕੰਮ ਸਿੱਖ ਕੇ ਅਤੇ ਹੁਣ ਖੁਦ ਕਮਾਈ ਕਰਕੇ ਪੜ੍ਹਾਈ ਦਾ ਖਰਚਾ ਖੁਦ ਕਰ ਰਹੀਆਂ ਹਨ। ਉਨ੍ਹਾਂ ਨੇ ਬੀਬਾ ਹਰਸਿਮਰਤ ਕੌਰ ਬਾਦਲ ਦਾ ਧੰਨਵਾਦ ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਉਹ ਹੁਣ ਹੋਰ ਵੀ ਜ਼ਿਆਦਾ ਪੈਸੇ ਕਮਾ ਸਕਣਗੀਆਂ ਤੇ ਆਪਣੀ ਪੜ੍ਹਾਈ ਅਤੇ ਹੋਰ ਨਿੱਜੀ ਖਰਚੇ ਉਹ ਖੁਦ ਕਰ ਸਕਣ ਦੇ ਯੋਗ ਹੋ ਗਈਆਂ ਹਨ।

ਸੈਂਟਰ ਚਲਾ ਰਹੀ ਇੰਚਾਰਜ ਨੇ ਵੀ ਹਰਸਿਮਰਤ ਕੌਰ ਬਾਦਲ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਦੇ ਉਪਰਾਲੇ ਸਦਕੇ ਬੜੇ ਸਾਲਾਂ ਤੋਂ ਇਹ ਸਿਲਾਈ ਸੈਂਟਰ ਚੱਲ ਰਹੇ ਹਨ ਤੇ ਸਿਖਲਾਈ ਪ੍ਰਾਪਤ ਕਰ ਚੁੱਕੀਆਂ ਲੜਕੀਆਂ ਨੂੰ ਹਰਸਿਮਰਤ ਕੌਰ ਬਾਦਲ ਵੱਲੋਂ ਸਿਲਾਈ ਮਸ਼ੀਨਾਂ ਵੀ ਦਿੱਤੀਆਂ ਜਾਂਦੀਆਂ ਹਨ ਤਾਂ ਜੁ ਉਹ ਕਿਸੇ 'ਤੇ ਨਿਰਭਰ ਨਾ ਹੋਣ, ਸਗੋਂ ਆਪਣੇ ਪੈਰਾਂ 'ਤੇ ਆਪ ਖਲੋ ਸਕਣ ਅਤੇ ਆਪਣੀ ਜ਼ਿੰਦਗੀ ਸਵੈਮਾਣ ਨਾਲ ਜੀਅ ਸਕਣ।

# ਆਜ਼ਾਦੀ ਘੁਲਾਟੀਆਂ ਨੂੰ ਸਮਰਪਤ ਪੋਸਟਰ ਮੇਕਿੰਗ ਪ੍ਰਤੀਯੋਗਤਾ ਦਾ ਆਯੋਜਨ



**ਤਲਵੰਡੀ ਸਾਬੋ (ਜਗਦੀਪ ਗਿੱਲ)** ਪੰਜਾਬੀ ਯੂਨੀਵਰਸਿਟੀ ਕੈਂਪਸ ਦੇ ਬਿਜ਼ਨੈੱਸ ਸਟੱਡੀਜ਼ ਵਿਭਾਗ ਵੱਲੋਂ ਆਜ਼ਾਦੀ ਘੁਲਾਟੀਆਂ ਨੂੰ ਯਾਦ ਕਰਨ ਲਈ ਪੋਸਟਰ ਮੇਕਿੰਗ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ।ਮੁਕਾਬਲੇ ਦਾ ਵਿਸ਼ਾ 'ਆਜ਼ਾਦੀ ਸੰਗਰਾਮ, ਆਜ਼ਾਦੀ ਦੀ ਲਹਿਰ, ਭਾਰਤੀ ਸੱਭਿਆਚਾਰ ਅਤੇ ਸੱਭਿਅਤਾ' ਸੀ।ਵਿਦਿਆਰਥੀਆਂ ਨੇ ਉਤਸ਼ਾਹ ਨਾਲ ਮੁਕਾਬਲੇ ਵਿੱਚ ਭਾਗ ਲਿਆ ਤੇ ਆਪਣੀ ਰਚਨਾਤਮਿਕਤਾ ਨੂੰ ਪੋਸਟਰ 'ਤੇ ਉਤਾਰਿਆ।ਇਹ ਮੁਕਾਬਲੇ ਈ-ਬੱਜ ਅਤੇ ਪ੍ਰਗਤੀ ਕਲੱਬਾਂ ਵੱਲੋਂ ਕ੍ਰਮਵਾਰ ਡਾ. ਸ਼ਸ਼ੀ ਅਗਰਵਾਲ ਤੇ ਡਾ. ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਕਰਾਏ ਗਏ।ਵਿਭਾਗ ਦੇ ਮੁਖੀ ਪ੍ਰੋ. ਆਨੰਦ ਬਾਂਸਲ ਨੇ ਸੁਤੰਤਰਤਾ ਸੰਗਰਾਮ ਬਾਰੇ ਗੱਲ ਕਰਦਿਆਂ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਬਣ ਕੇ ਦੇਸ਼ ਲਈ ਕੰਮ ਕਰਨ ਲਈ ਪ੍ਰੇਰਤ ਕੀਤਾ।ਮੁਕਾਬਲੇ ਵਿੱਚ ਲਗਪਗ ਪੰਜਾਹ ਵਿਦਿਆਰਥੀਆਂ ਨੇ ਭਾਗ ਲਿਆ।ਮੁਕਾਬਲੇ ਦੌਰਾਨ ਡਾ. ਨਰਿੰਦਰ ਕੌਰ, ਡਾ. ਦਿਆਲ ਭਟਨਾਗਰ ਤੇ ਡਾ. ਵਿਕਾਸ ਦੀਪ ਨੇ ਜੱਜਾਂ ਦੀ ਭੂਮਿਕਾ ਨਿਭਾਈ ਅਤੇ ਵਧੀਆ ਚਿੱਤਰਕਾਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਡਾ. ਸ਼ਸ਼ੀ ਤੇ ਡਾ. ਗੁਰਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਤੇ ਉਨ੍ਹਾਂ ਦੇ ਉਤਸ਼ਾਹ ਦੀ ਸ਼ਲਾਘਾ ਕੀਤੀ।ਉਨ੍ਹਾਂ ਇਸ ਸਮਾਗਮ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਵਿਭਾਗ ਦੇ ਮੁਖੀ ਪ੍ਰੋ. ਆਨੰਦ ਬਾਂਸਲ ਤੇ ਹੋਰ ਸਟਾਫ਼ ਮੈਂਬਰਾਂ ਦਾ ਧੰਨਵਾਦ ਵੀ ਕੀਤਾ।ਬੀ.ਕਾਮ ਪਹਿਲੇ ਸਾਲ ਦੀ ਜਮੀਲਾ ਬੀਬੀ ਤੇ ਰੁਪਿੰਦਰ ਕੌਰ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਇਨਾਮ ਪ੍ਰਾਪਤ ਕੀਤਾ। ਤੀਜਾ ਇਨਾਮ ਮਨੀਸ਼ ਕੁਮਾਰ ਤੇ ਕਰਮਵੀਰ ਸਿੰਘ ਨੇ ਜਿੱਤਿਆ।ਹਰਮਨ, ਜਸ਼ਨਦੀਪ ਕੌਰ, ਅਮਨਦੀਪ ਕੌਰ ਤੇ ਹਰਮਨਦੀਪ ਕੌਰ ਨੂੰ ਸ਼ਾਨਦਾਰ ਪੋਸਟਰ ਬਣਾਉਣ ਲਈ ਪ੍ਰੇਰਤ ਕਰਨ ਲਈ ਸਨਮਾਨਤ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤ ਵੀ ਗਾਏ ਤੇ ਵਿਦਿਆਰਥੀਆਂ ਨੂੰ ਮਠਿਆਈਆਂ ਵੀ ਵੰਡੀਆਂ ਗਈਆਂ।


## ਸਨਮੁੱਖ ਸ੍ਰੀ ਓਮ ਪ੍ਰਕਾਸ਼ ਸ਼ਰਮਾ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ ਵਜੋਂ ਜਾਣੇ ਜਾਂਦੇ) ਕਾਰਪੋਰੇਟ ਕੰਪਨੀਜ਼ ਐਕਟ ਤਹਿਤ ਇੱਕ ਅਦਾਰਾ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ, ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫਤਰ ਕੋਟਕਪੂਰਾ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਸ੍ਰੀ ਮਨੀਸ਼ ਸ਼ਰਮਾ ਪੁੱਤਰ ਸ੍ਰੀ ਸਤਪਾਲ ਰਾਹੀਂ।

ਬਿਨੈਕਾਰ

ਬਨਾਮ

1. ਦੀਪਕ ਗੋਇਲ ਪੁੱਤਰ ਸ੍ਰੀ ਹੀਰਾ ਲਾਲ ਉਰਫ ਹੀਰਾ ਲਾਲ ਗੋਇਲ ਵਾਸੀ ਮਕਾਨ ਨੰ. 702, ਗਲੀ ਨੰ. 7-ਈ, ਪ੍ਰਤਾਪ ਨਗਰ, ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ-151204, ਮੋਬਾਇਲ ਨੰ. 9056511046
2. ਹੀਰਾ ਲਾਲ ਉਰਫ ਹੀਰਾ ਲਾਲ ਗੋਇਲ ਪੁੱਤਰ ਗੰਗਾ ਰਾਮ ਵਾਸੀ ਮਕਾਨ ਨੰ. 702, ਗਲੀ ਨੰ. 7-ਈ, ਪ੍ਰਤਾਪ ਨਗਰ, ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ-151204, ਮੋਬਾਇਲ ਨੰ. 9781971983
3. ਰਾਜਵੰਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਨੇੜੇ ਮਾਤਾ ਦਾ ਮੰਦਰ, ਸਰਾਵਾਂ, ਫਰੀਦਕੋਟ, ਪੰਜਾਬ-151204, ਮੋਬਾਇਲ ਨੰ. 9914070686

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਭੇਜੇ ਗਏ ਨੋਟਿਸ, ਫਿਰ ਵਾਪਸ ਪ੍ਰਾਪਤ ਨਹੀਂ ਹੋਏ ਸਨ, ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੇ ਬਕਾਇਦਾ ਨੋਟਿਸ ਪ੍ਰਾਪਤ ਕਰ ਲਏ ਹਨ, ਪਰ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 19.10.2024 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 311-312, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 06.07.2024 ਓਮ ਪ੍ਰਕਾਸ਼ ਸ਼ਰਮਾ

ਜਲੰਧਰ ਸਾਲਸ


# ਦੁਰਗਾ ਮੰਦਰ 'ਚ ਸ਼ਰਧਾ ਨਾਲ ਮਨਾਈ ਜਨਮ ਅਸ਼ਟਮੀ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸ੍ਰੀ ਦੁਰਗਾ ਸ਼ਕਤੀ ਮੰਦਰ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਐਡਵੋਕੇਟ ਕਪਿਲ ਆਨੰਦ ਨੇ ਜੋਤਿ ਪ੍ਰਚੰਡ ਕਰਨ ਦੀ ਰਸਮ ਅਦਾ ਕੀਤੀ। ਮੰਦਰ ਦੀ ਭਜਨ ਮੰਡਲੀ ਵਲੋਂ ਭਗਵਾਨ ਕ੍ਰਿਸ਼ਨ ਜੀ ਦੀ ਮਹਿਮਾ ਦਾ ਗੁਣਗਾਣ ਕੀਤਾ ਗਿਆ। ਸ਼ਰਧਾਲੂਆਂ ਵੱਲੋਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੂੰ 56 ਤਰ੍ਹਾਂ ਦੇ ਭੋਗ ਲਾਏ। ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਕਪਿਲ ਆਨੰਦ ਨੂੰ ਸਨਮਾਨਤ ਵੀ ਕੀਤਾ ਗਿਆ। ਰਾਤ ਕਰੀਬ 12 ਵਜੇ ਭਾਰੀ ਆਤਿਸ਼ਬਾਜ਼ੀ ਨਾਲ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਵੇਲੇ ਜੈਕਾਰਿਆਂ ਨਾਲ ਕਰੀਬ ਇੱਕ ਮੀਟਰ ਉੱਚਾ ਕੇਕ ਕੱਟਿਆ ਗਿਆ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੰਦਰ ਵਿਚ ਮਟਕੀ ਫੋੜ ਮੇਲਾ ਕਰਾਇਆ ਗਿਆ, ਜਿਸ ਵਿਚ ਸ਼ਿਵ ਓਮ ਕਲੱਬ ਦੇ ਨੌਜਵਾਨਾਂ ਦੀ ਟੀਮ ਨੇ ਮਟਕੀ ਫੋੜੀ। ਇਸ ਮੌਕੇ ਪ੍ਰਧਾਨ ਨੰਦ ਕਿਸ਼ੋਰ, ਸ਼ਿਵਚਰਨ ਸ਼ਰਮਾ, ਵਿੱਕੀ ਕਪੂਰ, ਉਮੇਸ਼ ਸੂਈ, ਅਸ਼ੋਕ ਲੀਹਲ, ਖੁਸ਼ਕਰਨ, ਰਾਜਿੰਦਰ ਵਰਮਾ, ਸੰਨੀ ਓਹਰੀ, ਸੁਭਾਸ਼ ਬਿਟਨ, ਅਸ਼ਵਨੀ ਕੁਮਾਰ, ਅੰਕਿਤ ਸੇਠੀ, ਸੋਨੂੰ ਸੇਠੀ, ਅਸ਼ਵਨੀ ਭਾਰਦਵਾਜ, ਪ੍ਰੇਮ ਚੰਦ ਅਗਰਵਾਲ, ਮਹਿੰਦਰਪਾਲ ਜੈਨ, ਦੀਪਕ ਸ਼ਰਮਾ, ਸੋਨੂੰ ਸ਼ਰਮਾ, ਉਮੇਸ਼ ਕੁਮਾਰ, ਮੰਗਤ ਰਾਏ ਬੱਤਰਾ, ਜੋਗਿੰਦਰ ਪਾਲ ਆਦਿ ਵੀ ਮੌਜੂਦ ਸਨ।

# ਰਜਿੰਦਰਾ ਝੀਲ 'ਤੇ ਕੀਤੇ ਖਰਚ ਦੀ ਵਿਜੀਲੈਂਸ ਜਾਂਚ ਦੀ ਮੰਗ

**ਨਾਭਾ (ਵਰਿੰਦਰ ਵਰਮਾ)** ਭਾਰਤੀ ਜਨਤਾ ਪਾਰਟੀ, ਪੰਜਾਬ ਦੇ ਸੂਬਾ ਕਾਰਜਕਾਰਨੀ ਮੈਂਬਰ ਅਤੇ ਇੰਪਰੂਵਮੈਂਟ ਟਰੱਸਟ ਨਾਭਾ ਦੇ ਸਾਬਕਾ ਚੇਅਰਮੈਨ ਗੁਰਤੇਜ ਸਿੰਘ ਢਿੱਲੋਂ ਨੇ ਪਿਛਲੀਆਂ ਸਰਕਾਰਾਂ ਅਤੇ ਅਫ਼ਸਰਾਂ ਵੱਲੋਂ ਰਜਿੰਦਰਾ ਝੀਲ 'ਤੇ ਖਰਚ ਕੀਤੇ ਕਰੋੜਾਂ ਰੁਪਏ ਦੀ ਜਾਂਚ ਲਈ ਡੀ.ਜੀ.ਪੀ ਵਿਜੀਲੈਂਸ ਨੂੰ ਪੱਤਰ ਲਿਖਿਆ ਹੈ। ਢਿੱਲੋਂ ਨੇ ਦੱਸਿਆ ਕਿ ਪਟਿਆਲਾ ਸ਼ਹਿਰ ਦਾ ਦਿਲ ਕਹੀ ਜਾਣ ਵਾਲੀ ਰਜਿੰਦਰਾ ਝੀਲ ਆਪਣੇ ਹਾਲਾਤ ਦੀ ਕਹਾਣੀ ਖੁਦ ਬਿਆਨ ਕਰ ਰਹੀ ਹੈ।ਕਰੋੜਾਂ ਰੁਪਏ ਖਰਚ ਕਰਨ ਦੇ ਬਾਵਜੂਦ ਝੀਲ ਦੇ ਹਾਲਾਤਾਂ ਵਿੱਚ ਕੋਈ ਬਦਲਾਅ ਨਹੀਂ ਹੋਇਆ।ਪੰਜਾਬ ਸਰਕਾਰ ਤੇ ਪਟਿਆਲਾ ਪ੍ਰਸ਼ਾਸਨ ਦੀ ਲਾਪ੍ਰਵਾਹੀ ਕਰਕੇ ਇਹ ਗੰਦਗੀ ਦਾ ਟੋਬਾ ਬਣ ਚੁੱਕੀ ਹੈ। ਫੁਹਾਰੇ ਅਤੇ ਲਾਈਟਾਂ ਬੰਦ ਪਈਆਂ ਹਨ, ਜਿਸ ਨਾਲ ਲੋਕਾਂ ਨੂੰ ਬਿਮਾਰੀ ਫੈਲਣ ਦਾ ਡਰ ਬਣਿਆ ਹੋਇਆ ਹੈ।ਗੁਰਤੇਜ ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਡੀ.ਜੀ.ਪੀ. ਵਿਜੀਲੈਂਸ ਨੂੰ ਪੱਤਰ ਲਿਖ ਕੇ ਉਪਰੋਕਤ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਾਉਣ ਦੀ ਅਪੀਲ ਕੀਤੀ ਗਈ ਹੈ।ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਝੀਲ ਦੇ ਸੁੰਦਰੀਕਰਨ 'ਤੇ ਕਰੋੜਾਂ ਰੁਪਏ ਖਰਚ ਕੀਤੇ ਗਏ ਸਨ, ਪਰ ਝੀਲ ਦੇ ਹਾਲਾਤ ਵੇਖ ਕੇ ਤਾਂ ਲੱਗਦਾ ਹੈ ਕਿ ਸਾਰਾ ਪੈਸਾ ਸਿਰਫ਼ ਕਾਰਜਾਂ ਵਿੱਚ ਹੀ ਖਰਚ ਕੀਤਾ ਗਿਆ ਹੈ।ਅਸਲ ਸੱਚਾਈ ਤਾਂ ਕੋਹਾਂ ਦੂਰ ਹੈ।ਉਨ੍ਹਾਂ ਦੱਸਿਆ ਕਿ ਡੀ.ਜੀ.ਪੀ. ਵਿਜੀਲੈਂਸ ਨੂੰ ਲਿਖੇ ਪੱਤਰ ਵਿੱਚ ਉਸ ਸਮੇਂ ਦੇ ਅਫ਼ਸਰਾਂ ਵੱਲੋਂ ਕੀਤੇ ਕਾਰਜਾਂ ਦੀ ਪੜਤਾਲ ਕੀਤੀ ਜਾਵੇ ਅਤੇ ਬੈਂਕ ਖਾਤਿਆਂ ਦਾ ਵੇਰਵਾ ਵੀ ਵਿਸਥਾਰ ਨਾਲ ਚੈੱਕ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੂੰ ਸੱਤਾ ਵਿੱਚ ਆਏ 2 ਸਾਲ ਤੋਂ ਵੱਧ ਹੋ ਚੁੱਕੇ ਹਨ, ਪਰ ਇਸ ਸਰਕਾਰ ਵੱਲੋਂ ਵੀ ਝੀਲ ਦੀ ਕੋਈ ਸੁੱਧ ਨਹੀਂ ਲਈ ਗਈ।ਉਨ੍ਹਾਂ ਕਿਹਾ ਕਿ ਸ੍ਰੀ ਕਾਲੀ ਮਾਤਾ ਮੰਦਰ, ਜ਼ਿਲ੍ਹਾ ਡਿਸਟ੍ਰਿਕਟ ਕੋਰਟ ਅਤੇ ਮਾਲ ਨਾਲ ਹੋਣ ਕਰਕੇ ਇੱਥੇ ਲੱਖਾਂ ਲੋਕ ਆਉਂਦੇ ਹਨ, ਪਰ ਝੀਲ ਦੇ ਹਾਲਾਤਾਂ ਨੂੰ ਦੇਖ ਕੇ ਮਨ ਦੁਖੀ ਹੋ ਜਾਂਦਾ ਹੈ।

# ਗੁਰੂਕੁਲ ਕਾਨਵੈਂਟ ਹਾਈ ਸਕੂਲ ਨੇ ਜ਼ੋਨ ਤੇ ਜ਼ਿਲ੍ਹਾ ਪੱਧਰੀ ਖੇਡਾਂ 'ਚ ਮਾਰੀਆਂ ਮੱਲਾਂ



**ਬਰੇਟਾ (ਗੀਤਵਾਲ)** ਜ਼ੋਨ ਤੇ ਜ਼ਿਲ੍ਹਾ ਪੱਧਰ ਉੱਤੇ ਵੱਖ-ਵੱਖ ਸਕੂਲ ਮੈਦਾਨਾਂ ਵਿੱਚ ਖੇਡਾਂ ਹੋਈਆਂ।ਦਿਲਚਸਪ ਤੇ ਫਸਵੇਂ ਮੁਕਾਬਲਿਆਂ ਵਿੱਚ ਗੁਰੂਕੁਲ ਕਾਨਵੈਂਟ ਹਾਈ ਸਕੂਲ ਕਾਹਨਗੜ੍ਹ ਦੇ ਬੱਚਿਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਤੇ ਜੇਤੂ ਵੀ ਰਹੇ।ਚੇਅਰਮੈਨ ਭੁਪਿੰਦਰ ਸਿੰਘ ਤੇ ਪ੍ਰਿੰਸੀਪਲ ਆਸ਼ਾ ਰਾਣੀ ਨੇ ਦੱਸਿਆ ਕਿ ਸਕੂਲ ਨੇ ਓਵਰਆਲ ਚੈਂਪੀਅਨ ਬਣ ਕੇ ਵੱਡੀ ਮੱਲ ਮਾਰੀ ਹੈ।ਉਨ੍ਹਾਂ ਦੱਸਿਆ ਕਿ ਸਕੂਲ ਦੇ ਬੱਚਿਆਂ ਨੇ 58 ਮੈਡਲ ਜਿੱਤ ਕੇ ਗੁਰੂਕੁਲ ਕਾਨਵੈਂਟ ਹਾਈ ਸਕੂਲ ਕਾਹਨਗੜ੍ਹ ਦਾ ਨਾਂਅ ਰੌਸ਼ਨ ਕੀਤਾ ਹੈ।ਇਹ ਬੱਚੇ ਵਧਾਈ ਦੇ ਪਾਤਰ ਹਨ।ਉਨ੍ਹਾਂ ਦੱਸਿਆ ਕਿ ਰੱਸਾਕਸ਼ੀ 14 ਲੜਕੀਆਂ ਨੇ ਪਹਿਲਾਂ ਸਥਾਨ, ਤਾਈਕਵਾਂਡੋ 14 ਲੜਕਿਆਂ ਨੇ ਪਹਿਲਾ ਸਥਾਨ, ਕਿੱਕ ਬਾਕਸਿੰਗ ਅੰਡਰ-14 8- ਲੜਕਿਆਂ ਨੇ ਪਹਿਲਾ, 3 ਲੜਕਿਆਂ ਨੇ ਦੂਜਾ ਤੇ 2 ਲੜਕਿਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਕਰਾਟੇ ਜ਼ੋਨ ਅੰਡਰ-14 ਵਿਚੋਂ ਰਵਿੰਦਰ ਨੇ ਤੀਜਾ ਸਥਾਨ, ਵੁਸ਼ੂ ਵਿੱਚੋਂ ਜ਼ੋਨ ਪੱਧਰ ਬੁਆਇਜ਼ ਅੰਡਰ-17 ਵਿੱਚ 3 ਬੱਚਿਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਨਾਲ ਹੀ ਵੁਸ਼ੂ ਅੰਡਰ-17 ਕੁੜੀਆਂ ਵਿੱਚੋਂ 4 ਲੜਕੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ।ਬਾਕਸਿੰਗ 17 ਵਿੱਚੋਂ ਵੀਰਜੋਤ ਨਾਮਕ ਵਿਦਿਆਰਥੀ ਨੇ ਤੀਜਾ ਸਥਾਨ ਹਾਸਲ ਕੀਤਾ।ਬੈਡਮਿੰਟਨ ਅੰਡਰ-14 ਬੁਆਇਜ਼ ਵਿਚੋਂ 5 ਲੜਕਿਆਂ ਨੇ ਪਹਿਲਾਂ ਸਥਾਨ, ਕਬੱਡੀ ਅੰਡਰ-19 ਸਾਹਿਲਪ੍ਰੀਤ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।

ਸਕੂਲ ਨੇ 46 ਤਗ਼ਮੇ ਜ਼ੋਨ ਪੱਧਰ 'ਤੇ ਹਾਸਲ ਕੀਤੇ।ਗੁਰੂਕੁਲ ਕਾਨਵੈਂਟ ਹਾਈ ਸਕੂਲ ਕਾਹਨਗੜ੍ਹ ਦੇ ਬੱਚਿਆਂ ਨੇ ਜ਼ਥਿਲਾ ਪੱਧਰ 'ਤੇ ਵੀ ਖੇਡਾਂ ਵਿੱਚ ਮੱਲਾਂ ਮਾਰੀਆਂ, ਜਿਵੇਂ ਕਿ ਸਕੂਲ ਪ੍ਰਬੰਧਕ ਵੱਲੋਂ ਦੱਸਿਆ ਗਿਆ ਵੁਸ਼ੂ ਅੰਡਰ-17 ਗੁਰਲੀਨ ਤੇ ਸਾਹਿਲਪ੍ਰੀਤ ਨਾਂਅ ਦੇ ਮੁੰਡੇ ਨੇ ਕ੍ਰਮਵਾਰ ਦੂਜਾ ਤੇ ਤੀਜਾ ਤੇ ਕੁੜੀਆਂ ਵਿੱਚੋਂ ਜੈਸਮੀਨ ਤੇ ਜਸਪ੍ਰੀਤ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਕਿੱਕ ਬਾਕਸਿੰਗ ਅੰਡਰ-17 ਵਿੱਚੋਂ 2-ਲੜਕਿਆਂ ਨੇ ਦੂਜਾ, ਤਾਈਕਵਾਂਡੋ ਅੰਡਰ-14 ਵਿੱਚੋਂ 2 ਲੜਕਿਆਂ ਨੇ ਪਹਿਲਾ, ਰੈਸਲਿੰਗ ਵਿੱਚੋਂ ਵੀਰਪਾਲ ਕੁੜੀ ਨੇ ਪਹਿਲਾ ਤੇ ਜੂਡੋ ਵਿੱਚੋਂ ਖੁਸ਼ਪ੍ਰੀਤ ਨੇ ਪਹਿਲਾ ਸਥਾਨ ਹਾਸਲ ਕਰਦਿਆਂ 12 ਤਗ਼ਮੇ ਜਿੱਤੇ।


## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-OH24-10 | 09.09.2024 at 12:30 Hrs. | ਲੋਹਿਆਂ ਖਾਸ ਮਾਧੋਪਰ ਪੰਜਾਬ, ਫਗਵਾੜਾ (ਡਿਜੀਟਲ ਡਿਸਪਲੇ ਸਕਰੀਨ ਯਾਨੀ ਆਕਾਰ 51 ਇੰਚ ਜਾਂ ਵਡਾ) ਅਤੇ ਗੋਰਾਯਾ ਰੇਲਵੇ ਸਟੇਸ਼ਨ ਅਤੇ ਜੀਆਰਵਾਈ ਤੋਂ ਸਟੇ ਐਲ-ਜਿੰਗ ਗੇਟ ਨੰਬਰ ਐਸਪੀਐਲ-83 ਉਤੇ ਸਥੈਨਿਕ ਮੀਡਿਯਾ ਦੇ ਦੁਵਾਰਾ ਤੋਂ ਵਾਣਿਜਯਕ ਵਿਗਿਆਪਨ ਅਧਿਕਾਰਾਂ ਦਾ ਅਲਾਟਮੈਂਟ। |
| EAFZR-SLR24-51 | 12.09.2024 at 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ): 11078/F1. |
| FZRCLOAK ROOM20 | 17.09.2024 at 11:00 Hrs. | ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਕਲੋਕ ਰੂਮ ਸੁਵਿਧਾ ਦੇ ਲਈ ਠੇਕੇ ਦਾ ਅਲਾਟਮੈਂਟ। |
| EAFZR-SLR24-50 | 17.09.2024 at 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ): 22446/F1, 14504/R1, 14508/F2, 14504/F1, 14633/F2, 14634/R1, 14633/R1, 14634/F2, 14508/F1, 22462/F1, 12266/F1, 14634/F1, 14034/F1, 12446/F1, 12474/F1 & 14508/R1. |
| EAFZR-PRKG24-4 | 20.09.2024 at 12:30 Hrs. | ਰਿਯਾਸੀ ਰੇਲਵੇ ਸਟੇਸ਼ਨ ਉਤੇ ਅਨੁਬੰਧ ਉਤੇ ਪਾਰਕਿੰਗ ਜਗ੍ਹਾਂ (ਮਿਸ਼ਰਿਤ) ਦਾ ਅਲਾਟਮੈਂਟ। |
| EAFZR-MIS24-7 | 23.09.2024 at 12:30 Hrs. | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਰੇਲਵੇ ਸਟੇਸ਼ਨਾਂ ਉਤੇ ਬੀਓਸੀ ਉਤੇ ਵਿਗਿਆਪਨ ਦੇ ਨਾਲ ਭੁਗਤਾਨ ਦੇ ਆਧਾਰ ਉਤੇ ਯਾਤਰੀਆਂ ਨੂੰ ਲੈ ਜਾਣ ਦੇ ਲਈ ਬੈਟਰੀ ਸੰਚਾਲਿਤ ਕਾਰਾਂ (ਬੀਓਸੀ) ਦੀ ਆਪੂਰਤੀ, ਸੰਚਾਲਨ ਅਤੇ ਰੱਖ-ਰੱਖਾਵ ਦੇ ਲਈ ਅਨੁਬੰਧ ਦਾ ਅਲਾਟਮੈਂਟ। |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੇਬਸਾਈਟ www.ireps.gov.in ਉਤੇ ਜਾਓ।

2662/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਵੀਰਵਾਰ, 29 ਅਗਸਤ, 2024
14 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 88

# ਨਵਾਂ ਜ਼ਮਾਨਾ

DAILY NAWAN ZAMANA • THURSDAY, 29 AUGUST, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

## ਭਾਗਵਤ ਨੂੰ ਮੋਦੀ ਜਿੰਨੀ ਸੁਰੱਖਿਆ



**ਨਵੀਂ ਦਿੱਲੀ** : ਗ੍ਰਹਿ ਮੰਤਰਾਲੇ ਨੇ ਰਾਸ਼ਟਰੀ ਸੋਇਮਸੇਵਕ ਸੰਘ (ਆਰ ਐੱਸ ਐੱਸ) ਮੁਖੀ ਮੋਹਨ ਭਾਗਵਤ ਦੀ ਸੁਰੱਖਿਆ ਨੂੰ ਅੱਪਗ੍ਰੇਡ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਬਰਾਬਰ ਕਰ ਦਿੱਤਾ ਹੈ। ਮੋਦੀ ਤੇ ਸ਼ਾਹ ਨੂੰ ਐਡਵਾਂਸ ਸਕਿਉਰਟੀ ਲਾਇਜ਼ਾਂ (ਏ ਐੱਸ ਐੱਲ) ਸੁਰੱਖਿਆ ਮੁਹੱਈਆ ਹੈ। ਇੰਟੈਲੀਜੈਂਸ ਬਿਊਰੋ ਵੱਲੋਂ ਦਿੱਤੇ ਸੁਝਾਅ ਬਾਅਦ ਅਜਿਹਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਜ਼ੈੱਡ ਪਲੱਸ ਸੁਰੱਖਿਆ ਪ੍ਰਬੰਧ ਅਧੀਨ ਉਹ ਕੇਂਦਰੀ ਉਦਯੋਗਿਕ ਸੁਰੱਖਿਆ ਬਲ ਦੀ ਨਿਗਰਾਨੀ ਹੇਠ ਸਨ। ਸੂਤਰਾਂ ਮੁਤਾਬਕ ਇੰਟੈਲੀਜੈਂਸ ਬਿਊਰੋ ਨੇ ਕਿਹਾ ਸੀ ਕਿ ਖਾਸਕਰ ਗੈਰ-ਭਾਜਪਾ ਰਾਜਾਂ ਵਿਚ ਉਨ੍ਹਾ ਦੀ ਸੁਰੱਖਿਆ 'ਚ ਗੈਪ ਰਹਿ ਜਾਂਦੇ ਹਨ। ਮੰਨਿਆ ਜਾਂਦਾ ਹੈ ਕਿ ਭਾਗਵਤ ਕਈ ਭਾਰਤ-ਵਿਰੋਧੀ ਤੇ ਅੱਤਵਾਦੀ ਇਸਲਾਮੀ ਗਰੁੱਪਾਂ ਦੇ ਨਿਸ਼ਾਨੇ 'ਤੇ ਹਨ। ਨਵੀਂ ਸੁਰੱਖਿਆ ਪ੍ਰੋਟੋਕੋਲ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਪੁਲਸ ਤੇ ਸਿਹਤ ਵਿਭਾਗ ਸਣੇ ਵੱਖ-ਵੱਖ ਏਜੰਸੀਆਂ ਉਨ੍ਹਾ ਦੀ ਸੁਰੱਖਿਆ ਵਿਚ ਅਹਿਮ ਰੋਲ ਨਿਭਾਉਣਗੀਆਂ। ਉਨ੍ਹਾ ਦੇ ਕਿਤੇ ਪਹੁੰਚਣ ਤੋਂ ਪਹਿਲਾਂ ਰਿਹਰਸਲ ਹੋਵੇਗੀ, ਐਂਟੀ-ਸਾਬੋਤਾਜ ਕਦਮ ਚੁੱਕੇ ਜਾਣਗੇ ਅਤੇ ਉਨ੍ਹਾ ਦੁਆਲੇ ਕਈ ਪਰਤੀ ਸੁਰੱਖਿਆ ਘੇਰਾ ਬਣਾਇਆ ਜਾਵੇਗਾ। ਸੂਤਰਾਂ ਮੁਤਾਬਕ ਸਫਰ ਤੇ ਕਿਆਮ ਦੌਰਾਨ ਉਨ੍ਹਾ ਦੀ ਸੁਰੱਖਿਆ ਦਾ ਵੱਧ ਤੋਂ ਵੱਧ ਖਿਆਲ ਰੱਖਿਆ ਜਾਵੇਗਾ।

## ਡਿੰਪੀ ਨੂੰ ਗਿੱਦੜਬਾਹਾ 'ਚ ਸਰਗਰਮ ਹੋਣ ਦਾ ਥਾਪੜਾ



**ਸ੍ਰੀ ਮੁਕਤਸਰ ਸਾਹਿਬ/ਦੋਦਾ (ਸ਼ਮਿੰਦਰ ਪਾਲ, ਪੂਜਾ, ਜਸਵੰਤ ਗਿੱਲ/ਵਕੀਲ ਬਰਾੜ )**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਗਿੱਦੜਬਾਹਾ ਦੇ ਸੱਟਾ ਬਾਜ਼ਾਰ ਵਿਖੇ ਵੱਡੇ ਇਕੱਠ ਦੌਰਾਨ ਅਕਾਲੀ ਦਲ ਤੋਂ ਅਸਤੀਫਾ ਦੇ ਕੇ ਆਏ ਸੀਨੀਅਰ ਅਕਾਲੀ ਆਗੂ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਸੈਂਕੜੇ ਸਾਥੀਆਂ ਸਮੇਤ ਰਸਮੀ ਤੌਰ 'ਤੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਕੀਤਾ। ਉਨ੍ਹਾ ਨਾਲ ਮੰਤਰੀ ਅਮਨ ਅਰੋੜਾ, ਵਿਧਾਇਕ ਬਲਕਾਰ ਸਿੱਧੂ, ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਵਿਧਾਇਕ ਜਗਰੂਪ ਸਿੰਘ ਗਿੱਲ ਵੀ ਸਟੇਜ 'ਤੇ ਮੌਜੂਦ ਹਨ।

ਇਸ ਮੌਕੇ ਡਿੰਪੀ ਢਿੱਲੋਂ ਨੇ ਕਿਹਾ—ਦਿਲ ਦੀ ਗਹਿਰਾਈ ਤੋਂ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾ ਮੈਨੂੰ ਗਲ ਨਾਲ ਲਗਾਇਆ। ਮੈਂ ਅਕਾਲੀ ਦਲ ਦੀ ਸੇਵਾ ਕੀਤੀ, ਪਰ ਸਮਝ ਨਹੀਂ ਆਉਂਦੀ ਕਿ ਕਮੀ ਕਿੱਥੇ ਰਹਿ ਗਈ, ਮੈਂ ਹਲਕੇ 'ਚ ਮੇਰੀ 38 ਸਾਲ ਦੀ ਕਮਾਈ ਮੁੱਖ ਮੰਤਰੀ ਭਗਵੰਤ ਮਾਨ ਦੇ ਹਵਾਲੇ ਕਰਨ ਲੱਗਾ ਹਾਂ। ਜਿੰਨਾ ਚਿਰ ਮੁੱਖ ਮੰਤਰੀ ਭਗਵੰਤ ਮਾਨ ਸਿਆਸਤ ਕਰਨਗੇ, ਮੈਂ ਉਨ੍ਹਾ ਨਾਲ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕੰਮ ਕਰਾਂਗਾ।

ਡਿੰਪੀ ਢਿੱਲੋਂ ਦੇ ਛੋਟੇ ਭਰਾ ਸੰਦੀਪ ਸਿੰਘ ਸੰਨੀ ਢਿੱਲੋਂ, ਅਭੈ ਢਿੱਲੋਂ, ਪੈਵੀ ਢਿੱਲੋਂ, ਅਮਿਤ ਕੁਮਾਰ ਸਿੰਪੀ ਬਾਂਸਲ, ਅਸ਼ੋਕ ਬੁੱਟਰ, ਸੁਭਾਸ਼ ਜੈਨ ਲਿੱਲੀ, ਰਾਜਵੀਰ ਨੰਬਰਦਾਰ, ਹਰਵਿੰਦਰ ਕਾਕਾ ਤੇ ਸੰਜੀਵ ਕੁਮਾਰ ਬਬਲੂ ਨੇ ਆਮ ਪਾਰਟੀ ਵਿਚ ਸ਼ਮੂਲੀਅਤ ਕੀਤੀ।

ਮਾਨ ਨੇ ਕਿਹਾ—ਡਿੰਪੀ ਨੇ ਪਾਰਟੀ ਨਹੀਂ ਛੱਡੀ, ਪਾਰਟੀ ਨੇ ਡਿੰਪੀ ਛੱਡਿਆ ਹੈ। ਸੁਖਬੀਰ ਬਾਦਲ ਕਹਿੰਦਾ ਸੀ ਕਿ 25 ਸਾਲ ਰਾਜ ਕਰਾਂਗੇ, ਪਰ ਅੱਜ 25 ਬੰਦੇ ਵੀ ਨਾਲ ਨਹੀਂ ਹਨ। ਅੱਜ ਕੋਈ ਬੰਦਾ ਸੁਖਬੀਰ ਬਾਦਲ ਨਾਲ ਫੋਟੋ ਕਰਵਾਉਣ ਲਈ ਤਿਆਰ ਨਹੀਂ।

ਢਿੱਲੋਂ ਨੂੰ ਉਮੀਦਵਾਰ ਬਣਾਏ ਜਾਣ ਦਾ ਸੰਕੇਤ ਦਿੰਦੇ ਹੋਏ ਮਾਨ ਨੇ ਕਿਹਾ ਕਿ ਉਹ ਹਲਕੇ ਵਿਚ ਵਿਚਰਨ ਅਤੇ ਜੋ ਵੀ ਲੋਕਾਂ ਦੀਆਂ ਸਮੱਸਿਆਵਾਂ ਹਨ, ਉਨ੍ਹਾਂ ਸਮੱਸਿਆਵਾਂ ਨੂੰ ਉਨ੍ਹਾ ਪਾਸ ਲੈ ਆਉਣ। ਉਨ੍ਹਾ ਵੱਲੋਂ ਸਾਰੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਬੀਤੇ 38 ਸਾਲਾਂ ਤੋਂ ਜੋ ਸੇਵਾ ਡਿੰਪੀ ਢਿੱਲੋਂ ਨੇ ਅਕਾਲੀ ਦਲ ਦੀ ਕੀਤੀ ਹੈ, ਉਸ ਦਾ ਮੁੱਲ ਅਗਲੇ ਦੋ-ਢਾਈ ਸਾਲਾਂ ਵਿਚ ਚੁਕਾਉਣ ਦਾ ਵੇਲਾ ਆ ਗਿਆ ਹੈ।

## ਹਿਮਾਚਲ 'ਚ ਸੂਮੋ ਖੱਡ 'ਚ ਡਿੱਗਣ ਨਾਲ ਪਠਾਨਕੋਟ ਦੇ 3 ਜਣਿਆਂ ਦੀ ਮੌਤ



**ਚੰਬਾ** : ਭਰਮੌਰ ਇਲਾਕੇ ਦੀ ਭਰਮਾਣੀ ਸੜਕ 'ਤੇ ਬੁੱਧਵਾਰ ਸਵੇਰੇ ਕਰੀਬ 9 ਵਜੇ ਟਾਟਾ ਸੂਮੋ ਦੇ ਖੱਡ 'ਚ ਡਿੱਗਣ 3 ਜਣਿਆਂ ਦੀ ਮੌਤ ਹੋ ਗਈ ਤੇ 10 ਜ਼ਖਮੀਂ ਹੋ ਗਏ। ਇਹ ਮਣੀ ਮਹੇਸ਼ ਦੇ ਦਰਸ਼ਨ ਦੇ ਬਾਅਦ ਭਰਮਾਣੀ ਮਾਤਾ ਦੇ ਦਰਸ਼ਨ ਕਰਕੇ ਭਰਮੌਰ ਪਰਤ ਰਹੇ ਸਨ। ਮ੍ਰਿਤਕਾਂ 'ਚ ਨੇਹਾ (21) ਪੁੱਤਰੀ ਜਨਕ, ਦੀਕਸ਼ਾ (39) ਪਤਨੀ ਰਾਜੇਸ਼ ਕੁਮਾਰ ਤੇ ਲਾਡੀ (ਸਾਰੇ ਪਠਾਨਕੋਟ ਦੇ) ਸ਼ਾਮਲ ਹਨ। ਜ਼ਖਮੀਆਂ ਵਿਚ ਵੀ 9 ਪਠਾਨਕੋਟ ਦੇ ਤੇ ਇਕ ਆਸ਼ੀਸ਼ ਯੂ ਪੀ ਦਾ ਹੈ।

## ਗੋਸਲ ਨੂੰ ਬਚ ਕੇ ਰਹਿਣ ਦੀ ਸਲਾਹ



**ਟੋਰਾਂਟੋ** : ਕੈਨੇਡੀਅਨ ਪੁਲਸ ਨੇ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੇ ਸਾਥੀ ਰਹੇ ਇੰਦਰਜੀਤ ਸਿੰਘ ਗੋਸਲ ਨੂੰ ਉਸ ਦੀ ਜਾਨ ਨੂੰ ਖਤਰੇ ਦੀ ਚਿਤਾਵਨੀ ਦਿੱਤੀ ਹੈ। ਗੋਸਲ ਨੂੰ ਇਸ ਹਫਤੇ 'ਡਿਊਟੀ ਟੂ ਵਾਰਨ' ਨੋਟਿਸ ਜਾਰੀ ਕੀਤਾ ਗਿਆ। ਨਿੱਝਰ ਨੂੰ ਜੂਨ 2023 'ਚ ਗੋਲੀ ਮਾਰ ਦਿੱਤੀ ਗਈ ਸੀ।

## ਟੈਨਿਸ ਮੈਚ 5 ਘੰਟੇ 35 ਮਿੰਟ ਤੱਕ ਚੱਲਿਆ

**ਨਿਊ ਯਾਰਕ** : ਯੂ ਐੱਸ ਓਪਨ ਪੁਰਸ਼ ਸਿੰਗਲਜ਼ 'ਚ ਡੈਨ ਇਵਾਂਸ ਅਤੇ ਕੈਰੇਨ ਖਾਚਾਨੋਵ ਵਿਚਾਲੇ ਪਹਿਲੇ ਦੌਰ ਦਾ ਮੁਕਾਬਲਾ ਪੰਜ ਘੰਟੇ 35 ਮਿੰਟ ਤੱਕ ਚੱਲਿਆ, ਜੋ ਟੂਰਨਾਮੈਂਟ ਦਾ ਰਿਕਾਰਡ ਹੈ। 1970 'ਚ ਟਾਈਬ੍ਰੇਕਰਾਂ ਦੀ ਸ਼ੁਰੂਆਤ ਤੋਂ ਬਾਅਦ ਇਹ ਟੂਰਨਾਮੈਂਟ ਦਾ ਸਭ ਤੋਂ ਲੰਮਾ ਮੈਚ ਹੈ। ਇਵਾਂਸ ਨੇ ਖਾਚਾਨੋਵ ਨੂੰ 6-7, 7-6, 7-6, 4-6 ਤੇ 6-4 ਨਾਲ ਹਰਾਇਆ। ਇਵਾਂਸ ਪੰਜਵੇਂ ਸੈੱਟ 'ਚ 4-0 ਨਾਲ ਪਿੱਛੇ ਸੀ। ਆਖਰੀ ਪੁਆਇੰਟ 'ਤੇ 22 ਸ਼ਾਟ ਦੀ ਰੈਲੀ ਚੱਲੀ ਅਤੇ ਇਵਾਂਸ ਨੇ ਇਸ ਨੂੰ ਜਿੱਤ ਕੇ ਮੈਚ ਜਿੱਤ ਲਿਆ। ਪਿਛਲਾ ਰਿਕਾਰਡ ਪੰਜ ਘੰਟੇ 26 ਮਿੰਟ ਦਾ ਸੀ, ਜਦੋਂ ਸਟੀਫਨ ਐਡਬਰਗ ਨੇ 1992 ਦੇ ਯੂ ਐੱਸ ਓਪਨ ਸੈਮੀਫਾਈਨਲ 'ਚ ਮਾਈਕਲ ਚਾਂਗ ਨੂੰ ਹਰਾਇਆ ਸੀ।

## ਏਸ਼ੀਅਨ ਚੈਂਪੀਅਨਜ਼ ਟਰਾਫੀ ਲਈ ਹਾਕੀ ਟੀਮ ਦਾ ਐਲਾਨ

**ਨਵੀਂ ਦਿੱਲੀ** : ਹਾਕੀ ਇੰਡੀਆ ਨੇ 8 ਤੋਂ 17 ਸਤੰਬਰ ਤੱਕ ਚੀਨ 'ਚ ਹੋਣ ਵਾਲੀ ਏਸ਼ੀਅਨ ਚੈਂਪੀਅਨਜ਼ ਟਰਾਫੀ ਲਈ 18 ਮੈਂਬਰੀ ਟੀਮ ਦਾ ਐਲਾਨ ਕੀਤਾ ਹੈ। ਮੌਜੂਦਾ ਚੈਂਪੀਅਨਜ਼ ਟੀਮ ਦੀ ਅਗਵਾਈ ਡਰੈਗ ਫਲਿਕਰ ਹਰਮਨਪ੍ਰੀਤ ਸਿੰਘ ਕਰਨਗੇ। ਸਾਗਰ ਪ੍ਰਸਾਦ ਨੂੰ ਉਪ ਕਪਤਾਨ ਬਣਾਇਆ ਗਿਆ ਹੈ। ਇਸ ਟੂਰਨਾਮੈਂਟ ਲਈ ਹਾਰਦਿਕ ਸਿੰਘ, ਮਨਦੀਪ ਸਿੰਘ, ਲਲਿਤ ਉਪਾਧਿਆਏ, ਸ਼ਮਸ਼ੇਰ ਸਿੰਘ ਅਤੇ ਗੁਰਜੰਟ ਸਿੰਘ ਨੂੰ ਆਰਾਮ ਦਿੱਤਾ ਗਿਆ ਹੈ।

## ਹਿੰਦੂ ਖਾਣਾ ਤੇ ਮੁਸਲਿਮ ਖਾਣਾ !

**ਨਵੀਂ ਦਿੱਲੀ** : ਇਕ ਮਹਿਲਾ ਨੇ ਏਅਰਲਾਈਨ ਵਿਸਤਾਰਾ ਦੀ ਫਿਰਕਾਪ੍ਰਸਤੀ ਫੈਲਾਉਣ ਲਈ ਖਿਚਾਈ ਕੀਤੀ ਹੈ। ਪੱਤਰਕਾਰ ਆਰਤੀ ਟਿੱਕੂ ਸਿੰਘ ਨੇ ਐੱਕਸ 'ਤੇ ਪਾਈ ਪੋਸਟ ਵਿਚ ਵਿਸਤਾਰਾ ਨੂੰ ਪੁੱਛਿਆ ਹੈ ਕਿ ਉਹ ਆਪਣੀਆਂ ਉਡਾਣਾਂ ਦੌਰਾਨ ਸ਼ਾਕਾਹਾਰੀ ਭੋਜਨ ਨੂੰ 'ਹਿੰਦੂ ਖਾਣਾ' ਤੇ ਮਾਸਾਹਾਰੀ ਨੂੰ 'ਮੁਸਲਿਮ ਖਾਣਾ' ਕਿਉਂ ਕਹਿੰਦੀ ਹੈ ? ਉਸ ਨੇ ਏਅਰਲਾਈਨ ਨੂੰ ਇਹ ਵੀ ਪੁੱਛਿਆ ਹੈ ਕਿ ਉਸ ਨੂੰ ਕਿਸ ਨੇ ਦੱਸਿਆ ਹੈ ਕਿ ਸਾਰੇ ਹਿੰਦੂ ਸ਼ਾਕਾਹਾਰੀ ਤੇ ਸਾਰੇ ਮੁਸਲਮਾਨ ਮਾਸਾਹਾਰੀ ਹੁੰਦੇ ਹਨ? ਉਸ ਨੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਤੋਂ ਮਾਮਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ।

## ਚੰਪਈ ਸੋਰੇਨ ਦੀ ਜਾਸੂਸੀ ਦਾ ਦੋਸ਼

**ਗੁਹਾਟੀ** : ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਬੁੱਧਵਾਰ ਦੋਸ਼ ਲਾਇਆ ਕਿ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਚੰਪਾਈ ਸੋਰੇਨ ਦੀ ਪੰਜ ਮਹੀਨਿਆਂ ਤੋਂ ਉਨ੍ਹਾ ਦੀ ਹੀ ਸਰਕਾਰ ਵੱਲੋਂ ਜਾਸੂਸੀ ਕੀਤੀ ਜਾ ਰਹੀ ਹੈ ਤੇ ਉਹ ਪੁਲਸ ਦੀ ਨਿਗਰਾਨੀ ਹੇਠ ਹਨ। ਇਸ ਸੰਬੰਧੀ ਮਾਮਲਾ ਦਰਜ ਕੀਤਾ ਗਿਆ ਹੈ। ਸਰਮਾ ਨੇ ਕਿਹਾ ਕਿ ਝਾਰਖੰਡ ਪੁਲਸ ਦੀ ਸਪੈਸ਼ਲ ਬ੍ਰਾਂਚ ਦੇ ਦੋ ਸਬ-ਇੰਸਪੈਕਟਰਾਂ ਨੂੰ ਚੰਪਈ ਸੋਰੇਨ ਦੇ ਸਮਰਥਕਾਂ ਨੇ ਦਿੱਲੀ ਦੇ ਹੋਟਲ 'ਚ ਉਦੋਂ ਫੜ ਲਿਆ, ਜਦੋਂ ਉਹ ਸਾਬਕਾ ਮੁੱਖ ਮੰਤਰੀ 'ਤੇ ਨਜ਼ਰ ਰੱਖ ਰਹੇ ਸਨ। ਸਰਮਾ ਨੇ ਇੱਥੇ ਪ੍ਰੈੱਸ ਕਾਨਫਰੰਸ 'ਚ ਕਿਹਾ—ਇਹ ਭਾਰਤੀ ਰਾਜਨੀਤੀ 'ਚ ਜਾਸੂਸੀ ਦਾ ਦੁਰਲੱਭ ਮਾਮਲਾ ਹੈ, ਅਸੀਂ ਇਸ ਨੂੰ ਉੱਚ ਪੱਧਰ 'ਤੇ ਰੱਖਾਂਗੇ। ਉਨ੍ਹਾ ਕਿਹਾ ਕਿ ਦੋਵਾਂ ਸਬ-ਇੰਸਪੈਕਟਰਾਂ ਨੂੰ ਦਿੱਲੀ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

## ਰਾਜਪੁਰਾ-ਪਟਿਆਲਾ ਕੌਮੀ ਸਨਅਤੀ ਗਲਿਆਰਾ ਵਿਕਾਸ ਪ੍ਰੋਗਰਾਮ 'ਚ ਸ਼ਾਮਲ

**ਨਵੀਂ ਦਿੱਲੀ** : ਕੇਂਦਰੀ ਮੰਤਰੀ ਮੰਡਲ ਨੇ ਬੁੱਧਵਾਰ ਘਰੇਲੂ ਨਿਰਮਾਣ ਨੂੰ ਉਤਸ਼ਾਹਤ ਕਰਨ ਲਈ 28,602 ਕਰੋੜ ਰੁਪਏ ਦੇ ਅੰਦਾਜ਼ਨ ਨਿਵੇਸ ਨਾਲ 10 ਰਾਜਾਂ 'ਚ 12 ਨਵੇਂ ਸਨਅਤੀ ਸ਼ਹਿਰਾਂ ਦੀ ਸਥਾਪਨਾ ਨੂੰ ਮਨਜ਼ੂਰੀ ਦਿੱਤੀ। ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਦੱਸਿਆ ਕਿ ਕੇਂਦਰੀ ਮੰਤਰੀ ਮੰਡਲ ਨੇ 28,602 ਕਰੋੜ ਰੁਪਏ ਦੇ ਅਨੁਮਾਨਤ ਨਿਵੇਸ਼ ਨਾਲ ਕੌਮੀ ਸਨਅਤੀ ਗਲਿਆਰਾ ਵਿਕਾਸ ਪ੍ਰੋਗਰਾਮ (ਐੱਨ ਆਈ ਸੀ ਡੀ ਪੀ) ਤਹਿਤ 12 ਨਵੇਂ ਪ੍ਰਾਜੈਕਟ ਦੀਆਂ ਤਜਵੀਜ਼ਾਂ ਨੂੰ ਮਨਜ਼ੂਰੀ ਦਿੱਤੀ ਹੈ। ਇਹ ਸ਼ਹਿਰ ਉੱਤਰਾਖੰਡ ਦੇ ਖੁਰਪੀਆ, ਪੰਜਾਬ ਦੇ ਰਾਜਪੁਰਾ-ਪਟਿਆਲਾ, ਮਹਾਰਾਸ਼ਟਰ ਦੇ ਦਿਘੀ, ਕੇਰਲਾ ਦੇ ਪਲੱਕੜ, ਯੂ ਪੀ ਦੇ ਆਗਰਾ ਤੇ ਪ੍ਰਯਾਗਰਾਜ, ਬਿਹਾਰ ਦੇ ਗਯਾ, ਤਿਲੰਗਾਨਾ ਦੇ ਜ਼ਹੀਰਾਬਾਦ, ਆਂਧਰਾ ਦੇ ਓਰਵਕਲ ਤੇ ਕੋਪਰਥੀ ਅਤੇ ਰਾਜਸਥਾਨ ਦੇ ਜੋਧਪੁਰ-ਪਾਲੀ 'ਚ ਸਥਿਤ ਹੋਣਗੇ।

## ਮੇਰੀ ਸੋਚ ਗਲਤ ਨਿਕਲੀ : ਸੁੰਦਰ ਸ਼ਾਮ ਅਰੋੜਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕਾਂਗਰਸ ਵਿੱਚ ਪਰਤਣ ਤੋਂ ਬਾਅਦ ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਕਿਹਾ ਕਿ ਉਹ ਡੇਢ ਸਾਲ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਣ ਦੀ ਉਹ ਪੰਜਾਬ ਅਤੇ ਪੰਜਾਬੀਆਂ ਤੋਂ ਮੁਆਫੀ ਮੰਗਦੇ ਹਨ। ਉਨ੍ਹਾ ਨੂੰ ਲੱਗਦਾ ਸੀ ਕਿ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਹੈ ਅਤੇ ਉਹ ਪੰਜਾਬ ਦੇ ਹਿੱਤਾਂ ਲਈ ਬਿਹਤਰ ਕੰਮ ਕਰ ਸਕਣਗੇ, ਪਰ ਉਨ੍ਹਾ ਦੀ ਸੋਚ ਗਲਤ ਨਿਕਲੀ, ਇਸ ਲਈ ਉਨ੍ਹਾ ਕਾਂਗਰਸ 'ਚ ਮੁੜ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਅਰੋੜਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਭਾਰੀ ਸਮਰਥਨ ਦਿੱਤਾ ਹੈ ਅਤੇ ਲੋਕਾਂ ਦੇ ਪਿਆਰ ਨੇ ਇਹ ਦਰਸਾ ਦਿੱਤਾ ਹੈ ਕਿ ਕਾਂਗਰਸ ਹੀ ਪੰਜਾਬ ਦੀ ਤਰੱਕੀ, ਸ਼ਾਂਤੀ ਸਥਾਪਨਾ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ। ਉਹ ਕਾਂਗਰਸ ਵਿੱਚ ਰਹਿ ਕੇ ਪੰਜਾਬ ਅਤੇ ਪੰਜਾਬੀਅਤ ਦੀ ਮਜ਼ਬੂਤੀ ਲਈ ਕੰਮ ਕਰਨਗੇ। ਕਾਂਗਰਸ ਨੇ ਹਮੇਸ਼ਾ ਧਰਮ ਨਿਰਪੱਖਤਾ ਦਾ ਪ੍ਰਚਾਰ ਕੀਤਾ ਹੈ ਅਤੇ ਧਰਮ ਨਿਰਪੱਖ ਲੋਕਾਂ ਨੂੰ ਮਹੱਤਵ ਦਿੱਤਾ ਹੈ। ਅਰੋੜਾ ਨੇ ਕਿਹਾ ਕਿ ਉਨ੍ਹਾ ਨੂੰ ਕਿਸੇ ਵੀ ਭਾਜਪਾ ਆਗੂ ਖਿਲਾਫ ਕੋਈ ਸ਼ਿਕਾਇਤ ਨਹੀਂ। ਉਨ੍ਹਾ ਕਿਹਾ ਕਿ ਰਾਹੁਲ ਗਾਂਧੀ ਭਾਰਤ ਦੇ ਸੰਵਿਧਾਨ ਅਨੁਸਾਰ ਪੰਜਾਬ ਨੂੰ ਉਸ ਦਾ ਬਣਦਾ ਹੱਕ ਦਿਵਾਉਣ ਲਈ ਸਖਤ ਮਿਹਨਤ ਕਰ ਰਹੇ ਹਨ ਅਤੇ ਉਨ੍ਹਾ ਦੀ ਅਗਵਾਈ ਹੇਠ ਉਹ ਵੀ ਪੂਰੀ ਤਨਦੇਹੀ ਨਾਲ ਲੋਕਾਂ ਦੀ ਸੇਵਾ ਕਰਨਗੇ। ਉਹਨਾ ਸ਼ਹਿਰ ਵਾਸੀਆਂ ਨੂੰ ਵੀ ਸੱਦਾ ਦਿੱਤਾ ਕਿ ਉਹ ਸ਼ਹਿਰ ਅਤੇ ਪੰਜਾਬ ਦੀ ਖੁਸ਼ਹਾਲੀ ਲਈ ਉਨ੍ਹਾ ਦਾ ਸਾਥ ਦੇਣ।

ਵਰਨਣਯੋਗ ਹੈ ਕਿ ਅਰੋੜਾ ਨੂੰ ਕਾਂਗਰਸ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਦਵਿੰਦਰ ਯਾਦਵ ਨੇ ਕਾਂਗਰਸ ਵਿੱਚ ਸ਼ਾਮਲ ਕਰਵਾਇਆ ਹੈ।

## 'ਡਰੋਨ' ਵਰਗੀਆਂ ਸ਼ੈਆਂ ਨੇ ਉਡਾਣਾਂ ਰੁਕਵਾਈਆਂ

**ਅੰਮ੍ਰਿਤਸਰ** : ਏਅਰ ਟ੍ਰੈਫਿਕ ਕੰਟਰੋਲ (ਏ ਟੀ ਸੀ) ਟਾਵਰ ਨੂੰ ਅਚਾਨਕ ਹਵਾਈ ਖੇਤਰ 'ਚ 'ਡਰੋਨ' ਵਰਗੀਆਂ 3 ਵਸਤੂਆਂ ਦਾ ਪਤਾ ਲੱਗਣ ਤੋਂ ਬਾਅਦ ਇੱਥੋਂ ਦੇ ਹਵਾਈ ਅੱਡੇ 'ਤੇ ਹਵਾਈ ਸੇਵਾ ਲਗਭਗ ਤਿੰਨ ਘੰਟੇ ਲਈ ਠੱਪ ਰਹੀ। ਇਸ ਘਟਨਾ ਨੇ ਉਸ ਸਮੇਂ ਹਵਾਈ ਅੱਡੇ 'ਤੇ ਉਤਰਨ ਅਤੇ ਉਡਾਣ ਭਰਨ ਵਾਲੀਆਂ ਸਾਰੀਆਂ ਨਿਰਧਾਰਤ ਉਡਾਣਾਂ ਵਿਚ ਵਿਘਨ ਪਾ ਦਿੱਤਾ।

ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਦੇ ਕਾਰਜਕਾਰੀ ਨਿਰਦੇਸ਼ਕ ਸੰਦੀਪ ਅਗਰਵਾਲ ਨੇ ਦੱਸਿਆ ਕਿ ਇਹ ਘਟਨਾ ਸੋਮਵਾਰ ਰਾਤ 10.10 ਵਜੇ ਵਾਪਰੀ ਅਤੇ ਕਰੀਬ ਤਿੰਨ ਘੰਟੇ ਤੱਕ ਡਰੋਨ ਵਰਗੀਆਂ ਵਸਤੂਆਂ ਦੀਆਂ ਗਤੀਵਿਧੀਆਂ ਚਲਦੀਆਂ ਰਹੀਆਂ। ਰਾਤ 10.10 ਵਜੇ ਤੋਂ 12.45 ਵਜੇ ਤੱਕ ਹਵਾਈ ਅੱਡੇ 'ਤੇ ਉਡਾਣ ਸੰਚਾਲਨ ਮੁਅੱਤਲ ਰਿਹਾ, ਜਿਸ ਤੋਂ ਬਾਅਦ ਏ ਟੀ ਸੀ ਟਾਵਰ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ।

## 'ਆਪ' ਵੱਲੋਂ ਭਾਜਪਾ ਦਫ਼ਤਰ ਦਾ ਘਿਰਾਓ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ ਪੰਜਾਬ ਦੇ ਆਗੂਆਂ ਨੇ ਬੁੱਧਵਾਰ ਚੰਡੀਗੜ੍ਹ ਸਥਿਤ ਭਾਜਪਾ ਦਫ਼ਤਰ ਦਾ ਘਿਰਾਓ ਕੀਤਾ ਅਤੇ ਭਾਜਪਾ ਆਗੂ ਕੰਗਣਾ ਰਣੌਤ ਦੇ ਕਿਸਾਨ ਵਿਰੋਧੀ ਰੁਖ਼ ਲਈ ਉਸ ਦੀ ਸਖ਼ਤ ਨਿੰਦਾ ਕੀਤੀ। 'ਆਪ' ਆਗੂਆਂ ਨੇ ਕਿਹਾ ਕਿ ਕੰਗਣਾ ਦਾ ਬਿਆਨ ਕੋਈ ਨਵਾਂ ਨਹੀਂ, ਸਗੋਂ ਇਹ ਭਾਰਤੀ ਜਨਤਾ ਪਾਰਟੀ ਦੀ ਵਿਚਾਰਧਾਰਾ ਹੈ।

ਇਸ ਧਰਨੇ ਦੀ ਅਗਵਾਈ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ (ਆਪ ਪੰਜਾਬ ਕਿਸਾਨ ਵਿੰਗ ਦੇ ਪ੍ਰਧਾਨ) ਅਤੇ ਸ਼ਮਿੰਦਰ ਸਿੰਘ ਖਿੰਡਾ (ਕਿਸਾਨ ਵਿੰਗ ਇੰਚਾਰਜ ਤੇ ਚੇਅਰਮੈਨ ਐਗਰੋ ਇੰਡਸਟਰੀ ਕਾਰਪੋਰੇਸ਼ਨ) ਨੇ ਕੀਤੀ। ਇਸ ਮੌਕੇ ਵੱਡੀ ਗਿਣਤੀ 'ਚ 'ਆਪ' ਆਗੂਆਂ ਅਤੇ ਵਲੰਟੀਅਰਾਂ ਨੇ ਰੋਸ ਮੁਜ਼ਾਹਰੇ ਵਿੱਚ ਸ਼ਮੂਲੀਅਤ ਕੀਤੀ ਅਤੇ ਸੰਸਦ ਮੈਂਬਰ ਕੰਗਣਾ ਰਣੌਤ ਤੇ ਭਾਜਪਾ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

'ਆਪ' ਪੰਜਾਬ ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਭਾਜਪਾ ਸਿਰਫ਼ ਹਰਿਆਣਾ, ਮਹਾਰਾਸ਼ਟਰ ਅਤੇ ਝਾਰਖੰਡ ਰਾਜਾਂ ਵਿੱਚ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਕੰਗਣਾ ਦੇ ਬਿਆਨ ਤੋਂ ਦੂਰੀ ਬਣਾ ਰਹੀ ਹੈ।

ਜਗਤਾਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਭਾਜਪਾ ਨੂੰ ਕੰਗਣਾ ਨੂੰ ਫਟਕਾਰ ਲਗਾਉਣ ਦਾ ਡਰਾਮਾ ਕਰਨ ਦੀ ਬਜਾਏ ਉਸ ਨੂੰ ਪਾਰਟੀ ਤੋਂ ਬਰਖ਼ਾਸਤ ਕਰਨਾ ਚਾਹੀਦਾ ਹੈ ਅਤੇ ਉਸ ਵਿਰੁੱਧ ਐਫ ਆਈ ਆਰ ਦਰਜ ਕਰਨੀ ਚਾਹੀਦੀ ਹੈ।

## ਬਿਜਲੀ ਕਾਮੇ ਪਹਿਲੀ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ 'ਤੇ ਦੇਣਗੇ ਧਰਨਾ



**ਲੁਧਿਆਣਾ** : ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਮੰਗਾਂ ਪ੍ਰਤੀ ਟਾਲ-ਮਟੋਲ ਅਤੇ ਗੈਰ ਜ਼ਿੰਮੇਵਰਾਨਾ ਰਵੱਈਏ ਖਿਲਾਫ਼ ਬਿਜਲੀ ਕਾਮਿਆਂ ਦੀ ਪ੍ਰਤੀਨਿਧਤਾ ਕਰ ਰਹੇ ਦੋ ਫਰੰਟਾਂ ਸਾਂਝਾ ਫੋਰਮ ਅਤੇ ਏਕਤਾ ਮੰਚ ਦੇ ਸੂਬਾਈ ਅਹੁਦੇਦਾਰਾਂ ਦੀ ਸਥਾਨਕ ਸ਼ਹੀਦ ਕਰਨੈਲ ਸਿੰਘ ਈਸੜੂ ਯਾਦਗਾਰੀ ਭਵਨ ਵਿਖੇ ਭਰਵੀਂ ਮੀਟਿੰਗ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਵਿੱਚ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਮੰਗਾਂ ਪ੍ਰਤੀ ਧਾਰਨ ਕੀਤੇ ਵਤੀਰੇ ਖਿਲਾਫ਼ 21 ਅਗਸਤ ਤੋਂ ਚੱਲ ਰਹੇ ਸੰਘਰਸ਼ ਦਾ ਰੀਵਿਊ ਕਰਨ ਅਤੇ ਅਗਲੇ ਤਿੱਖੇ ਸੰਘਰਸ਼ ਦੀ ਤਿਆਰੀ ਦਾ ਏਜੰਡਾ ਸਾਂਝਾ ਫੋਰਮ ਦੇ ਸਕੱਤਰ ਹਰਪਾਲ ਸਿੰਘ ਅਤੇ ਏਕਤਾ ਮੰਚ ਦੇ ਸਕੱਤਰ ਗੁਰਵੇਲ ਸਿੰਘ ਬੱਲਪੁਰੀਆ ਨੇ ਪੇਸ਼ ਕੀਤਾ, ਜਿਸ 'ਤੇ ਚਰਚਾ ਕਰਦੇ ਹੋਏ ਮੀਟਿੰਗ ਵਿੱਚ ਹਾਜ਼ਰ ਸਾਂਝਾ ਫੋਰਮ ਅਤੇ ਏਕਤਾ ਮੰਚ ਦੇ ਆਗੂਆਂ ਬਲਦੇਵ ਸਿੰਘ ਮੰਢਾਲੀ , ਕੁਲਵਿੰਦਰ ਸਿੰਘ ਢਿੱਲੋਂ, ਦਵਿੰਦਰ ਸਿੰਘ ਪਿਸ਼ੌਰ , ਸਰਬਜੀਤ ਸਿੰਘ ਭਾਣਾ, ਰਣਜੀਤ ਸਿੰਘ ਢਿੱਲੋਂ, ਸਰਿੰਦਰਪਾਲ ਸਿੰਘ ਲਹੌਰੀਆ, ਕੌਰ ਸਿੰਘ ਸੋਹੀ, ਬਲਜੀਤ ਸਿੰਘ ਮੋਦਲਾ, ਜਗਜੀਤ ਸਿੰਘ ਕੋਟਲੀ, ਪੂਰਨ ਸਿੰਘ ਖਾਈ, ਹਰਮਨਦੀਪ, ਰਘਬੀਰ ਸਿੰਘ, ਜਗਤਾਰ ਸਿੰਘ, ਤਜਿੰਦਰ ਸਿੰਘ ਸੇਖੋਂ, ਦਲੀਪ ਕੁਮਾਰ ਤੇ ਰਛਪਾਲ ਸਿੰਘ ਪਾਲੀ ਆਦਿ ਨੇ ਕਿਹਾ ਕਿ 31 ਜੁਲਾਈ ਨੂੰ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਪਾਵਰ ਮੈਨੇਜਮੈਂਟ ਵੱਲੋ ਸਾਂਝਾ ਫੋਰਮ ਅਤੇ ਏਕਤਾ ਮੰਚ ਦੀ ਲੀਡਰਸ਼ਿਪ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਕਰਕੇ ਬਿਜਲੀ ਹਾਦਸੇ ਨਾਲ ਕਾਮੇ ਦੀ ਮੌਤ ਹੋ ਜਾਣ 'ਤੇ ਪੀੜਤ ਪਰਵਾਰ ਨੂੰ ਇਕ ਕਰੋੜ ਦੀ ਰਾਸ਼ੀ ਮੁਆਵਜ਼ਾ ਦੇਣ ਤੋਂ ਇਲਾਵਾ ਸ਼ਹੀਦ ਦਾ ਦਰਜਾ ਦੇਣ ਸਮੇਤ ਬਹੁਤ ਸਾਰੀਆਂ ਮੁਲਾਜ਼ਮ ਮੰਗਾਂ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ 15 ਅਗਸਤ ਤੱਕ ਲਾਗੂ ਕਰਨ ਦਾ ਵਾਅਦਾ ਕੀਤਾ ਸੀ, ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਅੱਜ ਤੱਕ ਇਕ ਵੀ ਮੰਗ ਦਾ ਨਿਪਟਾਰਾ ਨਹੀਂ ਕੀਤਾ ਗਿਆ। ਬਿਜਲੀ ਮੰਤਰੀ ਅਤੇ ਪਾਵਰ ਮੈਨੇਜਮੈਂਟ ਦੀ ਵਾਅਦਾ-ਖਿਲਾਫ਼ੀ ਅਤੇ ਮੁਲਾਜ਼ਮ ਵਿਰੋਧੀ ਵਤੀਰੇ ਖਿਲਾਫ 21 ਅਗਸਤ ਤੋਂ ਚੱਲ ਰਹੇ ਸੰਘਰਸ਼ ਦੀ ਕੜੀ ਵਜੋਂ 1 ਸਤੰਬਰ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਨਿਊ ਅੰਮ੍ਰਿਤਸਰ ਵਿਖੇ ਦਿੱਤੇ ਜਾ ਰਹੇ ਰੋਸ ਧਰਨੇ ਅਤੇ ਝੰਡਾ ਮਾਰਚ ਨੂੰ ਕਾਮਯਾਬ ਕਰਨ ਤੋਂ ਇਲਾਵਾ ਬਿਜਲੀ ਕਾਮੇ ਫੀਲਡ ਵਿੱਚ ਵਰਕ-ਟੂ-ਰੂਲ ਕੰਮ ਕਰਦੇ ਹੋਏ 30 ਸਤੰਬਰ ਤੱਕ 8 ਘੰਟੇ ਦੀ ਬਣਦੀ ਡਿਊਟੀ ਕਰਦਿਆਂ 10, 11 ਅਤੇ 12 ਸਤੰਬਰ ਨੂੰ ਸਮੂਹਿਕ ਛੁੱਟੀ ਲੈ ਕੇ ਸੂਬਾ ਪੱਧਰ 'ਤੇ ਡਵੀਜ਼ਨ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕਰਨਗੇ। ਆਗੂਆਂ ਨੇ ਸਖਤ ਲਹਿਜੇ ਵਿੱਚ ਕਿਹਾ ਕਿ ਸੰਘਰਸ਼ ਤੋਂ ਨਿਕਲੇ ਸਿੱਟਿਆਂ ਦੀ ਜ਼ਿੰਮੇਵਾਰੀ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਹੋਵੇਗੀ।

ਸਾਂਝਾ ਫੋਰਮ ਅਤੇ ਏਕਤਾ ਮੰਚ ਦੇ ਆਗੂਆਂ ਨੇ ਵਿਭਾਗ ਵਿੱਚ ਕੰਮ ਕਰ ਰਹੀਆਂ ਭਰਾਤਰੀ ਜਥੇਬੰਦੀਆਂ ਅਤੇ ਪੈਨਸ਼ਨਰ ਜਥੇਬੰਦੀਆਂ ਨੂੰ 1 ਸਤੰਬਰ ਦੇ ਬਿਜਲੀ ਮੰਤਰੀ ਦੀ ਰਿਹਾਇਸ਼ 'ਤੇ ਦਿੱਤੇ ਜਾ ਰਹੇ ਰੋਸ ਧਰਨੇ ਵਿੱਚ ਪਹੁੰਚਣ ਸਮੇਤ ਚੱਲ ਰਹੇ ਸੰਘਰਸ਼ ਦੀ ਹਮਾਇਤ ਕਰਨ ਦੀ ਜ਼ੋਰਦਾਰ ਅਪੀਲ ਕੀਤੀ ਹੈ।

## ਦੁਖੀ ਰਾਸ਼ਟਰਪਤੀ ਬੋਲੀ : ਬਹੁਤ ਹੋ ਗਿਆ !



**ਨਵੀਂ ਦਿੱਲੀ** : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕੋਲਕਾਤਾ 'ਚ ਡਾਕਟਰ ਦੇ ਬਲਾਤਕਾਰ ਅਤੇ ਕਤਲ 'ਤੇ ਪਹਿਲੀ ਵਾਰ ਬੋਲਦਿਆਂ ਔਰਤਾਂ ਖਿਲਾਫ ਲਗਾਤਾਰ ਹੋ ਰਹੇ ਅਪਰਾਧਾਂ 'ਤੇ ਆਪਣਾ ਗੁੱਸਾ ਜ਼ਾਹਰ ਕੀਤਾ ਹੈ। ਉਨ੍ਹਾ ਆਪਣੇ ਲੇਖ 'ਚ ਕਿਹਾ—ਸਾਨੂੰ ਔਰਤਾਂ ਵਿਰੁੱਧ ਅਪਰਾਧਾਂ 'ਚ ਹਾਲ ਹੀ 'ਚ ਹੋਏ ਵਾਧੇ ਬਾਰੇ ਇਮਾਨਦਾਰੀ ਨਾਲ ਆਤਮ-ਪੜਚੋਲ ਕਰਨ ਅਤੇ ਇਸ ਬਿਮਾਰੀ ਨੂੰ ਜੜ੍ਹੋਂ ਪੁੱਟਣ ਦੀ ਲੋੜ ਹੈ। ਕੋਲਕਾਤਾ 'ਚ ਡਾਕਟਰ ਦੇ ਬਲਾਤਕਾਰ ਅਤੇ ਕਤਲ ਦੀ ਘਿਨਾਉਣੀ ਘਟਨਾ ਨੇ ਦੇਸ਼ ਨੂੰ ਹਿਲਾ ਦਿੱਤਾ ਹੈ। ਜਦੋਂ ਮੈਂ ਇਹ ਖਬਰ ਸੁਣੀ ਤਾਂ ਮੈਂ ਬਹੁਤ ਦੁਖੀ ਹੋਈ। ਸਭ ਤੋਂ ਨਿਰਾਸ਼ਾਜਨਕ ਗੱਲ ਇਹ ਹੈ ਕਿ ਇਹ ਕੋਈ ਵੱਖਰਾ ਮਾਮਲਾ ਨਹੀਂ, ਇਹ ਔਰਤਾਂ ਵਿਰੁੱਧ ਅਪਰਾਧਾਂ ਦੀ ਲੜੀ ਦਾ ਹਿੱਸਾ ਹੈ। ਇੱਥੋਂ ਤੱਕ ਕਿ ਜਦੋਂ ਕੋਲਕਾਤਾ 'ਚ ਵਿਦਿਆਰਥੀ, ਡਾਕਟਰ ਅਤੇ ਨਾਗਰਿਕ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ, ਅਪਰਾਧੀ ਸ਼ਿਕਾਰੀਆਂ ਵਾਂਗ ਕਿਤੇ ਹੋਰ ਲੁਕੇ ਹੋਏ ਹਨ। ਇੱਥੋਂ ਤੱਕ ਕਿ ਸਕੂਲ ਦੀਆਂ ਛੋਟੀਆਂ ਕੁੜੀਆਂ ਵੀ ਪੀੜਤਾਂ 'ਚ ਸ਼ਾਮਲ ਹਨ। ਕੋਈ ਵੀ ਸੱਭਿਅਕ ਸਮਾਜ ਧੀਆਂ-ਭੈਣਾਂ ਨਾਲ ਅਜਿਹਾ ਸਲੂਕ ਬਰਦਾਸ਼ਤ ਨਹੀਂ ਕਰ ਸਕਦਾ। ਦੇਸ਼ 'ਚ ਰੋਸ ਹੋਣਾ ਸੁਭਾਵਕ ਹੈ ਤੇ ਮੈਂ ਵੀ ਗੁੱਸੇ 'ਚ ਹਾਂ। ਧੀਆਂ ਪ੍ਰਤੀ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਦੀ ਆਜ਼ਾਦੀ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰੀਏ, ਤਾਂ ਹੀ ਅਸੀਂ ਸਾਰੇ ਮਿਲ ਕੇ ਅਗਲੀ ਰੱਖੜੀ 'ਤੇ ਉਨ੍ਹਾਂ ਬੱਚਿਆਂ ਦੇ ਮਾਸੂਮ ਸਵਾਲਾਂ ਦਾ ਦ੍ਰਿੜ੍ਹਤਾ ਨਾਲ ਜਵਾਬ ਦੇ ਸਕਾਂਗੇ। ਆਓ! ਆਪਾਂ ਸਾਰੇ ਮਿਲ ਕੇ ਕਹੀਏ ਕਿ ਬਹੁਤ ਹੋ ਗਿਆ!

## ਅੱਜ-ਨਾਮਾ

ਜਿਹੜਾ ਛੱਡ ਕੇ ਚਲਾ ਗਿਆ ਕਾਂਗਰਸ ਨੂੰ,
ਹੋਇਆ ਖੱਜਲ ਤਾਂ ਪਿਆ ਹੈ ਪਰਤ ਬੇਲੀ।
ਨਹੀਂ ਕੁਝ ਉਨ੍ਹਾਂ ਵੀ ਗਏ ਨੂੰ ਪੁੱਛਿਆ ਸੀ,
ਕਾਂਗਰਸ ਵੱਲੋਂ ਵੀ ਕੋਈ ਨਾ ਸ਼ਰਤ ਬੇਲੀ।
ਬੰਦਾ ਸੋਚੇ ਪਿਆ ਵਰਤ ਲਵਾਂ ਪਾਰਟੀ ਨੂੰ,
ਪਾਰਟੀ ਏਹਨੂੰ ਵੀ ਰਹੀ ਆ ਵਰਤ ਬੇਲੀ।
ਇਹਦੇ ਖਿਸਕਣ ਤੋਂ ਪਾਰਟੀ ਸਦਾ ਚੌਕਸ,
ਇਹ ਵੀ ਪਾਰਟੀ ਤੋਂ ਅੰਦਰੋਂ ਡਰਤ ਬੇਲੀ।
ਸਾਰੀ ਸਿਆਸਤ ਹੈ ਗਰਕੀ ਪੰਜਾਬ ਅੰਦਰ,
ਰਿਹਾ ਨਹੀਂ ਕਿਸੇ ਦਾ ਦੀਨ-ਈਮਾਨ ਬੇਲੀ।
ਵਿਖਾਵਾ ਕਰਨ ਨੂੰ ਕਹਿੰਦੇ ਆ ਲੋਕਤੰਤਰ,
ਸਿਰਾਂ ਵਿੱਚ ਗਿਆ ਈ ਬੈਠ ਸ਼ੈਤਾਨ ਬੇਲੀ।

-ਤੀਸ ਮਾਰ ਖਾਂ

## ਐਂਟੀ-ਨਾਰਕੋਟਿਕਸ ਟਾਸਕ ਫੋਰਸ ਦੇ ਨਵੇਂ ਦਫ਼ਤਰ ਦਾ ਉਦਘਾਟਨ



**ਮੁਹਾਲੀ (ਗੁਰਜੀਤ ਬਿੱਲਾ)**-ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਆਪਣੀ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਐਂਟੀ ਨਾਰਕੋਟਿਕਸ ਟਾਸਕ ਫੋਰਸ (ਏ ਐੱਨ ਟੀ ਐੱਫ) ਦਾ ਨਵਾਂ ਦਫ਼ਤਰ ਲੋਕਾਂ ਨੂੰ ਸਮਰਪਿਤ ਕੀਤਾ ਅਤੇ ਨਸ਼ਾ ਵਿਰੋਧੀ ਹੈੱਲਪ ਲਾਈਨ ਤੇ ਵਟਸਐਪ ਚੈਟਬੋਟ (97791-00200) ਦੀ ਸ਼ੁਰੂਆਤ ਕੀਤੀ।

ਨਵੇਂ ਬਣੇ ਦਫ਼ਤਰ ਦਾ ਉਦਘਾਟਨ ਕਰਨ ਅਤੇ ਹੈੱਲਪ ਲਾਈਨ ਦੀ ਸ਼ੁਰੂਆਤ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੌਜੂਦਾ ਵਿਸ਼ੇਸ਼ ਟਾਸਕ ਫੋਰਸ ਦੀ ਬਜਾਏ 'ਅਪੈਕਸ ਸਟੇਟ ਲੈਵਲ ਡਰੱਗ ਲਾਅ ਇਨਫੋਰਸਮੈਂਟ ਯੂਨਿਟ' ਨੂੰ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏ ਐੱਨ ਟੀ ਐੱਫ) ਵਜੋਂ ਨਵਾਂ ਰੂਪ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾ ਦੱਸਿਆ ਕਿ ਇਹ ਸੈੱਲ ਪੁਲਸ ਸਟੇਸ਼ਨ ਸੋਹਾਣਾ, ਸੈਕਟਰ-79 ਐੱਸ ਏ ਐੱਸ ਨਗਰ ਦੀ ਦੂਜੀ ਮੰਜ਼ਿਲ 'ਤੇ ਕੰਮ ਕਰੇਗਾ। ਹਾਲ ਹੀ ਵਿੱਚ 90 ਲੱਖ ਰੁਪਏ ਦੀ ਲਾਗਤ ਨਾਲ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਹੈੱਲਪ ਲਾਈਨ ਆਮ ਨਾਗਰਿਕਾਂ ਅਤੇ ਨਸ਼ਾ ਪੀੜਤਾਂ ਨੂੰ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦੇਣ ਦਾ ਮੌਕਾ ਪ੍ਰਦਾਨ ਕਰੇਗੀ ਅਤੇ ਨਸ਼ਾ ਛੱਡਣ ਦੇ ਇਰਾਦੇ ਵਾਲੇ ਪੀੜਤਾਂ ਲਈ ਡਾਕਟਰੀ ਸਹਾਇਤਾ ਯਕੀਨੀ ਬਣਾਏਗੀ। ਉਨ੍ਹਾ ਉਮੀਦ ਪ੍ਰਗਟਾਈ ਕਿ ਇਸ ਨਾਲ ਜ਼ਮੀਨੀ ਪੱਧਰ 'ਤੇ ਨਸ਼ਿਆਂ ਦੀ ਤਸਕਰੀ ਰੋਕਣ ਅਤੇ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਦੀ ਪਛਾਣ ਕਰਨ ਵਿੱਚ ਮਦਦ ਮਿਲੇਗੀ ਅਤੇ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ। ਮਾਨ ਨੇ ਕਿਹਾ ਕਿ ਟਾਸਕ ਫੋਰਸ ਸਿਰਫ਼ ਨਵੀਂ ਬੋਤਲ ਵਿਚ ਪੁਰਾਣੀ ਸ਼ਰਾਬ ਹੀ ਨਹੀਂ, ਸਗੋਂ ਇਸ ਨਵੀਂ ਵਿਸ਼ੇਸ਼ ਫੋਰਸ ਨੂੰ ਨਸ਼ਿਆਂ ਦੀ ਅਲਾਮਤ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਵਾਧੂ ਮੁਲਾਜ਼ਮ, ਸਾਧਨਾਂ ਅਤੇ ਤਕਨਾਲੋਜੀ ਨਾਲ ਲੈਸ ਕੀਤਾ ਗਿਆ ਹੈ। ਉਹਨਾ ਕਿਹਾ ਕਿ ਏ ਐੱਨ ਟੀ ਐੱਫ ਦੀ ਮੌਜੂਦਾ ਮੁਲਾਜ਼ਮਾਂ ਦੀ ਗਿਣਤੀ ਨੂੰ 400 ਤੋਂ ਦੁੱਗਣਾ ਕਰ ਕੇ 861 ਕੀਤਾ ਜਾ ਰਿਹਾ ਹੈ ਅਤੇ ਪੁਲਸ ਵਿਭਾਗ ਲਈ ਆਉਣ ਵਾਲੀਆਂ 10,000 ਨਵੀਂਆਂ ਅਸਾਮੀਆਂ ਦੇ ਹਿੱਸੇ ਵਜੋਂ ਏ ਐੱਨ ਟੀ ਐੱਫ ਲਈ ਇਹ ਨਵੀਂਆਂ ਅਸਾਮੀਆਂ ਬਣਾਈਆਂ ਜਾਣਗੀਆਂ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਨੇ ਮੌਜੂਦਾ ਵਿੱਤੀ ਸਾਲ 2024-25 ਵਿੱਚ ਏ ਐੱਨ ਟੀ ਐੱਫ ਦੀ ਨਵੀਂ ਸਥਾਪਤ ਇੰਟੈਲੀਜੈਂਸ ਅਤੇ ਤਕਨੀਕੀ ਇਕਾਈ ਨੂੰ ਅਤਿ-ਆਧੁਨਿਕ ਏਜੰਸੀ ਵਜੋਂ ਵਿਕਸਤ ਕਰਨ ਲਈ ਹਾਈ-ਟੈੱਕ ਸਾਫਟਵੇਅਰ, ਹਾਰਡਵੇਅਰ ਦੀ ਖ਼ਰੀਦ ਅਤੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਲਈ 12 ਕਰੋੜ ਰੁਪਏ ਮੁਹੱਈਆ ਕਰਵਾਏ ਹਨ। ਏ ਐੱਨ ਟੀ ਐੱਫ ਦੀ ਬਿਹਤਰੀ ਲਈ 14 ਨਵੀਂਆਂ ਮਹਿੰਦਰਾ ਸਕਾਰਪੀਓ ਗੱਡੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਏ ਐੱਨ ਟੀ ਐੱਫ ਨੂੰ ਮੋਹਾਲੀ ਵਿਖੇ ਆਪਣਾ ਸੁਤੰਤਰ ਹੈੱਡਕੁਆਰਟਰ ਸਥਾਪਤ ਕਰਨ ਲਈ ਇਕ ਏਕੜ ਦੀ ਵੱਖਰੀ ਜ਼ਮੀਨ ਮੁਹੱਈਆ ਕਰਵਾਈ ਜਾਵੇਗੀ। ਸੂਬਾ ਸਰਕਾਰ ਦੀ ਇਨਫੋਰਸਮੈਂਟ-ਨਸ਼ਾ ਮੁਕਤੀ-ਰੋਕਥਾਮ (ਈ ਡੀ ਪੀ) ਰਣਨੀਤੀ ਨੂੰ ਲਾਗੂ ਕਰਨ ਲਈ ਪੰਜਾਬ ਸਟੇਟ ਕੈਂਸਰ ਅਤੇ ਡੀ ਅਡਿਕਸ਼ਨ ਟਰੀਟਮੈਂਟ ਇਨਫਰਾਸਟਰਕਚਰ ਫੰਡ (ਸੀ ਏ ਡੀ ਏ ਫੰਡ) ਵਿੱਚੋਂ 10 ਕਰੋੜ ਰੁਪਏ ਏ.ਐੱਨ ਟੀ ਐੱਫ ਲਈ ਮਨਜ਼ੂਰ ਕੀਤੇ ਜਾਣਗੇ।ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੀ ਤਸਕਰੀ ਵਿੱਚ ਸ਼ਾਮਲ ਕਈ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਡੱਕਿਆ ਗਿਆ ਹੈ ਅਤੇ ਉਨ੍ਹਾਂ ਵਿਰੁੱਧ ਐੱਫ ਆਈ ਆਰ ਦਰਜ ਕੀਤੀਆਂ ਗਈਆਂ ਹਨ ਅਤੇ 379 ਨਸ਼ਾ ਤਸਕਰਾਂ ਦੀਆਂ 173 ਕਰੋੜ ਰੁਪਏ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ।

ਉਹਨਾ ਕਿਹਾ ਕਿ ਕੇਂਦਰ ਸਰਕਾਰ ਅਤੇ ਐੱਨ ਐੱਚ ਏ ਆਈ ਨੂੰ ਪੰਜਾਬ ਦੀ ਉਪਜਾਊ ਜ਼ਮੀਨ ਦੀ ਦੂਜੇ ਰਾਜਾਂ ਨਾਲ ਤੁਲਨਾ ਬੰਦ ਕਰਨੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਜ਼ਮੀਨ ਪ੍ਰਾਪਤੀ ਨੂੰ ਲੈ ਕੇ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਕੋਈ ਸਮੱਸਿਆ ਨਹੀਂ, ਪਰ ਮਾਮਲਾ ਸਿਰਫ਼ ਜ਼ਮੀਨ ਦੇ ਢੁਕਵੇਂ ਭਾਅ ਦਾ ਹੈ। ਮਾਨ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਨੂੰ ਜ਼ਮੀਨੀ ਹਕੀਕਤ ਤੋਂ ਪਹਿਲਾਂ ਹੀ ਜਾਣੂ ਕਰਵਾ ਚੁੱਕੇ ਹਨ ਅਤੇ ਸੂਬੇ ਵਿੱਚ ਜ਼ਮੀਨ ਪ੍ਰਾਪਤੀ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ।

ਨਵਾਂ ਜ਼ਮਾਨਾ
ਵੀਰਵਾਰ, 29 ਅਗਸਤ 2024

# ਝਾਰਖੰਡ 'ਚ ਕਾਰਪੋਰੇਟ ਲਾਬੀ ਸਰਗਰਮ

ਕਈ ਦਿਨਾਂ ਦੀ ਜੱਕੋਤੱਕੀ ਤੋਂ ਬਾਅਦ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਚੰਪਈ ਸੋਰੇਨ ਨੇ 30 ਅਗਸਤ ਨੂੰ ਭਾਜਪਾ ਵਿਚ ਸ਼ਾਮਲ ਹੋ ਜਾਣ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਉਨ੍ਹਾ 26 ਅਗਸਤ ਦੀ ਰਾਤ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਸੀ। ਚੰਪਈ ਸੋਰੇਨ ਵਰਤਮਾਨ ਮੁੱਖ ਮੰਤਰੀ ਹੇਮੰਤ ਸੋਰੇਨ ਦੇ ਪਿਤਾ ਸ਼ਿਬੂ ਸੋਰੇਨ ਨਾਲ ਮਿਲ ਕੇ ਝਾਰਖੰਡ ਦੇ ਲੋਕਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਦੇ ਘੋਲ ਵਿਚ ਸ਼ਾਮਲ ਰਹੇ। ਕੱਦਾਵਰ ਨੇਤਾ ਹੋਣ ਕਾਰਨ ਹੀ ਹੇਮੰਤ ਸੋਰੇਨ ਦੇ ਮਨੀ ਲਾਂਡਰਿੰਗ ਕੇਸ ਵਿਚ ਗ੍ਰਿਫਤਾਰ ਹੋਣ ਤੋਂ ਪਹਿਲਾਂ ਉਨ੍ਹਾ ਨੂੰ ਮੁੱਖ ਮੰਤਰੀ ਦੀ ਕੁਰਸੀ ਸੰਭਾਲੀ ਗਈ। ਹੇਮੰਤ ਸੋਰੇਨ ਦੇ ਜੇਲ੍ਹ ਵਿੱਚੋਂ ਬਾਹਰ ਆਉਣ 'ਤੇ ਉਨ੍ਹਾ ਨੂੰ ਹੇਮੰਤ ਲਈ ਕੁਰਸੀ ਖਾਲੀ ਕਰਨ ਲਈ ਕਿਹਾ ਗਿਆ ਤਾਂ ਉਹ ਨਾਰਾਜ਼ ਹੋ ਗਏ ਤੇ ਨਵਾਂ ਰਾਹ ਤਲਾਸ਼ਣ ਲੱਗੇ। ਪਿੱਛੇ ਜਿਹੇ ਉਨ੍ਹਾ ਨਵੀਂ ਪਾਰਟੀ ਤੱਕ ਬਣਾਉਣ ਦੀ ਗੱਲ ਵੀ ਕਹੀ, ਪਰ ਆਖਰ ਭਾਜਪਾ ਦੀ ਝੋਲੀ 'ਚ ਹੀ ਪੈਣ ਦਾ ਅੰਤਮ ਫੈਸਲਾ ਲਿਆ।

ਚੰਪਈ ਸੋਰੇਨ ਨੇ ਭਾਜਪਾ ਵਿਚ ਜਾਣ ਦਾ ਫੈਸਲਾ ਇਸ ਇਤਿਹਾਸ ਨੂੰ ਜਾਣਦੇ ਹੋਏ ਲਿਆ ਹੈ ਕਿ ਝਾਰਖੰਡ ਮੁਕਤੀ ਮੋਰਚਾ ਛੱਡ ਕੇ ਜਿਹੜੇ ਵੀ ਆਗੂ ਭਾਜਪਾ 'ਚ ਗਏ, ਉਹ ਅੰਤ ਨੂੰ ਹਾਸ਼ੀਏ 'ਤੇ ਚਲੇ ਗਏ। ਦੋ ਵਾਰ ਵਿਧਾਇਕ ਤੇ ਇਕ ਵਾਰ ਸਾਂਸਦ ਰਹੇ ਕੱਦਾਵਰ ਆਗੂ ਕ੍ਰਿਸ਼ਣਾ ਮਰਾਂਡੀ 2006 ਵਿਚ ਭਾਜਪਾ 'ਚ ਗਏ ਸਨ ਤੇ ਅੱਜ ਉਨ੍ਹਾ ਦਾ ਕੋਈ ਨਾਂਅ ਨਹੀਂ ਲੈਂਦਾ। ਇਹੀ ਹਾਲ ਸ਼ਿਬੂ ਸੋਰੇਨ ਤੋਂ ਬਾਅਦ ਨੰਬਰ ਦੋ ਮੰਨੇ ਜਾਂਦੇ ਸੂਰਜ ਮੰਡਲ, ਮੰਤਰੀ ਤੱਕ ਰਹੇ ਦੁਲਾਲ ਭੁਈਆਂ, ਕੁਣਾਲ ਸ਼ਾਂੜਗੀ, ਸੀਤਾ ਸੋਰੇਨ ਵਰਗਿਆਂ ਦਾ ਹੋਇਆ। ਝਾਰਖੰਡ ਵਿਚ ਆਦਿਵਾਸੀਆਂ ਦੀ ਹਮਾਇਤ ਤੋਂ ਬਿਨਾਂ ਭਾਜਪਾ ਦੇ ਸੱਤਾ ਵਿਚ ਆਉਣ ਦੀ ਸੰਭਾਵਨਾ ਨਹੀਂ। ਅਸੰਬਲੀ ਚੋਣਾਂ ਦੋ ਕੁ ਮਹੀਨਿਆਂ ਤੱਕ ਹੋਣ ਵਾਲੀਆਂ ਹਨ। ਇਸ ਲਈ ਭਾਜਪਾ ਝਾਰਖੰਡ ਮੁਕਤੀ ਮੋਰਚਾ ਨੂੰ ਤੋੜਨ ਲਈ ਪੂਰਾ ਜ਼ੋਰ ਲਾ ਰਹੀ ਹੈ। ਇਸ ਵਿਚ ਗੁਜਰਾਤ ਦੀ ਕਾਰਪੋਰੇਟ ਲਾਬੀ ਵੀ ਅਸਿੱਧੇ ਤੌਰ 'ਤੇ ਸਰਗਰਮ ਭੂਮਿਕਾ ਨਿਭਾ ਰਹੀ ਹੈ, ਜਿਸ ਦੀ ਨਜ਼ਰ ਝਾਰਖੰਡ ਦੇ ਖਣਿਜਾਂ 'ਤੇ ਹੈ। ਝਾਰਖੰਡ ਵਿਚ ਹੋਣ ਵਾਲੀ ਸਿਆਸੀ ਟੁੱਟ-ਭੱਜ ਪਿੱਛੇ ਕਾਰਪੋਰੇਟ ਲਾਬੀ ਦਾ ਵੱਡਾ ਰੋਲ ਹੈ। ਛੱਤੀਸਗੜ੍ਹ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਅਡਾਨੀ ਨੂੰ ਹਸਦੇਵ ਕੋਇਲਾ ਖਾਣ ਤੇ ਬੈਲਾਡੀਲਾ ਲੋਹਾ ਖਾਣ ਦੇ ਦਿੱਤੀ ਗਈ। ਹਸਦੇਵ ਦੀ ਦਸ਼ਾ ਪੂਰਾ ਦੇਸ਼ ਦੇਖ ਰਿਹਾ ਹੈ। ਓਡੀਸ਼ਾ ਵਿਚ ਭਾਜਪਾ ਸਰਕਾਰ ਬਣਨ ਤੋਂ ਬਾਅਦ ਅਡਾਨੀ ਨੇ ਬਾਕਸਾਈਟ ਵਿਚ ਪੂੰਜੀ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਸੰਭਵ ਹੈ ਕਿ ਬਹੁਤ ਛੇਤੀ ਹੀ ਭਾਜਪਾ ਸਰਕਾਰ ਆਦਿਵਾਸੀਆਂ ਤੋਂ ਨਿਯਮਗਿਰੀ ਪਹਾੜ ਖੋਹ ਕੇ ਅਡਾਨੀ ਨੂੰ ਦੇ ਦੇਵੇਗੀ। 2014 ਵਿਚ ਜਦੋਂ ਝਾਰਖੰਡ ਵਿਚ ਭਾਜਪਾ ਸਰਕਾਰ ਬਣੀ ਸੀ, ਤਦ ਗੋਡਾ ਵਿਚ ਆਦਿਵਾਸੀਆਂ ਦੇ ਝੋਨੇ ਦੀ ਲਹਿਲਹਾਉਂਦੀ ਫਸਲ 'ਤੇ ਬੁਲਡੋਜ਼ਰ ਚਲਾ ਕੇ ਅਡਾਨੀ ਦਾ ਕਬਜ਼ਾ ਕਰਵਾ ਦਿੱਤਾ ਗਿਆ ਸੀ। ਹੁਣ ਅਡਾਨੀ ਦੀ ਨਜ਼ਰ ਸਾਰੰਡਾ ਜੰਗਲ ਦੀ ਧਰਤੀ ਹੇਠਲੇ ਲੋਹੇ 'ਤੇ ਹੈ, ਜਿਸ ਲਈ ਝਾਰਖੰਡ ਵਿਚ ਭਾਜਪਾ ਸਰਕਾਰ ਜ਼ਰੂਰੀ ਹੈ। ਝਾਰਖੰਡ ਦੇ ਲੋਕਾਂ ਨੇ ਕਾਰਪੋਰੇਟ ਲਾਬੀ ਦਾ ਸ਼ਿਕਾਰ ਹੋਣ ਵਾਲੇ ਆਗੂਆਂ ਨੂੰ ਕਦੇ ਮੁਆਫ ਨਹੀਂ ਕੀਤਾ ਤੇ ਉਨ੍ਹਾਂ ਆਗੂਆਂ ਦੀ ਲਿਸਟ ਵਿਚ ਹੁਣ ਚੰਪਈ ਸੋਰੇਨ ਵੀ ਸ਼ਾਮਲ ਹੋਣ ਜਾ ਰਹੇ ਹਨ।

## ਅਜੋਕੇ ਸਮੇਂ 'ਚ ਮੋਬਾਇਲ ਦੀ ਵਰਤੋਂ ਕਿਵੇਂ ਕਰੀਏ ?

ਅਜੋਕੇ ਸਮੇਂ ਵਿੱਚ ਮੋਬਾਇਲ ਫੋਨ ਇੱਕ ਹਰਮਨ-ਪਿਆਰਾ ਸੰਚਾਰ ਦਾ ਸਾਧਨ ਹੀ ਨਹੀਂ, ਬਲਕਿ ਮਨੁੱਖੀ ਜੀਵਨ ਦਾ ਬਹੁਤ ਜ਼ਰੂਰੀ ਹਿੱਸਾ ਬਣ ਗਿਆ ਹੈ । ਜੇ ਕਿਸੇ ਸਮੇਂ ਫੋਨ ਕੋਲ ਨਾ ਹੋਵੇ ਤਾਂ ਮਨੁੱਖ ਆਪਣੇ ਆਪ ਨੂੰ ਅੰਗਹੀਣ ਸਮਝਣ ਲੱਗਦਾ ਹੈ । ਘਰ ਤੋਂ ਬਾਹਰ ਨਿਕਲਣ ਸਮੇਂ ਇੱਕ ਫੋਨ ਦਾ ਕੋਲ ਹੋਣਾ ਹੀ ਸਭ ਕੁਝ ਹੈ । ਉਹ ਨਹੀਂ ਰਹਿਣਾ ਚਾਹੀਦਾ । ਬੱਚੇ ਤੋਂ ਲੈ ਕੇ ਬਜ਼ੁਰਗ, ਹਰ ਇੱਕ ਵਿਅਕਤੀ ਚਾਹੇ ਉਹ ਅਮੀਰ ਹੈ ਜਾਂ ਗਰੀਬ, ਭਾਵੇਂ ਉਹ ਕਿਸੇ ਵੀ ਖੇਤਰ ਵਿੱਚ ਕੰਮ ਕਰਦਾ ਹੋਵੇ, ਉਸ ਨੂੰ ਇੰਝ ਲੱਗਦਾ ਹੈ ਕਿ ਮੋਬਾਈਲ ਤੋਂ ਬਿਨਾਂ ਉਸ ਦਾ ਸਰਦਾ ਹੀ ਨਹੀਂ । ਹਰ ਇੱਕ ਵਿਅਕਤੀ ਇਸ ਦਾ ਪ੍ਰਯੋਗ ਕਰਨਾ ਜਾਣਦਾ ਹੈ, ਚਾਹੇ ਉਹ ਪੜ੍ਹਿਆ ਹੈ ਜਾਂ ਅਨਪੜ੍ਹ। ਮੋਬਾਇਲ ਫੋਨ ਇੱਕ ਵਾਇਰਲੈੱਸ ਹੈਂਡ ਹੋਲਡ ਡਿਵਾਇਸ ਹੈ । ਸ਼ੁਰੂ ਵਿੱਚ ਇਸ ਦੀ ਵਰਤੋਂ ਕਾਲ ਕਰਨ ਤੇ ਸੁਣਨ ਲਈ ਕੀਤੀ ਜਾਂਦੀ ਸੀ । ਅੱਜ ਇੰਟਰਨੈੱਟ ਦੀ ਸੁਵਿਧਾ ਨਾਲ ਜਿੰਦਗੀ ਦੇ ਹਰ ਖੇਤਰ ਵਿੱਚ ਇਸ ਦਾ ਯੋਗਦਾਨ ਵਧ ਗਿਆ ਹੈ, ਚਾਹੇ ਉਹ ਮਨੋਰੰਜਨ ਕਰਨਾ, ਪੜ੍ਹਨਾ, ਨੱਚਣਾ, ਗਾਉਣਾ, ਯੋਗਾ, ਮੈਡੀਕਲ, ਰਸੋਈ, ਸੁਨੇਹਾ ਭੇਜਣਾ, ਰੁਜ਼ਗਾਰ ਆਦਿ ਹੋਵੇ। ਮੋਬਾਇਲ ਫੋਨ ਦੀ ਵਰਤੋਂ ਨਾਲ ਅੱਜ ਵਿਅਕਤੀ ਕਿਸੇ ਵੀ ਕੰਮ ਦੀ ਜਾਣਕਾਰੀ ਹਾਸਲ ਕਰ ਕੇ ਉਸ ਨੂੰ ਕਰ ਸਕਦਾ ਹੈ । ਅੱਜ ਦੀਆਂ ਮਾਵਾਂ ਇੱਕ ਛੋਟੇ ਜਿਹੇ ਬੱਚੇ ਨੂੰ ਜੋ ਅਜੇ ਤੁਰਦਾ ਤੱਕ ਨਹੀਂ, ਕਵਿਤਾ ਜਾਂ ਹਾਸੇ ਵਾਲੀ ਵੀਡੀਓ ਲਗਾ ਕੇ ਦੇ ਦਿੰਦੀਆਂ ਹਨ। ਬੱਚੇ ਨੂੰ ਇਹ ਆਦਤ ਏਨੀ ਪੈ ਜਾਂਦੀ ਹੈ ਕਿ ਉਹ ਖਾਣਾ ਖਾਣ ਸਮੇਂ ਵੀ ਫੋਨ ਦੀ ਮੰਗ ਹੀ ਕਰਦਾ ਹੈ। ਮਾਪੇ ਮਜਬੂਰ ਹੋ ਜਾਂਦੇ ਹਨ ਅਤੇ ਉਨ੍ਹਾਂ ਕੋਲ ਬੱਚੇ ਨੂੰ ਸਮਝਾਉਣ ਦਾ ਕੋਈ ਰਾਹ ਨਹੀਂ ਰਹਿ ਜਾਂਦਾ । ਮੋਬਾਇਲ ਫੋਨ ਹੈ ਤਾਂ ਇੱਕ ਛੋਟੀ ਜਿਹੀ ਮਸ਼ੀਨ। ਮਨੁੱਖੀ ਵਿਕਾਸ ਦੀ ਇਸ ਵਿਗਿਆਨਕ ਕਾਢ ਦੇ ਅਣਗਿਣਤ ਲਾਭਾਂ ਨੇ ਜੀਵਨ ਨੂੰ ਅਸਾਨ ਬਣਾ ਦਿੱਤਾ ਹੈ । ਇਸ ਦੀ ਦੇਣ ਨਾਲ ਅੱਜ ਘਰ ਬੈਠੈ ਹੀ ਬਿਜਲੀ ਦੇ ਬਿੱਲ, ਫੋਨ ਦੇ ਬਿੱਲ, ਟਿਕਟ ਬੁਕਿੰਗ, ਹੋਟਲ ਬੁਕਿੰਗ, ਬੈਂਕਾਂ ਦੇ ਕੰਮ, ਇੱਥੇ ਤੱਕ ਕਿ ਖਾਣਾ ਬੁੱਕ ਹੋਣ ਤੋਂ ਬਾਅਦ ਸਾਡੇ ਤੱਕ ਪਹੁੰਚਣਾ ਸਾਰੀਆਂ ਸੁਵਿਧਾਵਾਂ ਦਾ ਅਨੰਦ ਮਾਣ ਸਕਦੇ ਹਾਂ । ਇਹ ਬਹੁਤ ਲੋਕਾਂ ਦੇ ਰੁਜ਼ਗਾਰ ਦਾ ਸਾਧਨ ਹੈ । ਸਾਰੇ ਸੰਸਾਰ ਨੂੰ ਇਸ ਨੇ ਇੱਕ ਮੁੱਠੀ ਵਿੱਚ ਕਰ ਦਿੱਤਾ ਹੈ। ਵੀਡੀਓ ਕਾਲਿੰਗ ਦੀ ਸਹਾਇਤਾ ਨਾਲ ਬੈਠੇ ਸਾਡੇ ਰਿਸ਼ਤੇਦਾਰ ਸਾਥੀ ਸੱਜਣ ਆਪਣੇ ਨਾਲ ਬੈਠੇ ਮਹਿਸੂਸ ਹੁੰਦੇ ਹਨ। ਮੋਬਾਇਲ ਫੋਨ ਦੇ ਅਣਗਿਣਤ ਲਾਭਾਂ ਦੇ ਨਾਲ ਇਸ ਦੇ ਦੂਜੇ ਪੱਖ ਨੂੰ ਵੀ ਅਣਦੇਖਿਆ ਨਹੀਂ ਕੀਤਾ ਜਾ ਸਕਦਾ । ਖਾਸ ਤੌਰ 'ਤੇ ਵਿਦਿਆਰਥੀ ਵਰਗ, ਛੋਟੇ ਛੋਟੇ ਬੱਚੇ ਗੇਮਾਂ ਖੇਡਣੀਆਂ, ਰੀਲ੍ਹਾਂ ਦੇਖਣੀਆਂ, ਅਣਲੋੜੀਦੀਂ ਜਾਣਕਾਰੀ ਪ੍ਰਾਪਤ ਕਰਨੀ, ਇਸ ਨਾਲ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਪ੍ਰਭਾਵਤ ਹੋ ਰਿਹਾ ਹੈ। ਅਸੀਂ ਹਰ ਰੋਜ਼ ਕੋਈ ਨਾ ਕੋਈ ਖਬਰ ਅਜਿਹੀ ਸੁਣ ਲੈਂਦੇ ਹਾਂ ਕਿ ਇਹ ਕਿਸੇ ਬੱਚੇ ਨੂੰ ਹਾਰਟ ਅਟੈਕ, ਦਿਮਾਗੀ ਅਸੰਤੁਲਨ ਤੇ ਕਈ ਵਾਰ ਮੌਤ ਦਾ ਕਾਰਨ ਬਣਦੇ ਹਨ । ਇਸ ਤੋਂ ਇਲਾਵਾ ਕਈ ਤਰ੍ਹਾਂ ਦੇ ਅਪਰਾਧ ਜਿਵੇਂ : ਕ੍ਰੈਡਿਟ ਕਾਰਡ, ਬੈਂਕ ਕਾਰਡ ਤੇ ਹੋਰ ਕਈ ਜਾਣਕਾਰੀਆਂ ਦਾ ਚੋਰੀ ਹੋ ਜਾਣਾ । ਅਜਿਹੀਆਂ ਆਨਲਾਈਨ ਚੋਰੀਆਂ ਅਤੇ ਡਾਕੇ ਬਹੁਤ ਵਧ ਗਏ ਹਨ । ਅਜਿਹੀ ਸੋਚ ਵਾਲੇ ਲੋਕ ਬਹੁਤ ਸਾਰੇ ਅਪਰਾਧ ਕਰਨ ਵਿੱਚ ਸਫਲ ਵੀ ਹੋ ਗਏ ਹਨ ।ਪਹਿਲਾਂ ਸ਼ੁਰੂਆਤੀ ਸਮੇਂ ਵਿੱਚ ਫੋਨ ਦਾ ਖਰਚ ਵੱਧ ਸੀ ਅਤੇ ਵਰਤੋਂ ਸੀਮਤ ਸੀ। ਨੈੱਟ ਪੈਕ ਬਹੁਤ ਮਹਿੰਗੇ ਸਨ । ਅੱਜ ਕੰਪਨੀਆਂ ਨਿਸਚਿਤ ਕੀਮਤ ਤੇ ਅਣਲਿਮਟਡ ਕਾਲ ਤੇ ਨੈੱਟ ਦੀ ਸੁਵਿਧਾ ਦੇ ਰਹੀਆਂ ਹਨ । ਜਿਸ ਕਾਰਨ ਮਨੁੱਖ ਦੇ ਹੱਥੋਂ ਫੋਨ ਨਹੀਂ ਲਹਿੰਦਾ । ਅਖੀਰ ਗੱਲ ਇਹ ਹੈ ਕਿ ਜੇਕਰ ਮੋਬਾਇਲ ਫੋਨ ਦੀ ਵਰਤੋਂ ਸਹੀ ਤਰੀਕੇ ਨਾਲ ਕੀਤੀ ਜਾਵੇ ਤਾਂ ਅਸੀਂ ਇਸ ਦੀਆਂ ਸੁਵਿਧਾਵਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਦੇ ਹਾਂ ਅਤੇ ਵਿਕਾਸ ਦੇ ਰਾਹ 'ਤੇ ਅੱਗੇ ਵਧ ਕੇ ਤਰੱਕੀ ਕਰ ਸਕਦੇ ਹਾਂ। ਇਥੇ ਮਾਪਿਆਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਬੱਚਿਆਂ ਨੂੰ ਮੋਬਾਇਲ ਫੋਨ ਦੇਣ ਤੋਂ ਬਾਅਦ ਉਹਨਾਂ 'ਤੇ ਨਜ਼ਰ ਰੱਖਣ । ਸਮੇਂ-ਸਮੇਂ 'ਤੇ ਇਸ ਦੀ ਸਦਉਪਯੋਗਤਾ ਦੱਸਦੇ ਹੋਏ ਮਾੜੇ ਪ੍ਰਭਾਵਾਂ ਤੋਂ ਵੀ ਜਾਣੂ ਕਰਵਾਉਣ।

**ਕਵਿਤਾ ਰਾਣੀ**

# ਪੁਰਾਣੀ ਤੇ ਨਵੀਂ ਪੈਨਸ਼ਨ ਸਕੀਮ ਦਾ ਮਿਲਗੋਭਾ ਯੂ ਪੀ ਐੱਸ


ਯਸ਼ ਪਾਲ

ਜਿਸ ਗੱਲ ਦਾ ਅੰਦਾਜ਼ਾ/ਖਦਸ਼ਾ ਸੀ, ਕੇਂਦਰ ਦੀ ਮੋਦੀ ਸਰਕਾਰ ਵੱਲੋਂ ਅਪ੍ਰੈਲ, 2023 'ਚ ਬਣਾਈ ਗਈ ਪੈਨਸ਼ਨ ਰਿਵਿਊ ਕਮੇਟੀ ਦੀ ਪਟਾਰੀ 'ਚੋਂ ਉਹੀ ਸੱਪ ਨਿਕਲਿਆ ਹੈ। ਵਿਧਾਨ ਸਭਾਵਾਂ ਦੀਆਂ ਚੋਣਾਂ 'ਚ ਲੱਗੇ ਕੁਝ ਕੁ ਹਲਕੇ ਝਟਕਿਆਂ ਤੋਂ ਤ੍ਰਭਕੀ ਅਤੇ ਐੱਨ ਪੀ ਐੱਸ ਨੂੰ ਰੱਦ ਕਰਨ ਤੇ ਓ ਪੀ ਐੱਸ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਕੇਂਦਰ-ਰਾਜ ਸਰਕਾਰਾਂ ਦੇ ਲਗਭਗ ਇੱਕ ਕਰੋੜ ਕਰਚਾਰੀਆਂ ਦੇ ਚੱਲ ਰਹੇ ਸੰਘਰਸ਼ ਦੇ ਦਬਾਅ ਹੇਠ ਆਈ ਮੋਦੀ ਸਰਕਾਰ ਨੂੰ, 2024 ਦੀ ਪਾਰਲੀਮੈਂਟ ਚੋਣ-ਰਣਨੀਤੀ ਤਹਿਤ ਹੀ ਇਸ ਪੈਨਸ਼ਨ ਰਿਵਿਊ ਕਮੇਟੀ ਬਣਾਉਣ ਦਾ ਕੌੜਾ ਅੱਕ ਚੱਬਣਾ ਪਿਆ ਸੀ, ਪਰੰਤੂ ਇਸ ਰਿਵਿਊ ਕਮੇਟੀ ਦੀਆਂ ਹਵਾਲਾ ਸ਼ਰਤਾਂ 'ਚ ਇਹ ਦਰਜ ਸੀ ਕਿ ਐੱਨ ਪੀ ਐੱਸ ਰਾਹੀਂ ਲਾਗੂ ਕੀਤੇ ਗਏ ਪੈਨਸ਼ਨ ਸੁਧਾਰਾਂ ਦੀ ਸੂਈ ਨੂੰ ਪਿੱਛੇ ਨਹੀਂ ਮੋੜਨਾ। ਮਤਲਬ, ਸੰਸਾਰ ਬੈਂਕ/ ਮੁਦਰਾ ਕੋਸ਼/ ਵਿਸ਼ਵ ਵਪਾਰ ਸੰਗਠਨ ਦੀ ਤਿਕੜੀ ਵੱਲੋਂ ਨਿਰਦੇਸ਼ਤ ਕਾਰਪੋਰੇਟੀ ਆਰਥਿਕ ਸੁਧਾਰਾਂ ਦੀ ਕੜੀ 'ਚ ਹੀ ਕੀਤੇ ਗਏ ਬਿਨਾਂ ਫੰਡ ਜਮ੍ਹਾਂ ਕਰਾਏ ਦਿੱਤੀ ਜਾ ਰਹੀ ਗਰੰਟੀਸ਼ੁਦਾ ਪੈਨਸ਼ਨ ਬੰਦ ਕਰਨ ਵਾਲੇ ਪੈਨਸ਼ਨ ਸੁਧਾਰਾਂ ਨੂੰ ਆਂਚ ਨਾ ਆਏ। ਪਾਰਲੀਮੈਂਟ ਦੀਆਂ ਚੋਣਾਂ ਇਸ ਪੈਨਸ਼ਨ ਰਿਵਿਊ ਕਮੇਟੀ ਦੇ ਲਾਰੇ 'ਚ ਹੀ ਲੰਘਾਉਣੀਆਂ ਸਨ। ਇਸ ਸਮੇਂ ਦੌਰਾਨ ਖ਼ੁਦ ਪ੍ਰਧਾਨ ਮੰਤਰੀ ਮੋਦੀ ਤੇ ਉਸ ਦੇ ਵੱਡੇ-ਛੋਟੇ ਅਹਿਲਕਾਰਾਂ ਵੱਲੋਂ ਓ ਪੀ ਐੱਸ ਖ਼ਿਲਾਫ਼ ਉਸ ਦੀ ਮੰਗ ਕਰ ਰਹੇ ਕਰਮਚਾਰੀਆਂ ਖ਼ਿਲਾਫ਼ ਅਤੇ ਇਸ ਨੂੰ ਲਾਗੂ ਕਰਨ ਦੀ ਗੱਲ ਕਰਨ ਵਾਲੇ ਰਾਜਾਂ ਦੇ ਖ਼ਿਲਾਫ਼ ਕੂੜ/ਭੰਡੀ ਪ੍ਰਚਾਰ ਦੀ ਪੂਰੀ ਮੁਹਿੰਮ ਚਲਾਈ ਗਈ।

ਓ ਪੀ ਐੱਸ ਦੀ ਬਹਾਲੀ ਦਾ ਮਤਲਬ; ਕੇਂਦਰ/ਰਾਜ ਸਰਕਾਰ ਦੇ ਅਰਥਚਾਰੇ ਦਾ ਦਿਵਾਲਾ ਕੱਢਣਾ, ਕੰਮਚੋਰਾਂ (ਮੁਲਾਜ਼ਮਾਂ) ਨੂੰ ਇਨਾਮ ਦੇਣਾ, ਗਰੀਬਾਂ ਤੋਂ ਖੋਹ ਕੇ ਅਮੀਰਾਂ ਨੂੰ ਦੇਣਾ, ਨਵੀਂ ਪੀੜ੍ਹੀ ਦੇ ਟੈਕਸਾਂ ਨਾਲ ਪੁਰਾਣੀ ਪੀੜ੍ਹੀ ਨੂੰ ਸੁਵਿਧਾ ਦੇਣੀ, ਅੰਮ੍ਰਿਤਕਾਲ ਪੀੜ੍ਹੀ ਨਾਲ ਧ੍ਰੋਹ ਕਮਾਉਣਾ, ਰੇਵੜੀ ਕਲਚਰ ਨੂੰ ਬੜ੍ਹਾਵਾ ਦੇਣਾ, ਆਤਮਘਾਤੀ ਕਦਮ, ਕੀ-ਕੁਝ ਨਹੀਂ ਕਿਹਾ ਗਿਆ! ਮੋਦੀ ਤਾਂ ਇੱਥੋਂ ਤੱਕ ਵੀ ਕਹਿਣ ਤੱਕ ਗਏ ਓ ਪੀ ਐੱਸ ਬਹਾਲੀ ਵਰਗੀ, ਮੁਲਕ ਦੇ ਅਰਥਚਾਰੇ ਨੂੰ ਤਬਾਹ ਕਰਨ ਵਾਲੀ ਸਕੀਮ 'ਚ ਗਲਤਾਨ ਪਾਰਟੀਆਂ ਟੈਕਸ-ਦਾਤਿਆਂ ਦੀਆਂ ਸਭ ਤੋਂ ਵੱਡੀਆਂ ਦੁਸ਼ਮਣ ਹਨ, ਪਰੰਤੂ ਇਨ੍ਹਾਂ ਚੋਣਾਂ 'ਚ ਮੋਦੀ ਸਰਕਾਰ ਨੂੰ ਲੱਗੇ ਵੱਡੇ ਝਟਕੇ ਨੇ ਸਗੋਂ ਹੋਰ ਝੰਜੋੜ ਦਿੱਤਾ। ਸਿਰ 'ਤੇ ਖੜ੍ਹੀਆਂ 4-5 ਰਾਜਾਂ ਦੀਆਂ ਚੋਣਾਂ ਦੇ ਮੱਦੇ-ਨਜ਼ਰ ਪੈਨਸ਼ਨ ਰਿਵਿਊ ਕਮੇਟੀ ਨੂੰ ਮੋਦੀ ਸਰਕਾਰ ਵੱਲੋਂ ਐੱਨ ਪੀ ਐੱਸ ਤੇ ਓ ਪੀ ਐੱਸ ਦੋਵਾਂ ਦੇ ਸੰਤੁਲਨ ਵਾਲੀ ਰਿਪੋਰਟ ਫੌਰੀ ਜਾਰੀ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ, ਜਿਸ ਦੇ ਸੋਹਲੇ ਗਾ ਕੇ ਪ੍ਰਚਾਰ ਕੀਤਾ ਜਾ ਸਕੇ, ਜਦਕਿ ਐੱਨ ਪੀ ਐੱਸ ਦੇ ਹੱਕ 'ਚ ਕਹਿਣ ਨੂੰ ਤਾਂ ਸਰਕਾਰ ਦੇ ਹੱਥ-ਪੱਲੇ ਕੁਝ ਵੀ ਨਹੀਂ ਸੀ ਤੇ ਓ ਪੀ ਐੱਸ ਦੇ ਖ਼ਿਲਾਫ਼ ਕੀਤਾ ਗਿਆ ਪ੍ਰਚਾਰ ਨਿਹਫਲ ਰਿਹਾ ਸੀ।

ਇਸ ਸਿਆਸੀ ਮਾਹੌਲ 'ਚ ਉਕਤ ਸੰਤੁਲਨ ਦੇ ਨਾਂਅ ਹੇਠ ਐੱਨ ਪੀ ਐੱਸ ਤੇ ਓ ਪੀ ਐੱਸ ਦਾ ਇੱਕ ਮਿਲਗੋਭਾ ਯੂ ਪੀ ਐੱਸ ਤਿਆਰ ਕੀਤਾ ਗਿਆ ਹੈ, ਜਿਹੜਾ ਅਜੇ 01 ਅਪ੍ਰੈਲ 2025 ਤੋਂ ਲਾਗੂ ਹੋਵੇਗਾ। ਇਸ ਯੂ ਪੀ ਐੱਸ ਦੇ ਸਭਨਾਂ ਪਹਿਲੂਆਂ 'ਤੇ ਬਰੀਕੀ ਨਾਲ ਵਿਸਥਾਰਤ ਟਿੱਪਣੀ ਉਦੋਂ ਹੀ ਸੰਭਵ ਹੋਵੇਗੀ ਜਦੋਂ ਇਸ ਦਾ ਅਧਿਕਾਰਤ ਨੋਟੀਫਿਕੇਸ਼ਨ ਕੇਂਦਰ ਸਰਕਾਰ ਵੱਲੋਂ ਜਾਰੀ ਕੀਤਾ ਜਾਵੇਗਾ, ਜਿਹੜਾ ਕਿ ਸ਼ਾਇਦ ਰਾਜਾਂ ਦੀਆਂ ਚੋਣਾਂ ਤੋਂ ਮਗਰੋਂ ਹੀ ਆਵੇ। ਹਾਂ, ਜੋ ਕੁੱਝ ਹੁਣ ਤੱਕ ਸਰਕਾਰੀ ਤੌਰ 'ਤੇ ਦੱਸਿਆ ਗਿਆ ਹੈ ਅਤੇ ਅਖ਼ਬਾਰਾਂ/ਮੀਡੀਆ ਰਾਹੀਂ ਆ ਰਿਹਾ ਹੈ, ਉਸ ਦੇ ਆਧਾਰ 'ਤੇ ਸੰਖੇਪ ਚਰਚਾ/ਟਿੱਪਣੀ ਕੀਤੀ ਜਾ ਸਕਦੀ ਹੈ। ਇਸ ਦੇ ਦੋ ਪਹਿਲੂ ਬਣਦੇ ਹਨ। ਇੱਕ ਇਹ ਕਿ ਇਹ ਨਵੀਂ ਮਿਲਗੋਭਾ ਪੈਨਸ਼ਨ ਪ੍ਰਣਾਲੀ ਪਹਿਲੀਆਂ ਚੱਲ ਰਹੀਆਂ ਓ ਪੀ ਐੱਸ ਤੇ ਐੱਨ ਪੀ ਐੱਸ ਪ੍ਰਣਾਲੀਆਂ ਨਾਲੋਂ ਇਸ ਪੱਖੋਂ ਕਿਵੇਂ ਵੱਖਰੀ ਹੈ ਕਿ ਕਰਮਚਾਰੀ ਨੂੰ ਸੇਵਾ ਮੁਕਤੀ ਮੌਕੇ ਕੀ ਮਿਲੇਗਾ, ਕਿੰਨਾ ਮਿਲੇਗਾ ਤੇ ਕਿਵੇਂ ਮਿਲੇਗਾ। ਕਰਮਚਾਰੀ ਨੂੰ ਉਨ੍ਹਾਂ ਪਹਿਲੀਆਂ ਪ੍ਰਣਾਲੀਆਂ ਨਾਲੋਂ ਕੀ ਨਫ਼ਾ-ਨੁਕਸਾਨ ਹੋਵੇਗਾ।

01 ਜਨਵਰੀ, 2004 ਤੋਂ ਪਹਿਲਾਂ ਚੱਲ ਰਹੀ 1972 ਦੇ ਕਾਨੂੰਨ ਵਾਲੀ ਓ ਪੀ ਐੱਸ, ਜਿਸ ਦੀ ਬਹਾਲੀ ਲਈ ਕੇਂਦਰ/ਰਾਜਾਂ ਦੇ ਕਰਮਚਾਰੀ ਸੰਘਰਸ਼ਸ਼ੀਲ ਹਨ, ਦੇ ਦੋ ਮੁੱਖ ਸਿਧਾਂਤਕ ਆਧਾਰ ਹਨ। ਪਹਿਲਾ, ਇਸ ਅੰਦਰ ਸੇਵਾ-ਮੁਕਤੀ ਮੌਕੇ ਕਰਮਚਾਰੀ ਨੂੰ ਗਰੰਟੀਸ਼ੁਦਾ ਨਿਸ਼ਚਿਤ ਪੈਨਸ਼ਨ ਮਿਲਦੀ ਹੈ। ਦੂਜਾ, ਇਹ ਪ੍ਰਣਾਲੀ ਜਮ੍ਹਾਂ-ਰਹਿਤ ਹੈ, ਕਰਮਚਾਰੀ ਨੂੰ ਆਪਣੀ ਪੈਨਸ਼ਨ ਦੇ ਇਵਜ਼ 'ਚ ਕੋਈ ਪੈਸਾ ਜਮ੍ਹਾਂ ਨਹੀਂ ਕਰਵਾਉਣਾ ਪੈਂਦਾ, ਸਗੋਂ ਜੋ ਪ੍ਰਾਵੀਡੈਂਟ ਫੰਡ ਕੱਟਿਆ ਜਾਂਦਾ ਹੈ, ਉਹ ਸਾਰੇ ਦਾ ਸਾਰਾ ਸੇਵਾ-ਮੁਕਤੀ ਮੌਕੇ ਨਿਸ਼ਚਿਤ ਵਿਆਜ ਸਮੇਤ ਕਰਮਚਾਰੀ ਨੂੰ ਦਿੱਤਾ ਜਾਂਦਾ ਹੈ। ਉਸ ਦੀ ਲੰਮਾ ਸਮਾਂ ਕੀਤੀ ਸੇਵਾ ਦੇ ਇਵਜ਼ 'ਚ ਸਮਾਜਿਕ ਸੁਰੱਖਿਆ ਵਜੋਂ ਸਰਕਾਰ ਇੱਕ ਨਿਸ਼ਚਿਤ ਪੈਨਸ਼ਨ ਰਾਸ਼ੀ ਤੇ ਹੋਰ ਰਾਹਤਾਂ ਦੇਣ ਲਈ ਵੀ ਪਾਬੰਦ ਹੈ। 01ਜਨਵਰੀ, 2004 ਤੋਂ ਲਾਗੂ ਐੱਨ ਪੀ ਐੱਸ ਅੰਦਰ ਇਹ ਦੋਵੇਂ ਸਿਧਾਂਤਕ ਆਧਾਰ ਗਾਇਬ ਹਨ। ਪੈਨਸ਼ਨ ਵੀ ਗਰੰਟੀਸ਼ੁਦਾ ਨਹੀਂ ਹੈ, ਸਗੋਂ ਆਪਣੀ ਪੈਨਸ਼ਨ ਲੈਣ ਲਈ ਆਪਣੀ ਕੁੱਲ ਤਨਖ਼ਾਹ ਦੀ 10 ਫੀਸਦੀ ਰਾਸ਼ੀ ਜਮ੍ਹਾਂ ਕਰਵਾਉਣੀ ਪੈਂਦੀ ਹੈ। ਭਾਵ ਇਹ ਪ੍ਰਣਾਲੀ ਪੂਰੀ ਤਰ੍ਹਾਂ ਜਮ੍ਹਾਂ (Funded/contrbutory) ਪ੍ਰਣਾਲੀ ਹੈ। ਕੁੱਝ ਹਿੱਸਾ ਸਰਕਾਰ ਵੀ ਪਾਉਂਦੀ ਹੈ, ਪਰੰਤੂ ਕੁੱਲ ਜਮ੍ਹਾਂ ਰਾਸ਼ੀ ਸ਼ੇਅਰ ਬਾਜ਼ਾਰ 'ਚ ਲੱਗੀ ਹੋਣ ਕਾਰਨ ਬਾਜ਼ਾਰ ਦੇ ਉਤਰਾਅ-ਚੜ੍ਹਾਅ 'ਤੇ ਨਿਰਭਰ ਹੈ।

**ਯੂ ਪੀ ਐਸ ਮਿਲਗੋਭਾ ਕਿਵੇਂ ਬਣੀ, ਇਸ ਦਾ ਸਿਧਾਂਤਕ ਆਧਾਰ ਕੀ ਹੈ ?**

ਮੋਦੀ ਸਰਕਾਰ ਦੀ ਕੀ ਮਨਸ਼ਾ ਹੈ ਯੂ ਪੀ ਐਸ ਲਿਆਉਣ ਦੀ, ਇਸ ਨੂੰ ਸਮਝਣ ਲਈ ਪੈਨਸ਼ਨ ਰੀਵਿਊ ਕਮੇਟੀ ਦੇ ਚੇਅਰਮੈਨ ਟੀ.ਵੀ. ਸੋਮਨਾਥਨ (ਹੁਣ ਕੇਂਦਰੀ ਕੈਬਨਿਟ ਸੈਕਟਰੀ) ਦੇ ਉਸੇ ਦਿਨ ਜਾਰੀ ਕੀਤੇ ਗਏ ਬਿਆਨ ਨੂੰ ਵਾਚਣਾ ਹੀ ਕਾਫ਼ੀ ਹੋਵੇਗਾ, ਜਿਸ ਦਿਨ ਕੇਂਦਰੀ ਮੰਤਰੀ ਮੰਡਲ ਵੱਲੋਂ ਯੂ ਪੀ ਐੱਸ ਦਾ ਐਲਾਨ ਕੀਤਾ ਗਿਆ ਸੀ। ਉਨ੍ਹਾਂ ਨੇ ਹੂਬਹੂ ਜੋ ਕਿਹਾ; ਯੂ ਪੀ ਐੱਸ ਯਕੀਨਨ ਵਿਤੀ ਪੱਖੋਂ ਵਧੇਰੇ ਸਮਝਦਾਰੀ ਵਾਲੀ ਹੈ...,ਇਹ ਉਸੇ ਅੰਸ਼ਦਾਰੀ ਪ੍ਰਣਾਲੀ (Contrbutory Scheme) ਦੇ ਚੌਖਟੇ ਅੰਦਰ ਰਹਿਣ ਵਾਲੀ ਹੀ ਹੈ। ਇਹੋ Crtical difference ਹੈ ਯੂ ਪੀ ਐੱਸ ਦਾ ਨਾਲੋਂ। ਓ ਪੀ ਐੱਸ (ਪੁਰਾਣੀ ਪੈਨਸ਼ਨ ਪ੍ਰਣਾਲੀ), Unfunded, Non-contributory ਪ੍ਰਣਾਲੀ ਹੈ, ਯੂ ਪੀ ਐਸ ਇੱਕ Funded, contrbutory ਪ੍ਰਣਾਲੀ ਹੈ। ਅੱਜ ਸਿਰਫ਼ ਇੱਕੋ ਹੀ ਜਿਹੜਾ ਫ਼ਰਕ ਪਾਇਆ ਗਿਆ ਹੈ ਉਹ ਹੈ ਯਕੀਨ-ਦਹਾਨੀ ਦੇਣੀ, ਬਾਜ਼ਾਰ ਦੇ ਉਤਰਾਅ-ਚੜ੍ਹਾਅ 'ਤੇ ਨਾ ਛੱਡਣਾ,..ਸਗੋਂ ਯੂ ਪੀ ਐੱਸ ਦਾ ਢਾਂਚੇ ਅੰਦਰ ਓ ਪੀ ਐੱਸ ਤੇ ਐੱਨ ਪੀ ਐੱਸ ਦੋਵਾਂ ਦੇ ਉੱਤਮ ਅੰਸ਼ ਸ਼ਾਮਲ ਹਨ।

ਜਿੱਥੋਂ ਤੱਕ ਯੂ ਪੀ ਐੱਸ ਤਹਿਤ, ਗ੍ਰੈਚੁਟੀ, ਪਰਵਾਰਕ ਪੈਨਸ਼ਨ ਦੇਣ ਦਾ ਸੁਆਲ ਹੈ, ਇਹ ਰਾਹਤਾਂ ਭਾਵੇਂ ਐੱਨ ਪੀ ਐੱਸ ਦੇ ਮੁਢਲੇ ਕਾਨੂੰਨ 'ਚ ਦਰਜ ਨਹੀਂ ਸਨ, ਪਰੰਤੂ ਕਰਮਚਾਰੀਆਂ ਦੇ ਸੰਘਰਸ਼ ਦੇ ਦਬਾਅ ਸਦਕਾ ਕਾਨੂੰਨ ਦੀ ਸੋਧ ਰਾਹੀਂ ਪਹਿਲਾਂ ਹੀ ਐੱਨ ਪੀ ਐੱਸ ਵਾਲੇ ਕਰਮਚਾਰੀਆਂ 'ਤੇ ਲਾਗੂ ਹੋ ਚੁੱਕੀਆਂ ਹਨ। ਕਰਮਚਾਰੀ ਲਈ ਉੱਤਮ, ਓ ਪੀ ਐੱਸ ਅੰਦਰ ਮਹਿੰਗਾਈ ਰਾਹਤ ਤੋਂ ਬਿਨਾਂ ਬੁਢਾਪਾ ਭੱਤਾ, ਐੱਲ ਟੀ.ਸੀ, ਮੈਡੀਕਲ ਭੱਤਾ, ਪੈਨਸ਼ਨ ਕਮਿਊਟੇਸ਼ਨ ਅਤੇ ਸੇਵਾ ਨਿਭਾਅ ਰਹੇ ਕਰਮਚਾਰੀਆਂ ਵਾਂਗ ਪੈਨਸ਼ਨ ਰੀਵੀਜ਼ਨ ਵਰਗੀਆਂ ਰਾਹਤਾਂ/ਸਹੂਲਤਾਂ ਵੀ ਹਨ, ਜਿਨ੍ਹਾਂ ਬਾਰੇ ਯੂ ਪੀ ਐੱਸ ਦੇ ਕੀਤੇ ਐਲਾਨ 'ਚ ਮੋਦੀ ਸਰਕਾਰ ਚੁੱਪ ਹੈ। ਜਿੱਥੋਂ ਤੱਕ ਯੂ ਪੀ ਐੱਸ ਅੰਦਰ ਗ੍ਰੈਚੂਟੀ ਤੋਂ ਇਲਾਵਾ ਸੇਵਾ-ਮੁਕਤੀ ਮੌਕੇ ਉੱਕੀ-ਪੁੱਕੀ ਰਾਸ਼ੀ ਦੇਣ ਦੀ ਜੋ ਗੱਲ ਕੀਤੀ ਗਈ ਹੈ, ਉਹ ਨਿਰੋਲ ਅੱਖਾਂ ਪੂੰਝਣ ਵਾਲੀ ਹੀ ਹੈ। ਦਿੱਤੇ ਗਏ ਫਾਰਮੂਲੇ ਮੁਤਾਬਿਕ 30 ਸਾਲ ਦੀ ਕੁੱਲ ਸਰਵਿਸ ਵਾਲੇ ਕਰਮਚਾਰੀ ਨੂੰ ਆਪਣੀ ਤਨਖ਼ਾਹ 'ਚੋਂ 360 ਮਹੀਨਿਆਂ ਦੇ ਪਾਏ ਅੰਸ਼ਦਾਨ ਵਿੱਚੋਂ ਸਿਰਫ਼ 6 ਮਹੀਨਿਆਂ ਦੀ ਤਨਖ਼ਾਹ ਰਾਸ਼ੀ ਹੀ ਮਿਲੇਗੀ।

**ਸੰਸਾਰ ਬੈਂਕ, ਮੁਦਰਾ ਕੋਸ਼ ਕੋਰ ਨੀਤੀ ਏਜੰਡਾ**

ਸਪੱਸ਼ਟ ਹੀ ਹੈ ਕਿ ਮੋਦੀ ਸਰਕਾਰ ਵੱਲੋਂ ਪੈਨਸ਼ਨ ਰੀਵਿਊ ਕਮੇਟੀ ਦੀ ਰਿਪੋਰਟ ਦੇ ਨਾਂਅ ਹੇਠ ਯੂ ਪੀ ਐੱਸ ਰਾਹੀਂ, ਸਾਮਰਾਜੀ ਵਿਤੀ ਸੰਸਥਾਵਾਂ ਦੀ ਤਿੱਕੜੀ ਵੱਲੋਂ ਨਿਰਦੇਸ਼ਤ ਕਾਰਪੋਰੇਟੀ ਕੋਰ ਏਜੰਡੇ ਨੂੰ ਆਂਚ ਨਹੀਂ ਆਉਣ ਦਿੱਤੀ। ਕਲਿਆਣਕਾਰੀ ਰਾਜ ਦੇ ਸੰਕਲਪ ਤੋਂ ਕਿਨਾਰਾ ਕਰ ਲਿਆ ਹੈ। ਇਸ ਸੰਦਰਭ 'ਚ ਚੇਤੇ ਰਹੇ ਕਿ ਜਦ ਸਾਲ 2001 'ਚ ਕੇਂਦਰ ਦੀ ਵਾਜਪਾਈ ਦੀ ਅਗਵਾਈ ਵਾਲੀ ਬੀਜੇਪੀ ਸਰਕਾਰ ਸਮੇਂ ਪਾਰਲੀਮੈਂਟ ਦੇ ਬਜਟ ਸੈਸ਼ਨ ਦੌਰਾਨ ਤਤਕਾਲੀ ਵਿੱਤ ਮੰਤਰੀ ਯਸ਼ਵੰਤ ਸਿਨਹਾ ਵੱਲੋਂ ਨਵੇਂ ਪੈਨਸ਼ਨ ਪ੍ਰੋਗਰਾਮ ਦਾ ਐਲਾਨ ਕੀਤਾ ਸੀ (ਜੋ ਕਿ 01, 2004 ਤੋਂ ਐੱਨ ਪੀ ਐੱਸ ਦੇ ਨਾਂਅ ਹੇਠ ਲਾਗੂ ਹੋਇਆ), ਉਸੇ ਸਮੇਂ ਹੀ ਕੌਮਾਂਤਰੀ ਮੁਦਰਾ ਕੋਸ਼ ਵੱਲੋਂ ਇੱਕ ਦਸਤਾਵੇਜ਼ ਜਾਰੀ ਕੀਤਾ ਗਿਆ ਸੀ, ਜਿਸ ਅੰਦਰ ਭਾਰਤ ਸਰਕਾਰ ਨੂੰ ਨਿਸਚਿਤ ਲਾਭ ਵਾਲੀ ਪ੍ਰਣਾਲੀ ਸੰਬੰਧੀ ਸੁਝਾਅ ਰੂਪੀ ਇਹ ਹਦਾਇਤ ਦਰਜ ਸੀ ਕਿ ਇਨ੍ਹਾਂ ਪ੍ਰੋਗਰਾਮਾਂ/ਸਕੀਮਾਂ ਅੰਦਰ ਸਰਕਾਰ ਦੋ ਭੂਮਿਕਾਵਾਂ ਨਿਭਾਉਂਦੀ ਹੈ, 'ਇੱਕ ਨਿਯੁਕਤੀ ਕਰਤਾ ਦੀ' ਅਤੇ ਦੂਜੀ 'ਲਾਭ/ਅਦਾਇਗੀ ਗਰੰਟੀ ਕਰਤਾ ਦੀ।' ਇਸ ਸੰਦਰਭ 'ਚ ਸਰਕਾਰ ਦੇ ਸਮਾਜਿਕ ਤੇ ਰਾਜਨੀਤਕ ਉਦੇਸ਼, ਉਸ ਦੇ ਵਿੱਤੀ ਉਦੇਸ਼ਾਂ ਨਾਲ ਅਕਸਰ ਹੀ ਟਕਰਾਅ ਵਿੱਚ ਆ ਜਾਂਦੇ ਹਨ, ਜਿਸ ਨਾਲ ਨਿਸ਼ਚਿਤ ਲਾਭ ਵਾਲੀ ਪੈਨਸ਼ਨ ਯੋਜਨਾ ਨੂੰ ਜਾਰੀ ਰੱਖਣਾ ਇੱਕ ਜੋਖ਼ਮ ਭਰਿਆ ਕਾਰਜ ਬਣ ਜਾਂਦਾ ਹੈ।

**# ਸੰਪਰਕ : 98145-35005**

# ਬਟੂਆ ਮਿਲਣ ਦੀ ਖ਼ੁਸ਼ੀ

**ਗੁਰਮੀਤ ਸਿੰਘ ਵੇਰਕਾ**

ਮੈਂ ਆਰਥਿਕ ਅਪਰਾਧ ਸ਼ਾਖਾ ਵਿੱਚ ਬਤੌਰ ਤਫਤੀਸ਼ੀ ਅਫਸਰ ਤਾਇਨਾਤ ਸੀ ।ਅਕਸਰ ਮੈਨੂੰ ਆਰਥਿਕ ਅਪਰਾਧ ਨਾਲ ਸੰਬੰਧਤ ਮਿਸਲਾਂ ਦੇ ਸੰਬੰਧ ਵਿੱਚ ਦੋਸ਼ੀਆਂ ਦੀਆਂ ਅਗਾਂਹੂ ਜ਼ਮਾਨਤਾਂ ਅਤੇ ਕੁਵੈਸਿੰਗ ਲਈ ਪਾਏ ਮੁਕੱਦਮਿਆਂ ਦੀਆਂ ਰਿੱਟ ਪਟੀਸ਼ਨਾਂ ਸੰਬੰਧੀ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਚੰਡੀਗੜ੍ਹ ਜਾਣਾ ਪੈਂਦਾ ਸੀ ।ਨੌਕਰੀ ਦੌਰਾਨ ਇੱਕ ਦਿਨ ਦੀ ਗੱਲ ਹੈ ਮੈਂ ਪੰਜਾਬ ਐਂਡ ਹਰਿਆਣਾ ਹਾਈਕੋਰਟ ਤੋਂ ਬੇਲ ਪੇਸ਼ ਕਰ ਟ੍ਰੇਨ ਦੇ ਉੱਪਰ ਆ ਰਿਹਾ ਸੀ ।ਜਦੋਂ ਟ੍ਰੇਨ ਅੰਮ੍ਰਿਤਸਰ ਪੁੱਜੀ ਤਾਂ ਪਲੇਟ ਫ਼ਾਰਮ 'ਤੇ ਲੱਗਣ ਲੱਗੀ, ਮੈਂ ਆਪਣੀ ਵਰਦੀ ਦੀ ਬਾਹਰ ਦੀ ਪੈਂਟ ਦੀ ਪਿਛਲੀ ਜੇਬ ਵਿੱਚੋਂ ਬਟੂਆ ਕੱਢ ਸਕੂਟਰ ਜਮ੍ਹਾਂ ਕਰਵਾਉਣ ਵਾਲੀ ਪਰਚੀ ਕੱਢ ਆਪਣੀ ਪੈਂਟ ਦੀ ਜੇਬ ਵਿੱਚ ਪਾ ਲਈ ਤੇ ਬਟੂਆ ਆਪਣੀ ਪੈਂਟ ਦੀ ਪਿਛਲੀ ਜੇਬ ਵਿੱਚ ਸੀਟ 'ਤੇ ਬੈਠੇ ਹੀ ਪਾ ਦਿੱਤਾ ।ਜਦੋਂ ਮੈਂ ਸਕੂਟਰ, ਸਕੂਟਰ ਸਟੈਂਡ ਤੋਂ ਲੈ ਕੇ ਪਰਚੀ ਦਿੱਤੀ ਤਾਂ ਸਕੂਟਰ ਦੀ ਪਰਚੀ ਦੇ ਪੈਸੇ ਦੇਣ ਲਈ ਜਦੋਂ ਪੈਂਟ ਦੀ ਜੇਬ ਵਿੱਚ ਬਟੂਆ ਲੈਣ ਲਈ ਹੱਥ ਮਾਰਿਆ ਤਾਂ ਜੇਬ ਵਿੱਚ ਪਰਸ ਮੌਜੂਦ ਨਹੀਂ ਸੀ ।

ਮੈਂ ਆਪਣੇ ਨਾਲ ਗਏ ਸਿਪਾਹੀ ਨੂੰ ਗੱਡੀ ਵਿੱਚੋਂ ਜੋ ਅਜੇ ਗੱਡੀ ਪਲੇਟ ਫ਼ਾਰਮ 'ਤੇ ਹੀ ਰੁਕੀ ਸੀ, ਪਰਸ ਦੇਖਣ ਲਈ ਕਿਹਾ, ਸ਼ਾਇਦ ਜਦੋਂ ਮੈਂ ਪਰਸ ਪੈਂਟ ਦੀ ਜੇਬ ਵਿੱਚ ਪਾਉਣ ਲੱਗਾ ਸੀ, ਜੋ ਪਰਸ ਪੂਰੀ ਤਰ੍ਹਾਂ ਜੇਬ ਵਿੱਚ ਨਹੀਂ ਪਿਆ ਸੀ । ਸੀਟ ਤੋਂ ਉੱਠਣ ਲੱਗੇ ਡਿੱਗ ਗਿਆ ਹੋਵੇ।ਸਿਪਾਹੀ ਪਤਾ ਨਹੀਂ ਗੱਡੀ ਵਿੱਚ ਗਿਆ ਕਿ ਨਹੀਂ ।ਮੈਨੂੰ ਆ ਕੇ ਕਹਿ ਦਿੱਤਾ ਬਟੂਆ ਗੱਡੀ ਵਿੱਚੋਂ ਨਹੀਂ ਮਿਲਿਆ, ਪਰਸ ਵਿੱਚ ਮੇਰੇ ਪੈਸੇ, ਅਡੈਂਟੀ ਕਾਰਡ, ਡਰਾਈਵਿੰਗ ਲਾਇਸਸ ਤੇ ਹੋਰ ਵੀ ਜ਼ਰੂਰਤਾਂ ਕਾਗਜ਼ਾਤ ਸਨ ।ਪੈਸਿਆਂ ਦੀ ਤਾਂ ਕੋਈ ਗੱਲ ਨਹੀਂ ਸੀ, ਅਡੰਟੀ ਕਾਰਡ, ਡਰਾਈਵਿੰਗ ਲਾਇਸੰਸ ਹੋਰ ਜ਼ਰੂਰੀ ਕਾਗਜ਼ਾਤ ਦਾ ਮੈਨੂੰ ਫਿਕਰ ਪੈ ਗਿਆ।ਅਗਲੇ ਦਿਨ ਮੈਂ ਆਪਣੀ ਡਿਊਟੀ 'ਤੇ ਚਲਾ ਗਿਆ।ਉਸ ਤੋਂ ਅਗਲੇ ਦਿਨ ਬਾਅਦ ਮੈਨੂੰ ਮੇਰੀ ਬੇਟੀ ਦਾ ਫ਼ੋਨ ਆ ਗਿਆ ਕਿ ਇੱਕ ਲੜਕੀ ਤੇ ਉਸ ਦੀ ਮਾਂ ਸਾਡੇ ਘਰ ਆਈ ਹੈ।ਜਿਹੜਾ ਤੁਹਾਡਾ ਬਟੂਆ ਚੰਡੀਗੜ੍ਹ ਤੋਂ ਵਾਪਸ ਆਉਂਦੇ ਡਿੱਗ ਪਿਆ ਸੀ , ਜੋ ਸਾਨੂੰ ਉਸ ਬਾਰੇ ਕਹਿ ਰਹੇ ਹਨ ਕਿ ਇਹ ਬਟੂਆ ਉਨ੍ਹਾਂ ਨੂੰ ਗੱਡੀ ਵਿੱਚੋਂ ਸੀਟ ਦੇ ਥੱਲਿਓਂ ਮਿਲਿਆ ਸੀ ਜਦੋਂ ਉਹ ਸਵੇਰੇ ਚੰਡੀਗੜ੍ਹ ਕਿਸੇ ਇੰਟਰਵਿਊ ਦੇ ਸੰਬੰਧ ਵਿੱਚ ਜਾਣ ਲਈ ਬੈਠਣ ਲੱਗੀਆਂ ।

ਅਸੀਂ ਨਜ਼ਦੀਕ ਸਵਾਰੀਆਂ ਨੂੰ ਪਰਸ ਬਾਰੇ ਪੁੱਛਿਆ ਕਿ ਤੁਹਾਡਾ ਤੇ ਨਹੀਂ ਡਿੱਗਿਆ, ਪਰ ਕਿਸੇ ਨੇ ਹਾਂ ਨਹੀਂ ਭਰੀ ।ਇੰਟਰਵਿਊ ਤੋਂ ਬਾਅਦ ਚੰਡੀਗੜ੍ਹ ਤੋਂ ਅਸੀਂ ਰਾਤ ਅੰਮ੍ਰਿਤਸਰ ਪੁੱਜ ਗਏ ਤੇ ਅਗਲੇ ਦਿਨ ਅਸੀਂ ਅਡੰਟੀ ਕਾਰਡ 'ਤੇ ਲਿਖੇ ਪਤੇ ਨੂੰ ਦੇਖ ਆਪ ਜੀ ਨੂੰ ਪਰਸ ਦੇਣ ਆਏ ਹਾਂ।ਜਿਨ੍ਹਾਂ ਨਾਲ ਮੇਰੀ ਬੇਟੀ ਨੇ ਮੈਨੂੰ ਮੋਬਾਇਲ 'ਤੇ ਗੱਲ ਕਰਾਈ ਤੇ ਮੈਂ ਕਿਹਾ, ਬਹੁਤ-ਬਹੁਤ ਤੁਹਾਡਾ ਸ਼ੁਕਰੀਆ ।ਅੱਜ ਦੀ ਦੁਨੀਆ ਵਿੱਚ ਕੌਣ ਮਿਲੀ ਹੋਈ ਚੀਜ਼ ਕਿਸੇ ਨੂੰ ਦਿੰਦਾ ਹੈ ।ਮੈਂ ਆਪਣੀ ਪੁਲਸ ਦੀ ਨੌਕਰੀ ਵਿੱਚ ਬਹੁਤ ਘੱਟ ਬੰਦੇ ਦੇਖੇ ਹਨ ।ਚਲੋ ਪੈਸਿਆਂ ਦੀ ਕੋਈ ਗੱਲ ਨਹੀਂ, ਵੱਡੀ ਗੱਲ ਹੈ ਅਡੰਟੀ ਕਾਰਡ ਡਰਾਈਵਿੰਗ ਲਾਇਸੈਸ ਤੇ ਹੋਰ ਜ਼ਰੂਰੀ ਕਾਗਜ਼ਾਤ ਮੇਰੇ ਵਾਸਤੇ ਬਹੁਤ ਹੀ ਮਹੱਤਤਾ ਰੱਖਦੇ ਸੀ ਜੋ ਮੈਨੂੰ ਫਿਰ ਦੁਬਾਰਾ ਬਣਾਉਣੇ ਪੈਣੇ ਸਨ ।ਮੈਂ ਉਨ੍ਹਾਂ ਨੂੰ ਬਟੂਏ ਵਿੱਚ ਪਏ ਪੈਸੇ ਲੈਣ ਲਈ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦੇ ਹੋਏ ਕਿਹਾ ਤੇ ਭਵਿੱਖ ਵਿੱਚ ਮੇਰੇ ਲਾਇਕ ਕੋਈ ਸੇਵਾ ਹੋਵੇਗੀ ਤਾਂ ਜ਼ਰੂਰ ਦੱਸਣਾ ਕਿਹਾ, ਪਰ ਉਨ੍ਹਾਂ ਨੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ, ਇਹ ਜੋ ਅਸੀਂ ਕੀਤਾ ਹੈ, ਕਿਸੇ ਸਵਾਰਥ ਲਈ ਨਹੀਂ ਕੀਤਾ, ਇਹ ਸਾਡਾ ਇਨਸਾਨੀ ਫਰਜ਼ ਸੀ, ਜੋ ਅਸੀਂ ਨਿਭਾਇਆ ।ਸਾਨੂੰ ਹੱਕੀ ਆਦਮੀ ਕੋਲ ਪਰਸ ਪੁਚਾ ਕੇ ਜੋ ਖ਼ੁਸ਼ੀ ਮਿਲੀ ਹੈ, ਅਸੀਂ ਬਿਆਨ ਨਹੀਂ ਕਰ ਸਕਦੇ।ਦੁਨੀਆ ਵਿੱਚ ਇਹੋ ਜਿਹੇ ਲੋਕ ਵੀ ਹਨ ਜਿਸ ਨਾਲ ਧਰਤੀ ਖਲੋਤੀ ਹੈ।ਕਿਸੇ ਚੀਜ਼ ਦਾ ਬੀਜ ਨਾਸ ਨਹੀ ਹੋਇਆ ।ਮਾਂਵਾਂ-ਧੀਆਂ ਦੀ ਗੱਲਾਂ ਸੁਣ ਮੈਨੂੰ ਆਪਣੇ ਬਚਪਨ ਦੀ ਗੱਲ ਚੇਤੇ ਆ ਗਈ।1965 ਦੀ ਜੰਗ ਜਦੋਂ ਹਿੰਦ-ਪਾਕਿ ਨਾਲ ਲੱਗੀ ਸੀ।ਸੀਸ ਫਾਇਰ ਹੋ ਗਿਆ।ਲੋਕ ਕਹਿ ਰਹੇ ਸੀ ਹਿੰਦ ਦੀ ਪਾਕਿ 'ਤੇ ਜਿੱਤ ਹੋ ਗਈ ਹੈ ।

ਮੈਂ ਜੰਗਲ-ਪਾਣੀ ਵਾਸਤੇ ਬਾਹਰ ਛੱਪੜ ਕੰਢੇ ਗਿਆ।ਮੈਨੂੰ ਉਥੋਂ ਅੱਠ ਰੁਪਏ ਇੱਕ ਇੱਕ ਰੁਪਏ ਦੇ ਖੜਕਦੇ ਅੱਠ ਨੋਟ ਮਿਲੇ।ਉਹ ਮੈਂ ਇਕੱਠੇ ਕਰ ਆਪ ਦੀ ਟੈਰਾਲੀਨ ਦੀ ਕਮੀਜ ਵਿੱਚ ਪਾ ਲਏ ਤੇ ਘਰ ਆ ਕੇ ਆਪਣੇ ਭਾਪਾ ਜੀ ਨੂੰ ਦੇ ਦਿੱਤੇ ਕਿ ਮੈਨੰ ਛੱਪੜ ਕੰਢੇ ਤੋਂ ਮਿਲੇ ਹਨ।ਮੇਰੇ ਭਾਪਾ ਜੀ ਹਿੱਕਮਤ ਦਾ ਕੰਮ ਕਰਦੇ ਸੀ ਤੇ ਬੜੇ ਸਿਆਣੇ ਸੀ।ਉਨ੍ਹਾਂ ਸੋਚਿਆ ਜਿਸ ਦੇ ਵੀ ਇਹ ਪੈਸੇ ਹੋਣਗੇ ਉਹ ਅਰਾਮ ਨਾਲ ਨਹੀਂ ਬੈਠੇਗਾ ।ਉਹ ਬਾਹਰ ਥੜ੍ਹੇ 'ਤੇ ਬੈਠ ਗਏ ਜਿੱਥੋਂ ਲੋਕਾਂ ਦਾ ਆਉਣਾ-ਜਾਣਾ ਸੀ।ਸਾਡੇ ਪਿੰਡ ਦਾ ਚੈਚਲ ਸਿੰਘ ਜੋ ਜਿਨਸ ਵੇਚ ਕੇ ਸ਼ਹਿਰੋਂ ਆਇਆ ਸੀ, ਦੇ ਪੈਸੇ ਜੋ ਉਸ ਨੇ ਅੱਠ ਰੁਪਏ ਵੱਟੇ ਸਨ, ਉਸ ਦੇ ਸਨ, ਜਿਸ ਨੂੰ ਉਸ ਦੀ ਘਰ ਵਾਲੀ ਨੇ ਦਰਵਾਜ਼ਾ ਬੰਦ ਕਰ ਬਾਹਰ ਕੱਢ ਦਿੱਤਾ ਕਿ ਜਦੋਂ ਪੈਸੇ ਲੈ ਕੇ ਆਵੇਂਗਾ ਫਿਰ ਹੀ ਇਹ ਬੂਹਾ ਖੁੱਲ੍ਹੇਗਾ ।ਉਹ ਘਬਰਾਇਆ ਹੋਇਆ, ਜਦ ਥੜ੍ਹੇ ਕੋਲੋਂ ਗੁਜ਼ਰਿਆ ਤਾਂ ਭਾਪਾ ਜੀ ਨੇ ਉਸ ਨੂੰ ਖਿਲਾਰ ਸਾਰੀ ਗੱਲ ਪੁੱਛੀ ।ਜਿਸ ਨੇ ਭਾਪਾ ਜੀ ਨੂੰ ਸਾਰੀ ਇਹ ਕਹਾਣੀ ਬਿਆਨ ਕੀਤੀ ।ਭਾਪਾ ਜੀ ਨੇ ਉਸ ਨੂੰ ਅੱਠ ਰੁਪਏ ਵਾਪਸ ਕਰ ਕਿਹਾ, ਇਹ ਮੇਰੇ ਮੁੰਡੇ ਨੂੰ ਲੱਭੇ ਸੀ।ਉਸ ਨੂੰ ਹਿੰਦ ਦੇ ਪਾਕਿ ਨੂੰ ਜਿੱਤਣ ਦੀ ਖ਼ੁਸ਼ੀ ਤਾਂ ਹੋਈ, ਪਰ ਇਸ ਤੋਂ ਵੱਧ ਅੱਠ ਰੁਪਏ ਮਿਲਣੀ ਦੀ ਹੋਈ ।ਮੈਂ ਸੋਚ ਰਿਹਾ ਸੀ ਕਿ ਸ਼ਾਇਦ ਜੋ ਮੇਰਾ ਬਟੂਆ ਮਿਲਿਆ ਹੈ ਮਾਂ ਪਿਉ ਵੱਲੋਂ ਦਿੱਤੇ ਚੰਗੇ ਸੰਸਕਾਰਾਂ ਕਰ ਕੇ ਮਿਲਿਆਂ ਹੈ ।ਜਦੋਂ ਹਰ ਪ੍ਰਾਣੀ ਹੀਲਾ ਕਰੇਗਾ ਉਹ ਦਿਨ ਦੂਰ ਨਹੀ ਜਦੋਂ ਇਨ੍ਹਾਂ ਮਾਂਵਾਂ-ਧੀਆਂ ਦੀ ਸੋਚ ਵਰਗੇ ਹੋਰ ਲੋਕ ਵੀ ਅੱਗੇ ਆਉਣਗੇ।

**# ਸੰਪਰਕ: 98786-00221**

# ਰਲ-ਮਿਲ ਕੇ ਨੌਜਵਾਨਾਂ ਨੂੰ ਨਸ਼ੇ ਦੀ ਲਪੇਟ 'ਚੋਂ ਕੱਢੀਏ


ਨਰਿੰਦਰ ਸਿੰਘ

ਭਾਰਤ ਵਿੱਚ ਵੱਡੇ ਪੱਧਰ 'ਤੇ ਲੋਕ ਨਸ਼ਾ ਕਰਦੇ ਹਨ। ਮੁਲਕ ਭਰ 'ਚ ਨਸ਼ਾ ਕਰਨ ਵਾਲਿਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਨਸ਼ੇ ਦੇ ਦੈਂਤ ਨੇ ਆਪਣੇ ਪੈਰ ਪਸਾਰ ਲਏ ਹਨ। ਸਮਾਜ ਕਲਿਆਣ ਮੰਤਰਾਲੇ ਦੇ ਸਰਵੇਖਣ ਅਨੁਸਾਰ ਦੇਸ਼ ਦੇ 37 ਕਰੋੜ ਤੋਂ ਵੱਧ ਲੋਕ ਨਸ਼ਿਆਂ ਦੇ ਆਦੀ ਹਨ। ਸਰਵੇਖਣ ਅਨੁਸਾਰ ਮੁਲਕ ਭਰ 'ਚ 10 ਸਾਲ ਤੋਂ ਲੈ ਕੇ 75 ਸਾਲ ਦੀ ਉਮਰ ਵਾਲੇ ਲੋਕ ਨਸ਼ੇ ਕਰ ਰਹੇ ਹਨ। ਮੁਲਕ ਭਰ 'ਚ ਨਸ਼ਾ ਕਰਨ ਵਾਲੇ ਲੋਕਾਂ ਵਿਚੋਂ 16 ਕਰੋੜ ਲੋਕ ਸ਼ਰਾਬ ਦੇ ਆਦੀ ਹਨ। ਇਨ੍ਹਾਂ 'ਚੋਂ 19 ਫੀਸਦੀ ਪੱਕੇ ਸ਼ਰਾਬੀ ਹਨ। ਦੇਸ਼ ਦੀ ਕੁਲ ਆਬਾਦੀ ਦਾ 2.1 ਫੀਸਦੀ ਭਾਵ ਸਵਾ ਦੋ ਕਰੋੜ ਤੋਂ ਵੱਧ ਭਾਰਤੀ ਅਫੀਮ, ਡੋਡੇ, ਹੈਰੋਇਨ, ਸਮੈਕ ਜਿਹੇ ਖਤਰਨਾਕ ਨਸ਼ਿਆਂ ਦੇ ਸ਼ਿਕੰਜੇ 'ਚ ਹਨ।

ਸਰਵੇਖਣ ਅਨੁਸਾਰ 17 ਸਾਲ ਤੋਂ ਘੱਟ ਉਮਰ ਦੇ ਕਰੀਬ 20 ਲੱਖ ਬੱਚਿਆਂ ਨੂੰ ਗਾਂਜੇ ਦੀ ਲਤ ਲੱਗੀ ਹੋਈ ਹੈ। ਐਨੀ ਵੱਡੀ ਗਿਣਤੀ ਵਿਚ ਭਾਰਤੀਆਂ ਦੇ ਨਸ਼ਿਆਂ 'ਚ ਡੁੱਬੇ ਹੋਣ ਕਾਰਨ ਭਾਰਤ ਨਸ਼ਿਆਂ ਦੀ ਤਸਕਰੀ ਲਈ ਮੁੱਖ ਦੇਸ਼ ਬਣਦਾ ਜਾ ਰਿਹਾ ਹੈ। ਅਕਸਰ ਵੇਖਿਆ ਗਿਆ ਹੈ ਕਿ ਭੀਖ ਮੰਗਣ ਵਾਲੇ, ਕਬਾੜ ਚੁਗਣ ਵਾਲੇ ਜਾਂ ਮਾਂ-ਪਿਓ ਵੱਲੋ ਅਣਗੌਲੇ ਬੱਚੇ ਵੀ ਵੱਖ-ਵੱਖ ਕਿਸਮਾਂ ਦੇ ਨਸ਼ਿਆਂ ਦੇ ਆਦੀ ਪਾਏ ਜਾਂਦੇ ਹਨ, ਪਰ ਸਕੂਲੀ ਬੱਚਿਆਂ ਦਾ ਵੱਖ-ਵੱਖ ਕਿਸਮਾਂ ਦੇ ਨਸ਼ਿਆਂ ਦੀ ਲਪੇਟ 'ਚ ਆਉਣਾ ਇਸ ਗੱਲ ਦਾ ਸੰਕੇਤ ਹੈ ਕਿ ਨਸ਼ਾ ਕਿਸ ਤਰ੍ਹਾਂ ਪੈਰ ਪਸਾਰਦਾ ਜਾ ਰਿਹਾ ਹੈ। ਨਸ਼ਿਆਂ ਦੀ ਭਰਮਾਰ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ। ਹੱਸਦੇ-ਵੱਸਦੇ ਚੰਗੇ ਘਰਾਂ ਦੇ ਨੌਜਵਾਨ ਵੀ ਨਸ਼ਿਆਂ ਦੀ ਲਪੇਟ ਵਿਚ ਆ ਕੇ ਘਰ ਦੀ ਬਰਬਾਦੀ ਦਾ ਮੁੱਢ ਬੰਨ੍ਹ ਰਹੇ ਹਨ।

ਪੰਜਾਬ ਦੀ ਧਰਤੀ ਵੀ ਹੁਣ ਨਸ਼ੇ ਦਾ ਸਮੁੰਦਰ ਬਣ ਚੁੱਕੀ ਹੈ। ਵੱਡੀ ਗਿਣਤੀ ਵਿਚ ਨੌਜਵਾਨ ਨਿਯਮਿਤ ਤੌਰ 'ਤੇ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੇ ਹਨ। ਨਸ਼ਿਆਂ ਦੀ ਲਤ ਪੂਰੀ ਕਰਨ ਲਈ ਨਸ਼ੇੜੀਆਂ ਵੱਲੋਂ ਲੁੱਟਾਂ-ਖੋਹਾਂ, ਡਾਕੇ, ਬਲਾਤਕਾਰ, ਅਗਵਾ, ਕਤਲ, ਫਿਰੌਤੀਆਂ ਆਦਿ ਹਰ ਤਰ੍ਹਾਂ ਦੇ ਘਿਨੌਣੇ ਅਪਰਾਧ ਕੀਤੇ ਜਾ ਰਹੇ ਹਨ। ਜਵਾਨੀ ਦੇਸ਼ ਦਾ ਭਵਿੱਖ ਹੈ। ਪਰ ਜਵਾਨੀ ਦਾ ਵੱਡਾ ਹਿੱਸਾ ਨਸ਼ੇ ਦਾ ਸ਼ਿਕਾਰ ਹੋ ਕੇ ਦਿਸ਼ਾਹੀਣ ਹੋ ਗਿਆ ਹੈ। ਮਾਨਵੀ ਕਦਰਾਂ-ਕੀਮਤਾਂ ਦਾ ਘਾਣ ਕਰਕੇ ਨੌਜਵਾਨ ਨਸ਼ਿਆਂ ਲਈ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦੇ ਹਨ। ਜਿੰਨੀ ਧਿਰ ਨਸ਼ੇ ਵੇਚਣ ਵਾਲਿਆਂ ਦੀ ਹੈ, ਓਨੀ ਹੀ ਧਿਰ ਨਸ਼ੇ ਖਾਣ ਵਾਲਿਆਂ ਦੀ ਹੈ। ਪੰਜਾਬ ਵਿਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ। ਪੰਜਾਬ ਉਜੜ ਹੀ ਨਹੀਂ ਰਿਹਾ, ਸਗੋਂ ਬੁੱਢਾ ਵੀ ਹੋ ਰਿਹਾ ਹੈ।

ਪੰਜਾਬ ਨਸ਼ਾਂਖੋਰੀ ਦੇ ਸੰਕਟ ਨਾਲ ਜੂਝ ਰਿਹਾ ਹੈ, ਜਿਸ ਨੇ ਕਈ ਜਵਾਨ ਜ਼ਿੰਦਗੀਆਂ ਨੂੰ ਨਿਗਲ ਲਿਆ ਹੈ। ਨਸ਼ਿਆਂ ਕਾਰਨ ਮੰਦਹਾਲੀ ਦਾ ਜੀਵਨ ਬਤੀਤ ਕਰ ਰਹੇ ਬੇਵੱਸ ਮਾਪੇ ਕਦੇ ਖੁਦ ਨਾਲ, ਕਦੇ ਖੁਦਾ ਨਾਲ ਲੜਾਈ ਕਰਦੇ ਹੋਏ ਆਪਣੇ-ਆਪ ਨੂੰ ਨਾ ਜਿਉਂਦਿਆਂ ਵਿਚ ਸਮਝਦੇ ਹਨ ਅਤੇ ਨਾ ਹੀ ਮਰਿਆਂ ਵਿਚ। ਨਸ਼ਿਆਂ ਦੀ ਮਹਾਂਮਾਰੀ ਦਾ ਸੇਕ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦੇ ਲੋਕਾਂ ਤੱਕ ਹੀ ਨਹੀਂ, ਸਗੋਂ ਸਮੁੱਚੇ ਪੰਜਾਬ ਦੇ ਲੋਕਾਂ ਦੇ ਘਰਾਂ ਤੱਕ ਪੁੱਜ ਗਿਆ ਹੈ। ਵੱਖ-ਵੱਖ ਅਖਬਾਰਾਂ ਵਿਚ ਛਪੀਆਂ ਖਬਰਾਂ ਅਨੁਸਾਰ ਜੂਨ ਮਹੀਨੇ ਦੇ ਦੋ ਹਫਤਿਆਂ ਵਿਚ ਨਸ਼ੇ ਦੀ ਓਵਰ ਡੋਜ਼ ਨਾਲ 14 ਮੌਤਾਂ ਹੋਈਆਂ ਸਨ। ਪਿਛਲੇ 15 ਦਿਨਾਂ 'ਚ ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ, ਫਾਜ਼ਿਲਕਾ, ਮੋਗਾ, ਬਠਿੰਡਾ ਜ਼ਿਲ੍ਹਿਆਂ ਵਿਚ ਰੋਜ਼ਾਨਾ ਕਿਸੇ ਨਾ ਕਿਸੇ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੁੰਦੀ ਰਹੀ ਹੈ। ਹਾਲ ਹੀ ਵਿਚ ਪਿਛਲੇ ਮਹੀਨੇ ਪੰਜਾਬ ਪੁਲਸ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪੇਸ਼ ਕੀਤੇ ਹਲਫਨਾਮੇ ਵਿਚ ਦੱਸਿਆ ਸੀ ਕਿ ਬੀਤੇ ਤਿੰਨ ਸਾਲਾਂ ਵਿਚ 280 ਤੋਂ ਵੱਧ ਨੌਜਵਾਨਾਂ ਦੀ ਨਸ਼ੇ ਦੀ ਓਵਰਡੋਜ਼ ਦੀ ਵਜ੍ਹਾ ਨਾਲ ਮੌਤ ਹੋ ਚੁੱਕੀ ਹੈ।

ਦੁੱਖ ਦੀ ਗੱਲ ਇਹ ਹੈ ਕਿ ਇਹ ਸਿਲਸਿਲਾ ਰੁਕ ਨਹੀਂ ਰਿਹਾ, ਸਗੋਂ ਹੈਰੋਇਨ, ਅਫੀਮ, ਗਾਂਜਾ, ਕੈਪਸੂਲ ਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਵਧੀ ਹੈ। ਇਸੇ ਸਾਲ ਪਹਿਲੀ ਜਨਵਰੀ 2024 ਤੋਂ ਜੂਨ 2024 ਤੱਕ ਪੁਲਸ ਨੇ ਨਸ਼ੇ ਨਾਲ ਸੰਬੰਧਤ 4677 ਮਾਮਲੇ ਦਰਜ ਕੀਤੇ ਤੇ ਇਨ੍ਹਾਂ ਮਾਮਲਿਆਂ ਵਿਚ ਕੁੱਲ 6364 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ। ਪੁਲਸ ਨੇ 487.360 ਕਿਲੋ ਹੈਰੋਇਨ, 686.120 ਕਿਲੋ ਅਫੀਮ, 77.696 ਕਿਲੋ ਚਰਸ ਤੇ 398 ਕਿਲੋ ਗਾਂਜਾ ਜ਼ਬਤ ਕੀਤੇ। ਇਕ ਹੋਰ ਰਿਪੋਰਟ ਮੁਤਾਬਿਕ ਬੀਤੇ ਤਿੰਨ ਸਾਲਾਂ ਵਿਚ 29010 ਕੇਸ ਦਰਜ ਕੀਤੇ ਗਏ ਅਤੇ 39832 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਕੁਲ 2710 ਕਿਲੋ ਹੈਰੋਇਨ ਜ਼ਬਤ ਕੀਤੀ ਗਈ।

ਪੰਜਾਬ ਦੀ ਜਵਾਨੀ ਚਿੱਟੇ ਦੇ ਨਸ਼ੇ ਦਾ ਗੁਲਾਮ ਹੁੰਦੀ ਜਾ ਰਹੀ ਹੈ। ਅੰਦਾਜ਼ਨ ਪੰਜਾਬ ਅੰਦਰ ਰੋਜ਼ਾਨਾ ਤੇਰਾਂ ਕਰੋੜ ਰੁਪਏ ਦੀ ਸ਼ਰਾਬ ਅਤੇ ਪੌਣੇ ਚੌਦਾਂ ਕਰੋੜ ਰੁਪਏ ਚਿੱਟੇ ਦੇ ਲੇਖੇ ਲੱਗ ਰਿਹਾ ਹੈ । ਹਰ ਰੋਜ਼ 62.50 ਕਰੋੜ ਰੁਪਏ ਪਰਵਾਸ ਦੇ ਲੇਖੇ ਲੱਗ ਰਹੇ ਹਨ। ਨਸ਼ੇ ਕਾਰਨ ਹੀ ਲੋਕ ਆਪਣੇ ਬੱਚਿਆਂ ਨੂੰ ਮਜਬੂਰੀਵੱਸ ਪਰਦੇਸ਼ ਭੇਜ ਰਹੇ ਹਨ। ਪਰਵਾਸ ਦਾ ਕਾਰਨ ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਵੀ ਹੈ। ਨਸ਼ੇ ਦੇ ਅੱਤਵਾਦ ਨੇ ਸਿਵਿਆਂ ਦੀ ਭੀੜ 'ਚ ਵੀ ਢੇਰ ਵਾਧਾ ਕੀਤਾ ਹੈ। ਨਸ਼ਿਆਂ ਕਾਰਨ ਰੋਜ਼ਾਨਾ ਔਸਤਨ 2 ਕਤਲ, 11 ਚੋਰੀ ਦੀਆਂ ਵਾਰਦਾਤਾਂ, ਦੋ ਕਾਤਲਾਨਾ ਹਮਲੇ, 16 ਦੁਰਘਟਨਾਵਾਂ ਹਰ ਰੋਜ਼, 19 ਮਾਪਿਆਂ ਵਲੋਂ ਆਪਣੇ ਪੁੱਤਰਾਂ ਨੂੰ ਬੇਦਖ਼ਲ ਕਰਨਾ ਅਤੇ 15-16 ਤਲਾਕਾਂ ਦੇ ਕੇਸ ਦਰਜ ਹੋਣ ਦੇ ਨਾਲ-ਨਾਲ ਨਸ਼ਿਆਂ ਦੀ ਮਹਾਮਾਰੀ ਕਾਰਨ 16 ਔਰਤਾਂ ਵਿਧਵਾ ਹੋ ਕੇ ਨਰਕ ਭਰਿਆ ਜੀਵਨ ਬਤੀਤ ਕਰ ਰਹੀਆਂ ਹਨ।

ਨਸ਼ਿਆਂ ਦੀ ਲਤ ਪੂਰੀ ਕਰਨ ਲਈ ਨਸ਼ੇੜੀਆਂ ਵੱਲੋਂ ਲੁੱਟਾਂ-ਖੋਹਾਂ, ਡਾਕੇ, ਬਲਾਤਕਾਰ, ਅਗਵਾ, ਕਤਲ, ਫਿਰੌਤੀਆਂ ਆਦਿ ਹਰ ਤਰ੍ਹਾਂ ਦੇ ਘਿਨੌਣੇ ਅਪਰਾਧ ਨਿੱਤ ਪੜ੍ਹਨ-ਸੁਣਨ ਨੂੰ ਮਿਲਦੇ ਹਨ। ਨਸ਼ਿਆਂ ਦੇ ਰੁਝਾਨ ਦੇ ਬਹੁਤ ਸਾਰੇ ਕਾਰਨ ਹਨ। ਬੇਰੁਜ਼ਗਾਰੀ, ਭਵਿੱਖ ਦੀ ਚਿੰਤਾ, ਪਰਵਾਰਕ ਲੜਾਈ-ਝਗੜੇ ਜਾਂ ਕੋਈ ਹੋਰ ਮਜਬੂਰੀ ਕਰਕੇ ਨੌਜਵਾਨਾਂ ਵਿਚ ਨਸ਼ਿਆਂ ਦਾ ਰੁਝਾਨ ਵਧ ਰਿਹਾ ਹੈ। ਸਰੀਰਕ ਸਮਰੱਥਾ, ਕਾਰਜ ਕੁਸ਼ਲਤਾ, ਜ਼ੋਰ ਅਜ਼ਮਾਇਸ਼ ਕਰਨ ਜਾਂ ਸਰੀਰ ਵਿੱਚ ਤੇਜ਼ੀ ਲਿਆਉਣ ਲਈ ਵੀ ਨੌਜਵਾਨ ਨਸ਼ਾ ਕਰਦੇ ਹਨ। ਨਸ਼ੇ ਦੀ ਵਰਤੋਂ ਨੌਜਵਾਨ ਮਾਨਸਿਕ ਦਬਾਅ ਨੂੰ ਘਟਾਉਣ ਲਈ ਵੀ ਕਰਦੇ ਹਨ। ਇਸ ਤੋਂ ਇਲਾਵਾ ਵਹਿਮ ਜਾਂ ਘਬਰਾਹਟ ਜਾਂ ਕਿਸੇ ਬਿਮਾਰੀ ਕਰਕੇ ਵੀ ਕਈ ਨੌਜਵਾਨ ਨਸ਼ੇ ਦੀ ਵਰਤੋਂ ਕਰਦੇ ਹਨ। ਪਰਵਾਰ ਵਿਚ ਜੇਕਰ ਕੋਈ ਮੈਂਬਰ ਨਸ਼ਾ ਕਰਦਾ ਹੋਵੇ ਤਾਂ ਉਸ ਵੱਲ ਦੇਖ ਕੇ ਵੀ ਬੱਚੇ ਨਸ਼ੇ ਦੀ ਵਰਤੋਂ ਕਰਨ ਲੱਗ ਜਾਂਦੇ ਹਨ। ਹਾਣੀਆਂ ਦਾ ਦਬਾਅ, ਖਾਹਿਸ਼ਾਂ ਦੀ ਪੂਰਤੀ ਨਾ ਹੋਣਾ, ਮਾਯੂਸੀ ਤੇ ਨਾਕਾਮੀ ਵੀ ਨੌਜਵਾਨਾਂ ਨੂੰ ਨਸ਼ੇ ਦੀ ਲਤ ਲੱਗਣ ਦਾ ਕਾਰ ਬਣ ਰਹੀ ਹੈ।

ਨਸ਼ਿਆਂ ਨਾਲ ਸਰੀਰਕ, ਮਾਨਸਿਕ, ਸਮਾਜਿਕ ਅਤੇ ਆਰਥਿਕ ਤੌਰ 'ਤੇ ਬਹੁਤ ਨੁਕਸਾਨ ਹੁੰਦਾ ਹੈ। ਨਸ਼ੇ ਦੀ ਵਰਤੋਂ ਕਰਨ ਨਾਲ ਪੈਸੇ ਦੀ ਬਰਬਾਦੀ ਦੇ ਨਾਲ-ਨਾਲ ਸਿਹਤ ਦਾ ਵੀ ਬਰਾਬਰ ਨੁਕਸਾਨ ਹੁੰਦਾ ਹੈ ਅਤੇ ਮਨੁੱਖ ਸਮਾਜ ਦੀਆਂ ਅਤੇ ਪਰਵਾਰ ਦੀਆਂ ਨਜ਼ਰਾਂ ਵਿੱਚੋਂ ਗਿਰ ਜਾਂਦਾ ਹੈ। ਨਸ਼ੇ ਕਰਨ ਵਾਲੇ ਨੂੰ ਕੋਈ ਵੀ ਪਸੰਦ ਨਹੀਂ ਕਰਦਾ। ਨਸ਼ੇ ਨਾਲ ਕਾਲਾ ਪੀਲੀਆ, ਲੀਵਰ, ਕੈਂਸਰ, ਹਾਈ ਬਲੱਡ ਪ੍ਰੈਸ਼ਰ ਅਤੇ ਹੋਰ ਬਹੁਤ ਸਾਰੀਆਂ ਬਿਮਾਰੀਆਂ ਵਿਅਕਤੀ ਨੂੰ ਲੱਗ ਜਾਂਦੀਆਂ ਹਨ। ਨਸ਼ੇ ਕਰਨ ਨਾਲ ਸਿਹਤ ਵਿਚ ਕਮਜ਼ੋਰੀ ਆਉਣ ਦੇ ਨਾਲ-ਨਾਲ ਉਮਰ ਵੀ ਘਟ ਜਾਂਦੀ ਹੈ ਅਤੇ ਵਿਅਕਤੀ ਇਸ ਦੁਨੀਆ ਵਿਚੋਂ ਨਰਕ ਭਰੀ ਜ਼ਿੰਦਗੀ ਬਤੀਤ ਕਰਦਾ ਹੋਇਆ ਪਹਿਲਾਂ ਤੁਰ ਜਾਂਦਾ ਹੈ। ਨਸ਼ਿਆਂ ਦੇ ਤਿੰਨ ਅੰਜਾਮ ਹਸਪਤਾਲ, ਜੇਲ੍ਹ ਅਤੇ ਸ਼ਮਸ਼ਾਨ ਹਨ। ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਨਸ਼ਿਆਂ ਨੂੰ ਨਾਂਹ ਕਹਿਣ ਤੇ ਜ਼ਿੰਦਗੀ ਨੂੰ ਹਾਂ ਕਹਿਣ। ਨੌਜਵਾਨ ਜਾਗਣ ਤੇ ਨਸ਼ੇ ਤਿਆਗਣ।

ਸਾਡੀ ਸਾਰਿਆਂ ਦੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਸੀਂ ਨਸ਼ਾ ਪੰਜਾਬ ਵਿਚ ਰਹਿਣ ਨਾ ਦੇਈਏ ਤੇ ਕਿਸੇ ਘਰ ਵਹਿਣ ਪੈਣ ਨਾ ਦੇਈਏ। ਸਰਕਾਰ ਨੂੰ ਨਸ਼ਾ ਛੁਡਾਓ ਅਤੇ ਮੁੜ ਵਸੇਬਾ ਕੇਂਦਰਾਂ ਦਾ ਵਿਸਥਾਰ ਅਤੇ ਸੁਧਾਰ ਕਰਨਾ ਚਾਹੀਦਾ ਹੈ। ਸਕੂਲਾਂ, ਕਾਲਜਾਂ ਅਤੇ ਜਨਤਕ ਥਾਂਵਾਂ 'ਤੇ ਨਸ਼ਿਆਂ ਦੀ ਲਤ ਦੇ ਖਤਰਿਆਂ ਬਾਰੇ ਜਾਗਰੂਕਤਾ ਸੈਮੀਨਾਰ ਸਮੇਂ-ਸਮੇਂ 'ਤੇ ਲਾਉਣੇ ਚਾਹੀਦੇ ਹਨ। ਨਸ਼ਿਆਂ ਦੀ ਲਤ ਅਤੇ ਖ਼ਤਰਿਆਂ ਬਾਰੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਰੈਲੀਆਂ ਵੀ ਕੱਢਦੇ ਰਹਿਣਾ ਚਾਹੀਦਾ ਹੈ, ਤਾਂ ਜੋ ਨੌਜਵਾਨ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਹੋ ਸਕਣ।

ਸਰਕਾਰ ਨੂੰ ਨੌਜਵਾਨਾਂ ਵਾਸਤੇ ਰੁਜ਼ਗਾਰ ਆਧਾਰਤ ਸਿੱਖਿਆ ਦੀ ਵਿਵਸਥਾ ਕਰਨੀ ਚਾਹੀਦੀ ਹੈ ਤਾਂ ਜੋ ਪੜ੍ਹਨ ਉਪਰੰਤ ਨੌਜਵਾਨ ਰੋਜ਼ੀ-ਰੋਟੀ ਦੇ ਕਾਬਲ ਹੋ ਸਕਣ। ਰਾਜ ਵਿਚ ਵੱਡੀ ਪੱਧਰ 'ਤੇ ਪਿੰਡਾਂ ਵਿਚ ਖੇਤੀ ਆਧਾਰਤ ਸਨਅਤਾਂ ਲਾਈਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਵਧ ਸਕਣ। ਨੌਜਵਾਨਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿਚ ਭਰਤੀ ਕਰਕੇ ਉਨ੍ਹਾਂ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਨਸ਼ੇ ਨੂੰ ਠੱਲ੍ਹ ਪਾਉਣ ਲਈ ਪੂਰੀ ਦ੍ਰਿੜ੍ਹਤਾ ਨਾਲ ਕੰਮ ਕਰਨਾ ਚਾਹੀਦਾ ਹੈ, ਤਾਂ ਜੋ ਨੌਜਵਾਨ ਗੁੰਮਰਾਹ ਨਾ ਹੋਣ। ਨੌਜਵਾਨਾਂ ਨੂੰ ਖੁਦ ਵੀ ਹੱਥੀਂ ਕਿਰਤ ਕਰਨ, ਚੰਗਾ ਸਾਹਿਤ ਪੜ੍ਹਨ, ਖੇਡਣ ਮੱਲਣ, ਚੰਗੇ ਲੋਕਾਂ ਦੀ ਸੰਗਤ ਕਰਨ ਤੋਂ ਇਲਾਵਾ ਸਮੇਂ ਦਾ ਸਦਉਪਯੋਗ ਕਰਨ ਦੀ ਆਦਤ ਜ਼ਰੂਰ ਪਾਉਣੀ ਚਾਹੀਦੀ ਹੈ ਤਾਂ ਜੋ ਨਸ਼ਿਆਂ ਤੋਂ ਬਚਿਆ ਜਾ ਸਕੇ। ਨੌਜਵਾਨਾਂ ਨੂੰ ਨਹਿਰੂ ਯੁਵਾ ਕੇਂਦਰਾਂ ਨਾਲ ਜੁੜ ਕੇ ਖੇਡ ਮੈਦਾਨਾਂ ਵਿਚ ਖੇਡਣ ਤੇ ਹੋਰ ਸਹਿ ਕਿਰਿਆਵਾਂ ਵਿਚ ਭਾਗ ਜ਼ਰੂਰ ਲੈਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਸਰੀਰ ਤੰਦਰੁਸਤ ਰਹੇ।

ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਸਭ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਪੰਜਾਬ ਨੂੰ ਬਚਾਉਣ ਲਈ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣ ਲਈ ਨਸ਼ਿਆਂ ਨੂੰ ਠੱਲ੍ਹ ਪਾਉਣੀ ਬਹੁਤ ਜ਼ਰੂਰੀ ਹੈ। ਧਾਰਮਿਕ ਅਤੇ ਸਮਾਜਿਕ ਸੰਗਠਨਾਂ ਨੂੰ ਵੀ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਸਾਡੀ ਇਸ ਕੋਸ਼ਿਸ਼ ਨਾਲ ਨੌਜਵਾਨਾਂ ਦੇ ਬਲਦੇ ਸਿਵੇ ਬੰਦ ਹੋ ਜਾਣ। ਆਓ ਨਸ਼ਾ ਮੁਕਾਈਏ, ਨਸਲਾਂ ਬਚਾਈਏ।

**# ਸੰਪਰਕ : 98146-62260**

# ਨਵੀਂ ਸ਼ੈਲਰ ਪਾਲਿਸੀ ਦੀ ਮੀਟਿੰਗ ਦਾ ਬਾਈਕਾਟ ਕਰਨਗੇ ਸਮੁੱਚੇ ਸ਼ੈਲਰ ਮਾਲਕ

## ਪਿਛਲੇ ਸਾਲ ਦੇ 2000 ਕਰੋੜ ਰੁਪਏ ਮਿਲਣ ਤੋਂ ਬਾਅਦ ਨਵੀਂ ਪਾਲਸੀ 'ਤੇ ਹੋਵੇਗਾ ਵਿਚਾਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਰਾਈਸ ਮਿਲਰ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਗਿਆਨ ਚੰਦ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਸਤ ਪ੍ਰਕਾਸ਼ ਗੋਇਲ, ਜਨਰਲ ਸਕੱਤਰ ਅਸ਼ਵਨੀ ਗਰਗ ਤੇ ਸਲਾਹਕਾਰ ਰੋਹਿਤ ਗੋਇਲ ਨੇ ਦੱਸਿਆ ਕਿ ਪੰਜਾਬ ਦੇ ਸਮੁੱਚੇ ਸ਼ੈਲਰ ਮਾਲਕ ਪੰਜਾਬ ਸਰਕਾਰ ਵੱਲੋਂ 27 ਅਗਸਤ ਨੂੰ ਰੱਖੀ ਜਾਣ ਵਾਲੀ ਨਵੀਂ ਪਾਲਿਸੀ ਡਰਾਫਟ ਮੀਟਿੰਗ ਦਾ ਬਾਈਕਾਟ ਕਰਨਗੇ ਤੇ ਜਦੋਂ ਤੱਕ ਪਿਛਲੇ ਸਾਲਾਂ ਦੇ 2 ਹਜ਼ਾਰ ਕਰੋੜ ਰੁਪਏ ਬਕਾਇਆ ਸ਼ੈਲਰ ਮਾਲਕਾਂ ਨੂੰ ਨਹੀਂ ਦਿੱਤੇ ਜਾਂਦੇ, ਉਦੋਂ ਤੱਕ ਸਰਕਾਰ ਨਵੀਂ ਪਾਲਿਸੀ 'ਤੇ ਵਿਚਾਰ ਨਾ ਕਰੇ।

ਉਨ੍ਹਾਂ ਕਿਹਾ ਕਿ ਸ਼ੈਲਰ ਮਾਲਕਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ ਤੇ ਨਾ ਹੀ ਸਰਕਾਰ ਇਸ ਪ੍ਰਤੀ ਗੰਭੀਰ ਹੈ।ਸ਼ੈਲਰ ਮਾਲਕਾਂ ਦੀ ਆਰਥਿਕ ਹਾਲਤ ਬਦ ਤੋਂ ਬਦਤਰ ਹੋ ਗਈ ਹੈ, ਕਿਉਂਕਿ ਸਰਕਾਰ ਦੀਆਂ ਨੀਤੀਆਂ ਸ਼ੈਲਰ ਮਾਰੂ ਹਨ।ਉਨ੍ਹਾਂ ਕਿਹਾ ਕਿ ਸਰਕਾਰ ਨੇ ਸ਼ੈਲਰ ਮਾਲਕੀਆਂ ਦੀਆਂ ਬੈਂਕ ਦੀਆਂ ਲਿਮਟਾਂ ਬੰਦ ਕਰ ਦਿੱਤੀਆਂ ਹਨ, ਜਦੋਂ ਕਿ ਲਿਮਟਾਂ ਤੇ ਲੋਨ ਤੋਂ ਬਿਨਾਂ ਕੋਈ ਵੀ ਕਾਰੋਬਾਰ ਨਹੀਂ ਹੋ ਸਕਦਾ।ਸ਼ੈਲਰ ਮਾਲਕ ਆਪਣੇ ਕਰੋੜਾਂ ਰੁਪਏ ਦੀ ਪ੍ਰਾਪਰਟੀ 'ਤੇ ਹੀ ਲੋਨ ਅਤੇ ਲਿਮਟ ਲੈਂਦੇ ਹਨ, ਪਰ ਸਰਕਾਰ ਨੇ ਉਸ 'ਤੇ ਵੀ ਕੰਡੀਸ਼ਨਾਂ ਲਾ ਦਿੱਤੀਆਂ ਹਨ, ਜਿਸ ਕਾਰਨ ਕਾਰੋਬਾਰ ਪ੍ਰਭਾਵਤ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੇ ਅਧਿਕਾਰੀ ਰਾਇਸ ਮਿਲਰਾਂ ਵਿੱਚ ਫੁੱਟ ਪਾ ਕੇ ਆਪਣੀ ਜੀਰੀ ਸੈਲਰਾਂ ਵਿੱਚ ਲਵਾਉਣਾ ਚਾਹੁੰਦੇ ਹਨ, ਪਰ ਸਮੁੱਚੇ ਸ਼ੈਲਰ ਮਾਲਕ ਇਕਜੁਟ ਹਨ, ਪਹਿਲਾਂ ਕਾਰੋਬਾਰ ਹਨ ਤੇ ਐਸੋਸੀਏਸ਼ਨ ਬਾਅਦ ਵਿਚ ਹੈ।

ਉਨ੍ਹਾਂ ਕਿਹਾ ਕਿ 2 ਹਜ਼ਾਰ ਕਰੋੜ ਦੇ ਕਰੀਬ ਸਾਲ 2023-24 ਦੀ ਮਿਲਿੰਗ ਦੇ ਬਿੱਲਾਂ, ਟਰਾਂਸਪੋਰਟ, ਯੂਜ਼ਰ ਚਾਰਜਿਜ ਤੇ ਲੈਵੀ ਸੈਕਿਊਰਟੀ ਆਦਿ ਤੋਂ ਬਿਨਾਂ 2003 ਤੋਂ 2012-13 ਤੱਕ ਦੇ ਬਰਦਾਨੇ ਦੇ ਡੈਪਰੀਸੇਸ਼ਨ ਦੇ ਪੈਸੇ ਅਤੇ 350 ਰੁਪਏ ਲੈਵੀ ਸੈਕਿਊਰਟੀ ਦੇ ਨਾਂਅ 'ਤੇ ਸ਼ੈਲਰ ਮਾਲਕਾਂ ਤੋਂ ਕੱਟੇ ਗਏ ਸਨ।ਉਹ ਹਾਲੇ ਤੱਕ ਦਿੱਤੇ ਨਹੀਂ ਜਾ ਰਹੇ, ਭਾਵ ਜਿਥੇ ਮਿਲਰਾਂ ਨੂੰ ਇਸ ਔਖੀ ਘੜੀ ਵਿੱਚ ਕਈ ਵਾਰੀ ਮਾਣਯੋਗ ਸੈਕਟਰੀ ਸਾਹਿਬ ਤੇ ਡਾਇਰੈਕਟਰ ਸਾਹਿਬ ਦੇ ਵਿਸ਼ਵਾਸ ਦਿਵਾਉਣ ਦੇ ਬਾਵਜੂਦ ਜੋ ਪਿਛਲੇ 2 ਮਹੀਨਿਆਂ ਦੀਆਂ ਮੀਟਿੰਗਾਂ ਵਿੱਚ ਕਿਹਾ ਗਿਆ ਸੀ ਕਿ ਅਸੀਂ 2018-19 ਦੇ ਯੂਜ਼ਰ ਚਾਰਜਿਜ ਦੇ ਪੈਸੇ ਨਹੀਂ ਕੱਟਾਂਗੇ ਤੇ ਇਸ ਦੇ ਨਾਲ ਹੀ ਜੋ ਜੀ. ਐਸ.ਟੀ. 18 ਫ਼ੀਸਦੀ ਐਫ. ਆਰ. ਕੇ. 'ਤੇ ਲਿਆ ਸੀ, ਉਸ ਦੇ ਪੈਸੇ ਐਫ. ਸੀ. ਆਈ. 5 ਫੀਸਦੀ 'ਤੇ ਰਿਫੰਡ ਕਰ ਰਹੀ ਹੈ ਤੇ ਉਨ੍ਹਾਂ ਨੇ ਕਿਹਾ ਸੀ 13 ਫੀਸਦੀ ਜੋ ਜੀ. ਐਸ. ਟੀ. ਫਾਲਤੂ ਲਿਆ ਗਿਆ ਹੈ, ਉਹ ਅਸੀਂ ਵਾਪਸ ਕਰ ਦਿਆਂਗੇ, ਪਰ ਇਕ ਵੀ ਮੰਗ ਨਹੀਂ ਮੰਨੀ ਗਈ।ਇਸ ਤੋਂ ਲੱਗਦਾ ਹੈ ਕਿ ਅਫ਼ਸਰਸ਼ਾਹੀ ਜਿਥੇ ਰਾਇਸ ਮਿੱਲਰਾਂ ਨੂੰ ਝੂਠੇ ਲਾਰੇ ਲਾ ਰਹੀ ਹੈ, ਉਥੇ ਪੰਜਾਬ ਸਰਕਾਰ ਦੀਆਂ ਨੂੰ ਉਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਸਹੀ ਜਾਣਕਾਰੀ ਨਹੀਂ ਦੇ ਰਹੀ।ਨਾ ਤਾਂ ਮੰਤਰੀ ਸਾਹਿਬ ਅਤੇ ਨਾ ਹੀ ਮੁੱਖ ਮੰਤਰੀ ਦੇ ਨੋਟਿਸ ਵਿਚ ਕੋਈ ਗੱਲ ਲਿਆਂਦੀ ਜਾ ਰਹੀ ਹੈ।ਪਿਛਲੇ ਸਾਲਾਂ ਦਾ ਲਗਭਗ 4 ਲੱਖ ਟਨ ਦੀ ਕੰਸਾਈਨਮੈਂਟ ਚਾਵਲ ਬਕਾਇਆ ਪਿਆ ਹੈ, ਜੋ ਕੇਂਲ ਸਪੇਸ ਨਾ ਹੋਣ ਕਾਰਨ ਲੇਟ ਹੋਈ, ਉਸ ਵਿਚ ਵੀ ਬਹੁਤ ਨੁਕਸਾਨ ਸ਼ੈਲਰ ਮਾਲਕਾਂ ਦਾ ਹੋਇਆ ਅਤੇ ਸ਼ੈਲਰ ਮਾਲਕਾਂ ਨੂੰ 200 ਕਿ. ਮੀ. ਬਿਨਾ ਕਿਰਾਏ ਤੋਂ ਮਾਲ ਲਾਉਣਾ ਪਿਆ, ਜਦੋਂ ਕਿ ਕੇਂਦਰ ਸਰਕਾਰ ਦੀ ਪਾਲਸੀ ਮੁਤਾਬਕ 0 ਕਿ.ਮੀ ਆਨਵਰਡ ਕਿਰਾਇਆ ਦੇਣਾ ਬਣਦਾ ਹੈ।

ਸਮੱਸਿਆਵਾਂ ਨੂੰ ਦੇਖਦੇ ਹੋਇਆਂ ਜੋ ਸ਼ੈਲਰ ਮਾਲਕਾਂ ਦਾ ਚਾਵਲ ਪਿਛਲੇ ਸਾਲ 2023-24 ਦਾ ਬਕਾਇਆ ਰਹਿੰਦਾ ਹੈ, ਉਸ ਚਾਵਲ ਨੂੰ ਲਾਉਣ ਲਈ ਪੰਜਾਬ ਸਰਕਾਰ ਕੇਂਦਰ ਨੂੰ ਚਿੱਠੀ ਲਿਖ ਕੇ 30 ਸਤੰਬਰ ਤੱਕ ਦੀ ਡੇਟ ਨਹੀਂ ਵਧਾਉਂਦੀ।ਇਸ ਮੌਕੇ ਬਲਵਿੰਦਰ ਧੂਰੀ, ਸੰਜੀਵ ਭੀਖੀ, ਹੈਪੀ ਭੀਖੀ, ਪ੍ਰਵੀਨ ਜਲੰਧਰ, ਜੈ ਪਾਲ ਗੋਇਲ ਕਪੂਰਥਲਾ, ਨਾਮਦੇਵ ਅਰੋੜਾ, ਜੈਪਾਲ ਮਿੱਡਾ, ਅਮਰਨਾਥ ਬੁਢਲਾਡਾ, ਤਰਸੇਮ ਗੁਪਤਾ ਪਟਿਆਲਾ, ਸੁਰਿੰਦਰ ਸੰਘਾਅਤੇ ਪਵਨ ਤਨੇਜਾ ਆਦਿ ਹਾਜ਼ਰ ਸਨ।

# ਕੋਲਕਾਤਾ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਰੋਸ ਪ੍ਰਦਰਸ਼ਨ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਕੋਲਕਾਤਾ ਵਿੱਚ 9 ਅਗਸਤ ਦੀ ਰਾਤ ਨੂੰ ਆਰਜੀ ਕਰ ਹਸਪਤਾਲ 'ਚ ਜਬਰ ਜਿਨਾਹ ਉਪਰੰਤ ਮੌਤ ਦਾ ਸ਼ਿਕਾਰ ਹੋਈ ਇੱਕ ਸਿਖਿਆਰਥੀ ਡਾਕਟਰ ਦੇ ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਦੁਕਾਨਦਾਰ ਯੂਨੀਅਨ ਮਹਿਲ ਕਲਾਂ, ਮੈਡੀਕਲ ਪ੍ਰੈਕਟੀਸ਼ਨਜ਼ ਐਸੋਸੀਏਸ਼ਨ ਅਤੇ ਪ੍ਰੈੱਸ ਕਲੱਬਾਂ ਵਲੋਂ ਸਾਂਝੇ ਤੌਰ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ।ਬੱਸ ਸਟੈਂਡ 'ਤੇ ਇਕੱਠੇ ਹੋਏ ਦੁਕਾਨਦਾਰਾਂ, ਪ੍ਰੈਕਟੀਸ਼ਨਰਾਂ ਅਤੇ ਪੱਤਰਕਾਰ ਭਾਈਚਾਰੇ ਦੇ ਲੋਕਾਂ ਨੇ ਦੋਸ਼ੀਆਂ ਨੂੰ ਬਚਾ ਰਹੀ ਕੇਂਦਰ ਸਰਕਾਰ ਤੇ ਕਲਕੱਤਾ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਬੀਬੀ ਬਲਜਿੰਦਰ ਕੌਰ ਮਾਂਗੇਵਾਲ ਨੇ ਕਿਹਾ ਕਿ ਜਿਸ ਤਰ੍ਹਾਂ ਦਰਿੰਦਿਆਂ ਵੱਲੋਂ ਮਹਿਲਾ ਡਾਕਟਰ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਹੈ, ਉਸ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਭਾਰਤ 'ਚ ਮਹਿਲਾਵਾਂ ਸੁਰੱਖਿਅਤ ਨਹੀਂ ਹਨ।ਪ੍ਰਧਾਨ ਗਗਨਦੀਪ ਸਿੰਘ ਸਰਾਂ, ਭਾਕਿਯੂ ਡਕੌਂਦਾ ਦੇ ਆਗੂ ਜਗਰਾਜ ਹਰਦਾਸਪੁਰਾ, ਅਕਾਲੀ ਆਗੂ ਜਥੇ: ਨਾਥ ਸਿੰਘ ਹਮੀਦੀ, ਕਾਂਗਰਸ ਦੇ ਗੁਰਮੇਲ ਸਿੰਘ ਮੌੜ, ਐਡਵੋਕੇਟ ਜਸਵੀਰ ਸਿੰਘ ਖੇੜੀ, ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਜਬਰ ਜਿਨਾਹ ਦੇ ਮਾਮਲਿਆਂ 'ਚ ਭਾਰਤ 'ਚ ਸਖ਼ਤ ਕਾਨੂੰਨ ਦੀ ਘਾਟ ਕਾਰਨ ਅਜਿਹੇ ਅਜਿਹੀਆਂ ਘਿਨੌਣੀਆਂ ਵਾਰਦਾਤਾਂ ਕਰ ਕੇ ਦੋਸ਼ੀ ਬਚ ਕੇ ਨਿਕਲ ਜਾਂਦੇ ਹਨ।

ਉਨ੍ਹਾਂ ਮੰਗ ਕੀਤੀ ਕਿ ਅਜਿਹੇ ਮਾਮਲਿਆਂ ਦੇ ਦੋਸ਼ੀਆਂ ਨੂੰ 90 ਦਿਨ੍ਹਾਂ ਦੇ ਅੰਦਰ ਅੰਦਰ ਫ਼ਾਂਸੀ ਦੀ ਸਜ਼ਾ ਹੋਣੀ ਯਕੀਨੀ ਬਣਾਈ ਜਾਵੇ।ਮੈਡੀਕਲ ਪ੍ਰੈਕਟੀਸ਼ਨਜ਼ ਐਸੋਸੀਏਸ਼ਨ ਦੇ ਡਾ: ਮਿੱਠੂ ਮੁਹੰਮਦ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਆਪਣੇ ਏਕੇ ਨੂੰ ਹੋਰ ਮਜ਼ਬੂਤ ਬਣਾਉਣ ਦੀ ਅਪੀਲ ਕੀਤੀ।ਇਸ ਸਮੇਂ ਉਕਤ ਜਥੇਬੰਦੀਆਂ ਵਲੋਂ ਦੇਸ਼ ਦੇ ਰਾਸ਼ਟਰਪਤੀ ਦੇ ਨਾਂ ਇਕ ਮੰਗ ਪੱਤਰ ਤਹਿਸੀਲਦਾਰ ਦੇ ਰੀਡਰ ਰਾਹੀਂ ਭੇਜਿਆ ਗਿਆ।




![ਪੰਜਾਬ ਨੈਸ਼ਨਲ ਬੈਂਕ]

**ਪੰਜਾਬ ਨੈਸ਼ਨਲ ਬੈਂਕ punjab national bank**

ਬਰਾਂਚ : ਬਸਤੀ ਨੌਂ, (ਬਰਾਂਚ ਕੋਡ : 070300), ਜਲੰਧਰ-144001

**ਸਾਡੀ ਬਰਾਂਚ ਵਿਖੇ ਲਾਕਰਾਂ ਦੇ ਕਿਰਾਏ 'ਚ ਬਕਾਇਆ ਲਈ ਨੋਟਿਸ**

ਪੰਜਾਬ ਨੈਸ਼ਨਲ ਬੈਂਕ, ਬਰਾਂਚ ਦਫਤਰ ਬਸਤੀ ਨੌਂ, (ਬਰਾਂਚ ਕੋਡ : 070300), ਜਲੰਧਰ ਨੇ ਹੇਠਾਂ ਸਾਰਣੀ 'ਚ ਦਰਸਾਏ ਲਾਕਰ ਕਿਰਾਏ 'ਤੇ ਲੈਣ ਵਾਲਿਆਂ ਨੂੰ ਸੇਫ ਡਿਪਾਜ਼ਟ ਵੈਲਟਸ (ਲਾਕਰਜ਼) ਕਿਰਾਏ 'ਤੇ ਦਿੱਤੇ ਸਨ। ਲਾਕਰ ਧਾਰਕਾਂ ਤੇ 3 ਸਾਲ ਤੋਂ ਵੱਧ ਸਮੇਂ ਤੋਂ ਲਾਕਰਾਂ ਦਾ ਕਿਰਾਇਆ ਅਦਾ ਨਹੀਂ ਕੀਤਾ। ਉਨ੍ਹਾਂ ਦੇ ਕਿਰਾਏ ਦਾ ਬਕਾਇਆ ਹੇਠਾਂ ਦਰਸਾਈ ਸਾਰਣੀ 'ਚ ਦਰਸਾਇਆ ਗਿਆ ਹੈ। ਬੈਂਕ ਨੇ ਲਾਕਰ ਕਿਰਾਏ 'ਤੇ ਲੈਣ ਵਾਲੇ ਸੰਬੰਧਤਾਂ ਨੂੰ ਲਾਕਰਾਂ ਦੇ ਬਕਾਇਆ ਕਿਰਾਏ ਲਈ ਤਿੰਨ ਨੋਟਿਸ ਜਾਰੀ ਕੀਤੇ ਸਨ, ਪਰ ਅਜੇ ਤੱਕ ਕੋਈ ਕਿਰਾਇਆ ਜਮ੍ਹਾਂ ਨਹੀਂ ਹੋਇਆ।

| ਲੜੀ ਨੰ. | ਲਾਕਰ ਨੰ. | ਨਾਂਅ | ਬਰਾਂਚ |
|---|---|---|---|
| 1. | AA00056 | ਸੁਦੇਸ਼ ਅਗਰਵਾਲ ਅਤੇ ਅਨੂਪ ਗੋਇਲ | ਬਸਤੀ ਨੌਂ, ਜਲੰਧਰ |
| 2. | AD00342 | ਬਲਬੀਰ ਕੌਰ | ਬਸਤੀ ਨੌਂ, ਜਲੰਧਰ |
| 3. | AF00514 | ਓਮ ਕੁਮਾਰੀ ਗੁਪਤਾ | ਬਸਤੀ ਨੌਂ, ਜਲੰਧਰ |
| 4. | AG00606 | ਗੁਰਬਚਨ ਸਿੰਘ ਅਤੇ ਜਸਵਿੰਦਰ ਸਿੰਘ | ਬਸਤੀ ਨੌਂ, ਜਲੰਧਰ |

ਇਹ ਨੋਟਿਸ ਉਨ੍ਹਾਂ ਲਾਕਰ ਧਾਰਕਾਂ ਨੂੰ ਜਾਰੀ ਕੀਤਾ ਜਾਂਦਾ ਹੈ, ਜਿਨ੍ਹਾਂ ਉੱਪਰ ਦਰਸਾਏ ਲਾਕਰਾਂ ਦੇ ਕਿਰਾਏ ਅਜੇ ਤੱਕ ਅਦਾ ਨਹੀਂ ਕੀਤੇ ਕਿ ਜੇਕਰ ਬੈਂਕ ਨੂੰ ਉਨ੍ਹਾਂ ਦੇ ਕਿਰਾਏ ਤਿੰਨ ਮਹੀਨਿਆਂ ਦੇ ਵਿੱਚ-ਵਿੱਚ ਅਦਾ ਨਹੀਂ ਕੀਤੇ ਜਾਂਦੇ ਤਾਂ ਕਿਰਾਇਆ ਡੀਡ ਦੀ ਕਲਾਜ਼ ਨੰ. 9 ਤਹਿਤ ਬੈਂਕ ਸੰਬੰਧਤ ਲਾਕਰ ਧਾਰਕਾਂ ਦੇ ਲਾਕਰ ਉਨ੍ਹਾਂ ਦੇ ਜੋਖ਼ਮ ਅਤੇ ਲਾਗਤ ਦੇ ਖੋਲ੍ਹ ਦਿੱਤੇ ਜਾਣਗੇ ਅਤੇ ਬੈਂਕ ਇਸ ਦੇ ਕਿਸੇ ਇੱਕ ਹਿੱਸੇ ਜਾਂ ਸਮੁੱਚੀ ਸਮੱਗਰੀ ਦੀ ਜਨਤਕ ਜਾਂ ਨਿੱਜੀ ਵਿਕਰੀ ਦੁਆਰਾ ਇਸ ਦੀ ਅਦਾਇਗੀ ਨੂੰ ਪ੍ਰਾਪਤ ਕਰ ਸਕਦਾ ਹੈ। ਲਾਕਰ ਧਾਰਕ ਵੱਲੋਂ ਬੈਂਕ ਦੇ ਬਕਾਏ ਦੇ ਸੰਤੁਸ਼ਟ ਕਰਨ ਤੋਂ ਬਾਅਦ ਲਾਕਰ ਦੀ ਕੋਈ ਵੀ ਰਕਮ ਅਤੇ ਸਮੱਗਰੀ ਜੋ ਬਾਕੀ ਬਚੀ ਹੈ, ਲਾਕਰ ਕਿਰਾਏ ਦੇ ਲੈਣ-ਦੇਣ ਦੇ ਪੂਰੇ ਜੋਖ਼ਮ 'ਤੇ ਪੂਰੀ ਜ਼ਿੰਮੇਵਾਰੀ ਅਤੇ ਲਾਗਤ 'ਤੇ ਬੈਂਕ ਦੁਆਰਾ ਰੱਖੀ ਜਾਵੇਗੀ। ਜੇਕਰ ਬੈਂਕ ਨੂੰ ਅਜਿਹੀ ਵਿਕਰੀ ਕਰਨ 'ਤੇ ਅਦਾਇਗੀ ਨਾਕਾਫੀ ਹੋਵੇਗੀ ਤਾਂ ਲਾਕਰ ਧਾਰਕ ਇਸ ਘਾਟ ਲਈ ਜ਼ਿੰਮੇਵਾਰ ਹੋਵੇਗਾ।

ਮਿਤੀ : 28.08.2024 ਸਥਾਨ : ਜਲੰਧਰ ਪੰਜਾਬ ਨੈਸ਼ਨਲ ਬੈਂਕ

**OFFICE OF THE RECOVERY OFFICER-I/II
DEBTS RECOVERY TRIBUNAL, CHANDIGARH (DRT 1)
2nd Floor SCO 33-34-35 Sector-17 A, Chandigarh**

**DEMAND NOTICE**

Notice Under Sections 25 to 28 of The Recovery Of Debts & Bankruptcy ACT, 1993, And Rule 2 Of Second Schedule To The Income Tax Act, 1961.

R/C 321/2023 01.08.2024

(Publication Notice)

UCO Bank Versus M/S Anu Enterprises

To

(CD1) M/s Anu Enterprises, Industrial Shed 1-A, Industrial Area Batala,

(CD2) Smt. Jaswinder Kaur W/o Mr. Kulbir Singh (Prop.) Anu Enterprises, Industrial Shed 1-A, Industrial Area Batala, Punjab. Also At H. No. 890, Near Singh Sabha Gurdwara Mann Nagar.

(CD3) Mr. Kulbir Singh (Prop.) S/o Late Sh. Partap Singh, Kulbir Enterprises, Industrial Shed 1-A, Industrial Area Batala, Punjab. Also At H. No. 890, Dera Road, Mann Nagar. Also At H. No. 890, Bakhewal Sakarpura, Ward No. 12, Teh. Batala, Distt.

This is to notify as per the recovery Certificate issued in pursuance of orders passed by the presiding Officer, Debts Recovery Tribunal Chandigarh (DRT I) in OA/3098/2017 an amount of Rs. 3036947/- (Rupees Thirty Lakhs Thirty Six Thousands Nine Hundered Forty Seven only) along with Pendentellite and Future interest @ 12.20% Compound interest Monthly w.e.f. 21.09.2015 till realization and costs of Rs. 33005 (Rupees Thirty Three Thousands Five Only) has become due against you (Jointly and severally/Fully/Limited).

2. You are hereby directed to pay the above sum within 15 days of the receipts of the notice, failing which the recovery shall be made in accordance with the Recovery of Debts Due to Banks and Financial Institutions Act, 1993 and Rules there under.

3. You are hereby ordered to declare on an affidavit the Particulars of yours assets on or before the next date of hearing.

4. You are hereby ordered to appear before the undersigned on 02.09.2024 at 10.30 a.m. for further proceeding.

5. In addition to the sum aforesaid, you will also be liable to pay :

(a) Such interests as is payable for the period commencing immediately after this notice of the certificate/execution proceedings.

(b) All costs, Charges and expenses incurred in respect of the service of this notice and warrants and other processes and all other proceedings taken for recovering the amount due.

Given under my hand and the seal of the Tribunal, on this date : 01.08.2024.

Recovery Officer
Debts Recovery Tribunal, Chandigarh (DRT 1)

## ਕਾਤਰਾਂ

### ਸੇਂਟ ਜੈਵੀਅਰਜ਼ ਸਕੂਲ 'ਚ ਮਨਾਇਆ ਤੀਆਂ ਦਾ ਤਿਉਹਾਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਸੇਂਟ ਜੈਵੀਅਰਜ ਸਕੂਲ ਅੰਦਰ ਛੋਟੇ-ਛੋਟੇ ਬੱਚਿਆਂ ਵੱਲੋਂ ਤੀਆਂ ਦਾ ਤਿਉਹਾਰ ਮਨਾਇਆ ਗਿਆ। ਚੇਅਰਮੈਨ ਅਨਦੀਆ ਸਰਕਾਰ ਦੀ ਅਗਵਾਈ ਹੇਠ ਸਕੂਲ ਦੀ ਪ੍ਰਿੰਸੀਪਲ ਅਰਨਬ ਸਰਕਾਰ ਨੇ ਸਮੂਹ ਸਟਾਫ਼ ਤੇ ਬੱਚਿਆਂ ਨਾਲ ਮਿਲ ਕੇ ਪੰਜਾਬ ਦਾ ਸੱਭਿਆਚਾਰਕ ਪ੍ਰੋਗਰਾਮ ਤੀਆਂ ਦਾ ਤਿਉਹਾਰ ਬੜੀ ਉਤਸ਼ਾਹ ਨਾਲ ਮਨਾਇਆ। ਸਕੂਲ ਦੇ ਬੱਚੇ ਪੰਜਾਬੀ ਪਹਿਰਾਵੇ ਵਿੱਚ ਸਕੂਲ ਪੁੱਜੇ, ਜਿਸ ਅੰਦਰ ਬੱਚਿਆਂ ਨੇ ਸਕੂਲ ਵਿੱਚ ਭੰਗੜੇ ਤੇ ਗਿੱਧੇ ਵਿਚ ਹਿੱਸਾ ਲਿਆ। ਲੜਕੀਆਂ ਨੇ ਬੋਲੀਆਂ ਪਾ ਕੇ ਬਾਖ਼ੂਬੀ ਗਿੱਧੇ ਦੀ ਪੇਸ਼ਕਾਰੀ ਕੀਤੀ ਅਤੇ ਲੜਕਿਆਂ ਵਲੋਂ ਪੰਜਾਬੀ ਗੀਤਾਂ ਉੱਤੇ ਭੰਗੜਾ ਪਾ ਕੇ ਪੰਜਾਬੀ ਵਿਰਸੇ ਦੇ ਰੰਗ ਬੰਨ੍ਹੇ ਗਏ। ਤੀਜ ਮੌਕੇ ਛੋਟੇ-ਛੋਟੇ ਬੱਚਿਆਂ ਤੇ ਸਟਾਫ਼ ਨੇ ਪ੍ਰਤੀਯੋਗਤਾ ਮੁਕਾਬਲੇ ਵਿੱਚ ਭਾਗ ਲਿਆ ਗਿਆ। ਇਸ ਮੌਕੇ ਚੇਅਰਮੈਨ ਅਨਦੀਆ ਸਰਕਾਰ ਨੇ ਵਿਦਿਆਰਥੀਆਂ ਨੂੰ ਤੀਆਂ ਦੇ ਤਿਉਹਾਰ ਬਾਰੇ ਭਰਪੂਰ ਜਾਣਕਾਰੀ ਦਿੱਤੀ।

### ਡੀ.ਏ.ਪੀ ਨਾਲ ਜਬਰੀ ਨੈਨੋ ਖਾਦ ਦੇਣ ਦੇ ਵਿਰੋਧ 'ਚ ਧਰਨਾ

**ਤਲਵੰਡੀ ਸਾਬੋ (ਜਗਦੀਪ ਗਿੱਲ)** ਡੀ ਏ ਪੀ ਦੀ ਮਹਿਕਮੇ ਵੱਲੋਂ ਜਾਣ-ਬੁੱਝ ਕੇ ਘਾਟ ਦਰਸਾ ਕੇ ਭੋਲੇ ਭਾਲੇ ਕਿਸਾਨਾਂ ਨੂੰ ਡੀ ਏ ਪੀ ਖਾਦ ਨਾਲ ਡੀ ਏ ਪੀ ਨੈਨੋ ਜਾਂ ਨੈਨੋ ਯੂਰੀਆ ਦੇ ਕੇ ਲੁੱਟ ਕੀਤੀ ਜਾ ਰਹੀ ਹੈ। ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਇਫਕੋ ਦਫ਼ਤਰ ਅੱਗੇ ਧਰਨਾ ਲਾਇਆ ਗਿਆ। ਇਸ ਮੌਕੇ ਬੋਲਦਿਆਂ ਰਾਜਮਹਿੰਦਰ ਸਿੰਘ ਕੋਟਭਾਰਾ ਜ਼ਿਲ੍ਹਾ ਜਨਰਲ ਸਕੱਤਰ ਨੇ ਕਿਹਾ ਕਿ ਜੇ ਮਹਿਕਮੇ ਨੇ ਇਸ 'ਤੇ ਗੌਰ ਕਰਦਿਆਂ ਨਾ ਰੋਕ ਲਾਈ ਤਾਂ ਸੰਘਰਸ਼ ਨੂੰ ਤਿੱਖਾ ਕਰਨ ਦੀ ਚੇਤਾਵਨੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਕਰਨ ਸਿੰਘ ਭਾਗੀਬਾਂਦਰ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਮੇਜਰ ਸਿੰਘ ਕੋਟ ਭਾਰਾ ਬਲਾਕ ਜਨਰਲ ਸਕੱਤਰ, ਜਗਜੀਤ ਸਿੰਘ ਪ੍ਰਧਾਨ ਤਰਖਾਣਵਾਲਾ, ਜਸਕਰਨ ਸਿੰਘ ਇਕਾਈ ਪ੍ਰਧਾਨ, ਗੁਰਮੇਲ ਸਿੰਘ ਇਕਾਈ ਪ੍ਰਧਾਨ, ਦਰਸ਼ਨ ਸਿੰਘ, ਜਗਰੂਪ ਸਿੰਘ ਤੇ ਦਰਸ਼ਨ ਸਿੰਘ ਆਦਿ ਕਿਸਾਨ ਆਗੂਆਂ ਸਮੇਤ ਕਿਸਾਨ ਸ਼ਾਮਲ ਸਨ।

### ਬੇਰੁਜ਼ਗਾਰ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਜਾਰੀ ਕਰੇ ਸਰਕਾਰ : ਜਰਨੈਲ ਨਾਗਰਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਈਟੀਟੀ 6635 ਅਧਿਆਪਕ ਯੂਨੀਅਨ ਦੇ ਸੂਬਾ ਆਗੂ ਜਰਨੈਲ ਨਾਗਰਾ ਨੇ ਕਿਹਾ ਕਿ ਬਹੁਤ ਹੀ ਲੰਬੇ ਸਮੇਂ ਤੋਂ ਰੁਜ਼ਗਾਰ ਦੀ ਆਸ ਵਿੱਚ ਲੱਖਾਂ ਰੁਪਏ ਲਾ ਕੇ ਕੋਰਟਾਂ ਵਿੱਚੋਂ ਭਰਤੀ ਬਹਾਲ ਕਰਾਉਣ ਤੋਂ ਬਾਅਦ ਵੀ ਨਿਯੁਕਤੀ ਆਰਡਰਾਂ ਲਈ ਸੜਕਾਂ 'ਤੇ 2364 ਅਤੇ 5994 ਬੇਰੁਜ਼ਗਾਰ ਅਧਿਆਪਕ ਸੜਕਾਂ 'ਤੇ ਰੁਲ਼ ਰਹੇ ਹਨ, ਜਿਸ ਦੇ ਚੱਲਦਿਆਂ ਬੇਰੁਜ਼ਗਾਰਾਂ ਦਾ ਧਰਨਾ ਡੀ ਪੀ ਆਈ ਦਫਤਰ ਮੋਹਾਲੀ ਦੇ ਬਾਹਰ ਲਗਾਤਾਰ ਚੱਲ ਰਿਹਾ ਹੈ। 2 ਬੇਰੁਜ਼ ਗਾਰ ਅਧਿਆਪਕ ਪੈਟਰੋਲ ਦੀਆਂ ਬੋਤਲਾਂ ਲੈ ਕੇ ਡੀ.ਪੀ.ਆਈ ਦਫਤਰ ਦੀ ਸਭ ਤੋਂ ਉਪਰਲੀ ਮੰਜ਼ਲ 'ਤੇ ਪਹੁੰਚ ਗਏ ਹਨ। ਸੋ ਸਰਕਾਰ ਨੂੰ ਜਲਦ ਤੋਂ ਜਲਦ ਇਨ੍ਹਾਂ ਬੇਰੁਜ਼ਗਾਰਾਂ ਨੂੰ ਨਿਯੁਕਤੀ ਆਰਡਰ ਜਾਰੀ ਕਰਕੇ ਸਕੂਲਾਂ ਵਿੱਚ ਭੇਜਣਾ ਚਾਹੀਦਾ ਹੈ।

### ਰਾਕੇਸ਼ ਰਾਧੇ ਨੇ ਕੀਤਾ ਕਨ੍ਹਈਆ ਦਾ ਗੁਣਗਾਨ

**ਲੌਂਗੋਵਾਲ, (ਕੁਲਦੀਪ ਅੱਤਰੀ/ਪ੍ਰਦੀਪ ਸਿੰਘ ਸੱਪਲ)** ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਪੁਰਬ ਪ੍ਰਾਚੀਨ ਠਾਕੁਰ ਦੁਆਰਾ ਡੇਰਾ ਬਾਬਾ ਸ਼੍ਰੀ ਰਾਧਿਕਾ ਦਾਸ ਵਿਖੇ ਮਹੰਤ ਹੀਰਾ ਦਾਸ ਦੀ ਰਹਿਨੁਮਾਈ ਹੇਠ ਧੂਮ ਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ। ਮੋਹਲੇਧਾਰ ਬਾਰਿਸ਼ ਦੇ ਬਾਵਜੂਦ ਸੈਂਕੜੇ ਸ਼ਰਧਾਲੂਆਂ ਨੇ ਉਤਸ਼ਾਹ ਨਾਲ ਰਾਤ ਸਮੇਂ ਆਯੋਜਤ ਇਸ ਅਲੌਕਿਕ ਸਮਾਗਮ ਵਿੱਚ ਭਾਗ ਲਿਆ। ਪ੍ਰਸਿੱਧ ਭਜਨ ਗਾਇਕ ਰਾਕੇਸ਼ ਰਾਧੇ (ਬਰਨਾਲੇ ਵਾਲੇ) ਨੇ ਭਗਵਾਨ ਦਾ ਗੁਣਗਾਨ ਕਰਦਿਆਂ ਸ਼ਰਧਾਲੂਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਰਾਤ 12 ਵਜੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਜਨਮ ਸਮੇਂ ਸ਼ਰਧਾਲੂਆਂ ਵੱਲੋਂ 'ਨੰਦ ਕੇ ਅਨੰਦ ਭਇਓ ਜੈ ਕਨ੍ਹਈਆ ਲਾਲ ਕੀ' ਜੈਕਾਰੇ ਲਾਉਂਦੇ ਹੋਏ ਆਤਿਸ਼ਬਾਜੀ ਕੀਤੀ ਗਈ ਤੇ ਇਸ ਤੋਂ ਬਾਅਦ ਭਗਤਾਂ ਨੇ ਠਾਕੁਰ ਜੀ ਨੂੰ ਝੂਲਾ ਝੁਲਾਇਆ ਤੇ ਪੂੜਿਆਂ ਦਾ ਪ੍ਰਸ਼ਾਦ ਗ੍ਰਹਿਣ ਕੀਤਾ।

### ਘਰ ਦੇ ਗੇਟ ਅੱਗੇ ਫਾਇਰ, ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਜ਼ੀਰਾ ਦੇ ਪਿੰਡ ਮੇਹਰ ਸਿੰਘ ਵਾਲਾ ਵਿਖੇ ਇਕ ਵਿਅਕਤੀ ਦੇ ਘਰ ਦੇ ਗੇਟ ਅੱਗੇ ਫਾਇਰ ਕਰਨ ਦੇ ਦੋਸ਼ ਵਿਚ ਥਾਣਾ ਸਦਰ ਜ਼ੀਰਾ ਪੁਲਸ ਨੇ ਦੋ ਅਣਪਛਾਤੇ ਵਿਅਕਤੀਆਂ ਖਿਲਾਫ 125, 3 (5) ਬੀਐੱਨਐੱਸ, 25, 27 ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਜੀਤ ਸਿੰਘ ਪੁੱਤਰ ਸੁਦਾਗਰ ਸਿੰਘ ਵਾਸੀ ਪਿੰਡ ਮੇਹਰ ਸਿੰਘ ਵਾਲਾ ਨੇ ਦੱਸਿਆ ਕਿ 12 ਅਗਸਤ ਨੂੰ ਰਾਤ ਕਰੀਬ 1.15 ਪੀਐੱਮ 'ਤੇ ਦੋ ਅਣਪਛਾਤੇ ਵਿਅਕਤੀ ਮੋਟਰਸਾਈਕਲ 'ਤੇ ਆਏ, ਜਿਨ੍ਹਾਂ ਨੇ ਉਸ ਦੇ ਘਰ ਦੇ ਗੇਟ ਨੂੰ ਨਿਸ਼ਾਨਾ ਬਣਾ ਕੇ ਫਾਇਰ ਕੀਤੇ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਅਵਨੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਬਿਜਲੀ ਮੁਲਾਜ਼ਮ ਜਥੇਬੰਦੀਆਂ ਨੇ ਤਿੱਖੇ ਸੰਘਰਸ਼ ਦਾ ਕੀਤਾ ਐਲਾਨ



**ਅਜੀਤਵਾਲ (ਨਛੱਤਰ ਸੰਧੂ)** ਪਾਵਰਕਾਮ ਤੇ ਟਰਾਂਸਕੋ ਦੇ ਕ੍ਰਮਚਾਰੀ ਪਿਛਲੇ ਲੰਮੇ ਸਮੇਂ ਤੋਂ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪੂਰਤੀ ਕਰਨ ਲਈ ਸੰਘਰਸ਼ ਦੇ ਰਾਹ 'ਤੇ ਤੁਰੇ ਹੋਏ।ਦਰਸ਼ਨ ਲਾਲ ਮੋਗਾ ਡਿਪਟੀ ਜਨਰਲ ਸਕੱਤਰ ਫੈਡਰੇਸ਼ਨ ਏਟਕ ਪੰਜਾਬ ਰਜਿ 41 ਨੇ ਦੱਸਿਆ ਕਿ ਮੈਨੇਜਮੈਂਟ ਵਾਰ-ਵਾਰ ਚੋਣ ਜ਼ਾਬਤੇ ਲੱਗਣ ਦੇ ਬਹਾਨੇ, ਕਦੇ ਸਰਕਾਰ ਨਾਲ ਗੱਲਬਾਤ ਨਾ ਹੋਣ ਦਾ ਬਹਾਨਾ ਬਣਾ ਕੇ, ਪੰਜਾਬ ਸਰਕਾਰ ਦੀ ਤਰਜ਼ 'ਤੇ ਮੀਟਿੰਗਾਂ ਦੇ ਕੇ ਵਾਰ-ਵਾਰ ਅੱਗੇ ਪਾਇਆ ਜਾ ਰਿਹਾ। ਮੈਨੇਜਮੈਂਟ ਦੇ ਰਵੱਈਏ ਨੂੰ ਭਾਂਪਦਿਆਂ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਤੇ ਜੁਆਇੰਟ ਫ਼ੋਰਮ ਪੰਜਾਬ ਵਲੋਂ ਪਹਿਲਾਂ ਦਿੱਤੇ ਸੰਘਰਸ਼ ਪ੍ਰੋਗਰਾਮ ਤਹਿਤ ਪੰਜਾਬ ਦੇ ਬਿਜਲੀ ਕ੍ਰਮਚਾਰੀ ਵਰਕ ਟੂ ਰੂਲਜ ਲਾਗੂ ਕਰਨ ਲਈ 21 ਅਗਸਤ ਤੋਂ 31 ਅਗਸਤ ਤੱਕ ਸੰਘਰਸ਼ ਪ੍ਰੋਗਰਾਮ ਦਿੱਤਾ ਸੀ ਅਤੇ 22 ਅਗਸਤ ਤੋਂ 23 ਅਗਸਤ ਤੱਕ ਡਵੀਜ਼ਨ ਪੱਧਰ ਧਰਨੇ ਦੇਣ ਉਪਰੰਤ ਮੈਨੇਜਮੈਂਟ ਅਤੇ ਭਗਵੰਤ ਮਾਨ ਸਰਕਾਰ ਦੀਆਂ ਅਰਥੀਆਂ ਸਾੜਨ ਉਪਰੰਤ ਜਥੇਬੰਦੀਆਂ ਵੱਲੋਂ ਲਏ, ਸਖ਼ਤ ਫ਼ੈਸਲੇ ਮੁਤਾਬਕ ਜੇਕਰ ਮੈਨੇਜਮੈਂਟ 31/08/24 ਤੱਕ ਮੀਟਿੰਗ ਦੇ ਕੇ ਮੰਨੀਆਂ ਮੰਗਾਂ ਲਾਗੂ ਨਹੀਂ ਕਰਦੀ ਤਾਂ 1 ਸਤੰਬਰ ਨੂੰ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੀ ਅੰਮ੍ਰਿਤਸਰ ਵਿਖੇ ਕੋਠੀ ਘੇਰੀ ਜਾਵੇਗੀ ਤੇ ਸ਼ਹਿਰ ਕਾਲੇ ਝੰਡਿਆਂ, ਮਾਟੋਆਂ ਨਾਲ ਪਿੱਟ ਸਿਆਪਾ ਕੀਤਾ ਜਾਵੇਗਾ। ਜੇਕਰ ਫਿਰ ਵੀ ਕੋਈ ਮਸਲਾ ਹੱਲ ਨਾ ਕੀਤਾ ਗਿਆ ਤਾਂ 30 ਸਤੰਬਰ ਫੀਲਡ ਵਿੱਚ ਵਰਕ ਟੂ ਰੂਲਜ ਲਾਗੂ ਰਹੇਗਾ ਤੇ ਮੈਨੇਜਮੈਂਟ ਦੇ ਅਧਿਕਾਰੀਆਂ, ਮੈਂਬਰਾਂ, ਬਿਜਲੀ ਮੰਤਰੀ ਦਾ ਫੀਲਡ ਵਿੱਚ ਆਉਣ 'ਤੇ ਘਿਰਾਓ ਕੀਤਾ ਜਾਵੇਗਾ।

# ਅੱਖਾਂ ਦਾਨ ਕਰਨ ਸੰਬੰਧੀ ਨੈਸ਼ਨਲ ਡਿਗਰੀ ਕਾਲਜ ਚੁਆੜਿਆਂ ਵਾਲੀ 'ਚ ਕੀਤਾ ਜਾਗਰੂਕਤਾ ਸਮਾਗਮ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਪੰਜਾਬ ਸਰਕਾਰ ਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾ. ਚੰਦਰ ਸ਼ੇਖਰ ਕੱਕੜ ਤੇ ਡਾ ਕਵਿਤਾ ਸਿੰਘ ਦੀ ਦੇਖ-ਰੇਖ ਵਿੱਚ ਅੱਖਾਂ ਦਾਨ ਕਰਨ ਸਬੰਧੀ ਪੰਦਰਵਾੜਾ 25 ਅਗਸਤ ਤੋਂ 8 ਸਤੰਬਰ ਤੱਕ ਮਨਾਇਆ ਜਾ ਰਿਹਾ ਹੈ।ਡਾ. ਚੰਦਰ ਸ਼ੇਖਰ ਕੱਕੜ ਨੇ ਦੱਸਿਆ ਕਿ ਇਹ ਪੰਦਰਵਾੜਾ ਮਨਾਉਣ ਦਾ ਮਕਸਦ ਲੋਕਾਂ ਨੂੰ ਮਰਨ ਉਪਰੰਤ ਅੱਖਾਂ ਦਾਨ ਕਰਨ ਸਬੰਧੀ ਜਾਗਰੂਕ ਕਰਨਾ ਹੈ।ਉਨ੍ਹਾਂ ਦੱਸਿਆ ਕਿ ਇਸ ਪੰਦਰਵਾੜੇ ਦੌਰਾਨ ਸਿਹਤ ਵਿਭਾਗ ਦੇ ਸਮੂਹ ਸਟਾਫ਼ ਵੱਲੋਂ ਲੋਕਾਂ ਨੂੰ ਮਰਨ ਉਪਰੰਤ ਅੱਖਾਂ ਦਾਨ ਕਰਨ ਦੇ ਨਾਲ-ਨਾਲ ਅੱਖਾਂ ਦੀਆਂ ਬਿਮਾਰੀਆਂ, ਅੰਨ੍ਹੇਪਣ ਦੇ ਕਾਰਨ ਤੇ ਇਲਾਜ ਸਬੰਧੀ ਵੀ ਜਾਗਰੂਕ ਕੀਤਾ ਜਾ ਰਿਹਾ ਹੈ ਤੇ ਮਰਨ ਉਪਰੰਤ ਅੱਖਾਂ ਦਾਨ ਕਰਨ ਸਬੰਧੀ ਸਹਿਮਤੀ ਦੇਣ ਲਈ ਪਲੈਜ ਫਾਰਮ ਭਰਾਏ ਜਾ ਰਹੇ ਹਨ।ਉਨ੍ਹਾਂ ਆਮ ਲੋਕਾਂ, ਮੀਡੀਆ ਤੇ ਸਵੈ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਅੱਖਾਂ ਦਾਨ ਕੀਤੀਆਂ ਜਾਣ ਤੇ ਇਸ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਹਤ ਵਿਭਾਗ ਦਾ ਸਹਿਯੋਗ ਦਿੱਤਾ ਜਾਵੇ।

ਕੌਮੀ ਅੱਖਾਂ ਦਾਨ ਕਰਨ ਸਬੰਧੀ ਪੰਦਰਵਾੜੇ ਦੇ ਸਬੰਧ 'ਚ ਜ਼ਿਲ੍ਹਾ ਪੱਧਰੀ ਜਾਗਰੂਕਤਾ ਸਮਾਗਮ ਨੈਸ਼ਨਲ ਡਿਗਰੀ ਕਾਲਜ ਚੁਆੜਿਆਂ ਵਾਲੀ ਵਿਖੇ ਕੀਤਾ ਗਿਆ।ਇਸ ਸਮੇਂ ਮਾਸ ਮੀਡੀਆ ਬ੍ਰਾਂਚ ਤੋਂ ਵਿਨੋਦ ਖੁਰਾਣਾ, ਦਿਵੇਸ਼ ਕੁਮਾਰ, ਸੁਖਦੇਵ, ਰੀਟਾ ਕੁਮਾਰੀ ਨੇ ਸ਼ਮੂਲੀਅਤ ਕੀਤੀ।ਵਿਨੋਦ ਖੁਰਾਣਾ ਤੇ ਦਿਵੇਸ਼ ਕੁਮਾਰ ਨੇ ਦੱਸਿਆ ਕਿ ਪੁਤਲੀ ਕਾਰਨ ਹੋਏ ਅੰਨ੍ਹੇਪਣ ਨੂੰ ਖਤਮ ਕਰਨ ਲਈ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਹਰ ਸਾਲ ਹਜ਼ਾਰਾਂ ਲੋਕ ਅੰਨ੍ਹੇਪਣ ਦਾ ਸ਼ਿਕਾਰ ਹੋ ਰਹੇ ਹਨ, ਪਰ ਅੱਖਾਂ ਦਾਨ ਕਰਨ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ।ਨੇਤਰਦਾਨ ਕਰਨ ਵਾਲਾ ਇੱਕ ਵਿਅਕਤੀ 2 ਲੋਕਾਂ ਨੂੰ ਰੌਸ਼ਨੀ ਦੇ ਸਕਦਾ ਹੈ।ਉਨ੍ਹਾਂ ਕਿਹਾ ਕਿ ਕਿਸੇ ਵੀ ਉਮਰ ਵਿੱਚ ਭਾਵੇਂ ਅੱਖਾਂ ਵਿੱਚ ਲੈਂਜ ਪਾਏ ਹੋਣ, ਐਨਕਾਂ ਲੱਗੀਆਂ ਹੋਣ, ਅੱਖਾਂ ਦਾ ਅਪ੍ਰੇਸ਼ਨ ਕੀਤਾ ਹੋਵੇ ਤਾਂ ਵੀ ਇਨਸਾਨ ਦੀਆਂ ਅੱਖਾਂ ਦਾਨ ਕੀਤੀਆਂ ਜਾ ਸਕਦੀਆਂ ਹਨ।ਅੱਖਾਂ ਦਾਨ ਕਰਨ ਵਾਸਤੇ ਅੱਖਾਂ ਦੇ ਬੈਂਕ ਦੀ ਟੀਮ ਦੇ ਆਉਣ ਤੱਕ ਅੱਖਾਂ ਦੀ ਸਾਂਭ-ਸੰਭਾਲ ਲਈ ਕਮਰੇ ਦਾ ਪੱਖਾ ਬੰਦ ਕਰ ਦਿੱਤਾ ਜਾਵੇ ਤੇ ਅੱਖਾਂ ਉੱਤੇ ਗਿੱਲਾ ਅਤੇ ਸਾਫ਼ ਕੱਪੜਾ ਰੱਖਿਆ ਜਾਵੇ ਅਤੇ ਸਿਰ ਥੱਲੇ ਸਿਰਹਣਾ ਰੱਖਿਆ ਜਾਵੇ।ਕਿਸੇ ਇਨਸਾਨ ਦੀ ਮੌਤ ਹੋਣ 'ਤੇ 6 ਤੋਂ 8 ਘੰਟਿਆਂ ਦੇ ਅੰਦਰ-ਅੰਦਰ ਅੱਖਾਂ ਦਾਨ ਕੀਤੀਆਂ ਜਾ ਸਕਦੀਆਂ ਹਨ।ਅੱਖਾਂ ਦਾਨ ਕਰਨ ਦੀ ਪ੍ਰਕ੍ਰਿਆ ਸਿਰਫ਼ 10 ਤੋਂ 15 ਮਿੰਟਾਂ ਵਿੱਚ ਮੁਕੰਮਲ ਹੋ ਜਾਂਦੀ ਹੈ।

# ਨਸ਼ਾ ਸਮੱਗਲਰਾਂ ਦੀ ਕੁੱਲ 09,44,81,510 ਦੀ ਪ੍ਰਾਪਰਟੀ ਅਟੈਚ ਕੀਤੀ

**ਜਗਰਾਉਂ (ਨਛੱਤਰ ਸੰਧੂ)** ਸ੍ਰੀ ਨਵਨੀਤ ਸਿੰਘ ਬੈਂਸ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ ਲੁਧਿਆਣਾ (ਦਿਹਾਤੀ) ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਤੇ ਡਾਇਰੈਕਟਰ ਜਨਰਲ ਪੁਲਸ, ਪੰਜਾਬ ਚੰਡੀਗੜ੍ਹ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਨਸ਼ਾ ਵੇਚਣ/ਸਪਲਾਈ ਕਰਨ ਵਾਲੇ ਸਮੱਗਲਰਾਂ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਪੁਲਸ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਵੱਲੋਂ ਸਾਲ-2024 ਵਿੱਚ ਐਨ.ਡੀ.ਪੀ.ਐਸ ਐਕਟ ਦੇ ਕੁੱਲ 211 ਮੁਕੱਦਮੇ ਦਰਜ ਕਰਕੇ 330 ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਪਾਸੋਂ 03 ਕਿਲੋ 696 ਗ੍ਰਾਮ ਹੈਰੋਇਨ, 40 ਕੁਇੰਟਲ, 13 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ, 19 ਕਿਲੋ 338 ਗ੍ਰਾਮ ਅਫ਼ੀਮ, 02 ਕਿਲੋ 990 ਗ੍ਰਾਮ ਗਾਂਜਾ, 14871 ਨਸ਼ੀਲੀਆਂ ਗੋਲੀਆਂ/ਕੈਪਸੂਲ, 18 ਕਿਲੋ 780 ਗ੍ਰਾਮ ਭੁੱਕੀ ਚੂਰਾ ਪੋਸਤ ਦੇ ਹਰੇ ਪੌਦੇ, 04,07,600/- ਡਰੱਗ ਮਨੀ ਤੇ 71 ਵਹੀਕਲ (45 ਮੋਟਰ ਸਾਈਕਲ, 25 ਕਾਰਾਂ ਤੇ 01 ਟਰੱਕ) ਬਰਾਮਦ ਕੀਤੇ ਗਏ ਹਨ।ਇਸ ਤੋਂ ਇਲਾਵਾ ਅਗਸਤ ਵਿੱਚ ਐਨ.ਡੀ.ਪੀ.ਐਸ ਐਕਟ ਦੇ ਕੁੱਲ 06 ਕੇਸਾਂ ਵਿੱਚ 14 ਸਮੱਗਲਰਾਂ ਦੀ ਕੁੱਲ 01,01,08,900 (ਇੱਕ ਕਰੋੜ, ਇੱਕ ਲੱਖ, ਅੱਠ ਹਜ਼ਾਰ, ਨੌਂ ਸੌ) ਰੁਪਏ ਦੀ ਪ੍ਰਾਪਰਟੀ ਅਟੈਚ ਕਰਾਈ ਗਈ ਹੈ। ਇਸ ਤੋਂ ਇਲਾਵਾ ਸਾਲ-2024 ਦੌਰਾਨ ਐਨ.ਡੀ.ਪੀ.ਐਸ ਦੇ ਕੁੱਲ 31 ਕੇਸਾਂ ਵਿੱਚ 51 ਸਮੱਗਲਰਾਂ ਦੀ ਕੁੱਲ 09,44,81,510 (ਨੌਂ ਕਰੋੜ, ਚੁਤਾਲੀ ਲੱਖ, ਇਕਾਸੀ ਹਜ਼ਾਰ, ਪੰਜ ਸੌ ਦਸ) ਰੁਪਏ ਦੀ ਪ੍ਰਾਪਰਟੀ ਅਟੈਚ ਕਰਾਈ ਗਈ ਹੈ।

# ਸੁਖਬੀਰ ਸਿੰਘ ਬਾਦਲ ਨੇ ਕਦੇ ਵਿਰੋਧੀਆਂ ਦੀ ਕਿਰਦਾਰਕੁਸ਼ੀ ਨਹੀਂ ਕੀਤੀ : ਸੋਢੀ



**ਸਰਦੂਲਗੜ੍ਹ (ਅਵਤਾਰ ਜਟਾਣਾ)** ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਦੇ ਆਗੂਆਂ ਵੱਲੋਂ ਲਗਾਤਾਰ ਸੁਖਬੀਰ ਸਿੰਘ ਬਾਦਲ ਤੇ ਪਾਰਟੀ ਉੱਪਰ ਜਾਤੀ ਤੌਰ 'ਤੇ ਦੋਸ਼ ਲਾ ਕੇ ਹਮਲੇ ਕੀਤੇ ਗਏ ਹਨ।ਦੋਸ਼ ਕੋਈ ਹੋਰ ਨਹੀਂ, ਸਗੋਂ ਉਨ੍ਹਾਂ ਦੇ ਨਾਲ ਪਾਰਟੀ ਵਿੱਚ ਰਹਿ ਕੇ ਉਨ੍ਹਾਂ ਦਾ ਭਰੋਸਾ ਜਿੱਤ ਕੇ ਇਹ ਬਹੁਰੂਪੀਏ ਲੋਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਤੀ ਵਫ਼ਾਦਾਰ ਨਾ ਹੋ ਕੇ ਜ਼ਿੰਦਗੀ ਭਰ ਪਾਰਟੀ ਤੋਂ ਸਤਿਕਾਰਤ ਅਹੁਦੇ ਤੇ ਨਿੱਜੀ ਲਾਭ ਲੈਣ ਵਾਲੇ ਲਾ ਰਹੇ ਹਨ, ਪਰ ਸੁਖਬੀਰ ਸਿੰਘ ਬਾਦਲ ਵੱਲੋਂ ਅੱਜ ਤੱਕ ਨਾ ਕਿਸੇ ਨੂੰ ਜਮਾਤੀ ਅਤੇ ਨਾ ਹੀ ਕੋਈ ਜਾਤੀ ਦੋਸ਼ ਲਾਉਂਦੇ ਹੋਏ ਜਵਾਬ ਦਿੱਤਾ ਗਿਆ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦੇ ਹੋਏ ਜਤਿੰਦਰ ਸਿੰਘ ਸੋਢੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਸ਼ਹਿਰੀ ਮਾਨਸਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਚੁੱਪ ਉਨ੍ਹਾਂ ਦੀ ਸ਼ਖਸੀਅਤ ਨੂੰ ਹੋਰ ਵੀ ਉਭਾਰਦੀ ਹੈ।ਉਨ੍ਹਾਂ ਦੀ ਚੁੱਪ ਆਪਣੇ ਪਰਵਾਰ ਵਿੱਚੋਂ ਮਿਲੇ ਸੰਸਕਾਰਾਂ ਤੇ ਦੂਰਅੰਦੇਸ਼ੀ ਸੋਚ ਦੇ ਨਾਲ ਇੱਕ ਚੰਗੇ ਇਨਸਾਨ ਹੋਣ ਨੂੰ ਦਰਸਾਉਂਦੀ ਹੈ।

ਬਾਦਲ ਦੇ ਨਾਲ ਰਹਿ ਚੁੱਕੇ ਆਗੂ ਜਿਸ ਤਰ੍ਹਾਂ ਦੇ ਹਾਵ-ਭਾਵ ਦਿਖਾਉਂਦੇ ਹੋਏ ਜਿਸ ਤਰ੍ਹਾਂ ਦਾ ਵਿਹਾਰ ਕਰ ਰਹੇ ਹਨ, ਉਹ ਵਿਰੋਧ ਕਰਨ ਵਾਲਿਆਂ ਦੇ ਕਿਰਦਾਰਾਂ ਤੇ ਸ਼ਖ਼ਸੀਅਤਾਂ ਨੂੰ ਬੌਣੇ ਬਣਾਉਂਦਾ ਹੈ।ਜੇਕਰ ਸੁਖਬੀਰ ਸਿੰਘ ਬਾਦਲ ਨੇ ਇਨ੍ਹਾਂ ਨੂੰ ਖੁਦ ਜਵਾਬ ਦੇਣੇ ਹੁੰਦੇ ਤਾਂ ਉਹ ਬਿਨਾ ਸ਼ੱਕ ਇਨ੍ਹਾਂ ਦੇ ਕਾਰਨਾਮਿਆਂ ਦੇ ਪੋਤੜੇ ਫਰੋਲ ਸਕਦੇ ਹਨ। ਬਾਦਲ ਨੇ ਕਦੇ ਆਪਣੇ ਵਿਰੋਧੀਆਂ ਦੀ ਕਿਰਦਾਰਕੁਸ਼ੀ ਦੀ ਨੀਅਤ ਤੇ ਨੀਤੀ ਨਹੀਂ ਅਪਣਾਈ।ਉਨ੍ਹਾਂ ਅਜਿਹਾ ਕਰਕੇ ਇੱਕ ਸੁਲਝੇ ਹੋਏ ਤੇ ਵੱਡੇ ਇਨਸਾਨ ਹੋਣ ਦਾ ਸਬੂਤ ਦਿੰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਮੰਗੇ ਸਪੱਸ਼ਟੀਕਰਨ ਦੇ ਜਵਾਬ ਵਿੱਚ ਇੱਕ ਨਿਮਾਣਾ ਸਿੱਖ ਤੇ ਸ਼ਰਧਾਵਾਨ ਹੋਣ ਦੇ ਨਾਤੇ ਬਿਨਾ ਕਿਸੇ ਦਲੀਲ ਅਪੀਲ ਦੇ ਸਾਰੀਆਂ ਭੁੱਲਾਂ ਦੋਸ਼ਾਂ ਨੂੰ ਆਪਣੀ ਝੋਲੀ ਪਾ ਖ਼ਿਮਾ ਜਾਚਨਾ ਦੀ ਮੰਗ ਕਰਕੇ ਸਿੰਘ ਸਾਹਿਬਾਨ ਦੇ ਹਰ ਹੁਕਮ ਨੂੰ ਖਿੜੇ ਮੱਥੇ ਸਵੀਕਾਰ ਕਰਨ ਦੀ ਗੱਲ ਕਹੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਸ਼ਰਧਾ ਤੇ ਵਿਰੋਧੀਆਂ ਨੂੰ ਆਪਣੀ ਦਰਿਆਦਿਲੀ ਦਾ ਅਹਿਸਾਸ ਕਰਾ ਦਿੱਤਾ ਹੈ।ਅਕਾਲੀ ਰਾਜਨੀਤੀ ਦੇ ਪਿਛਲੇ ਸਮੇਂ ਦੇ ਘਟਨਾਕ੍ਰਮ ਤੇ ਨਿਗ੍ਹਾ ਮਾਰੀਏ ਤਾਂ ਬਹੁਤ ਸਾਰੇ ਆਗੂ ਪਾਰਟੀ ਤੇ ਸੁਖਬੀਰ ਸਿੰਘ ਬਾਦਲ ਦਾ ਵਿਰੋਧ ਕਰਦੇ ਰਹੇ ਹਨ, ਪਰ ਸੁਖਬੀਰ ਸਿੰਘ ਬਾਦਲ ਨੇ ਕਦੇ ਵੀ ਇਨ੍ਹਾਂ ਆਗੂਆਂ ਨਾਲ ਕਿਸੇ ਪ੍ਰਕਾਰ ਦੀ ਤਰਕਾਰਬਾਜ਼ੀ ਨਹੀਂ ਕੀਤੀ।ਜਦੋਂ ਵੀ ਹਾਲਾਤ ਸਹੀ ਹੋਏ, ਇਨ੍ਹਾਂ ਆਗੂਆਂ ਨੇ ਘਰ ਵਾਪਸੀ ਕੀਤੀ ਤਾਂ ਬਿਨਾ ਕਿਸੇ ਗਿਲਾ ਸ਼ਿਕਵਾ ਕੀਤੇ ਗਲੇ ਲਾਇਆ ਤੇ ਬਣਦਾ ਸਤਿਕਾਰ ਦਿੱਤਾ। ਪਰ ਬਦਕਿਸਮਤੀ ਨਾਲ ਕੁਝ ਆਗੂਆਂ ਦੀਆਂ ਨਿੱਜੀ ਮਨੋਕਾਮਨਾਵਾਂ ਤੇ ਲਾਲਸਾਵਾਂ ਪੂਰੀਆਂ ਨਾ ਹੋਣ ਕਰਕੇ ਉਨ੍ਹਾਂ ਫਿਰ ਤੋਂ ਆਪਣੇ ਉਹੀ ਰਾਗ ਅਲਾਪਣੇ ਸ਼ੁਰੂ ਕਰ ਦਿੱਤੇ।

# ਦੇਸ਼ ਭਗਤ ਯੂਨੀਵਰਸਿਟੀ 'ਚ ਲਿੰਗ ਸਮਾਨਤਾ ਬਾਰੇ ਚਰਚਾ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਯੂਨੀਵਰਸਿਟੀ ਨੇ ਹਨਾਰੂ ਵਿਮਨ ਹੈਲਥ ਫੰਡਰੇਜ਼ਿੰਗ ਇੰਕ, ਆਸਟ੍ਰੇਲੀਆ ਦੀ ਸੰਸਥਾਪਕ ਕਾਯੋਕੋ ਗੋਵਿੰਦਾਸਾਮੀ ਦੀ ਅਗਵਾਈ ਵਿੱਚ ਇੱਕ ਪ੍ਰਭਾਵਸ਼ਾਲੀ ਸੈਸ਼ਨ ਦੀ ਮੇਜ਼ਬਾਨੀ ਕੀਤੀ।ਇਸ ਈਵੈਂਟ ਨੇ ਪੀਰੀਅਡ ਕਲੰਕ ਨੂੰ ਸੰਬੋਧਤ ਕਰਨ ਤੇ ਮਾਹਵਾਰੀ ਸਿਹਤ ਸਿੱਖਿਆ ਵਿੱਚ ਲੜਕਿਆਂ ਨੂੰ ਸ਼ਾਮਲ ਕਰਨ ਦੀ ਮਹੱਤਤਾ 'ਤੇ ਵਿਸ਼ੇਸ਼ ਧਿਆਨ ਦੇ ਨਾਲ ਲਿੰਗ ਸਮਾਨਤਾ ਦੇ ਆਲੇ-ਦੁਆਲੇ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕਰਨ ਲਈ 60 ਤੋਂ ਵੱਧ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨੂੰ ਇਕੱਠਾ ਕੀਤਾ।

ਸੈਸ਼ਨ ਦੌਰਾਨ ਕਾਯੋਕੋ ਗੋਵਿੰਦਾਸਾਮੀ ਨੇ ਮਾਹਵਾਰੀ ਦੀ ਸਿਹਤ ਨਾਲ ਸਬੰਧਤ ਸਮਾਜਿਕ ਵਰਜਿਤਾਂ ਨੂੰ ਖਤਮ ਕਰਨ ਦੀ ਜ਼ਰੂਰੀ ਲੋੜ ਨੂੰ ਉਜਾਗਰ ਕੀਤਾ ਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਵਿੱਚ ਸੱਚੀ ਤਰੱਕੀ ਲਈ ਇਨ੍ਹਾਂ ਮੁੱਦਿਆਂ 'ਤੇ ਖੁੱਲ੍ਹੀ ਅਤੇ ਸੰਮਲਿਤ ਗੱਲਬਾਤ ਦੀ ਲੋੜ ਹੈ।ਮਾਹਵਾਰੀ ਨਾਲ ਜੁੜੀਆਂ ਵਾਤਾਵਰਣ ਸੰਬੰਧੀ ਚਿੰਤਾਵਾਂ 'ਤੇ ਵੀ ਚਰਚਾ ਕੀਤੀ ਗਈ, ਜਿਸ ਨਾਲ ਗੱਲਬਾਤ ਦਾ ਅਹਿਮ ਪਹਿਲੂ ਸ਼ਾਮਲ ਹੋਇਆ।

ਦੇਸ਼ ਭਗਤ ਯੂਨੀਵਰਸਿਟੀ ਦੇ ਪੁਰਸ਼ ਵਿਦਿਆਰਥੀਆਂ ਨੇ ਜੋਸ਼ ਤੇ ਜ਼ਿੰਮੇਵਾਰੀ ਦੀ ਮਜ਼ਬੂਤ ਭਾਵਨਾ ਨਾਲ ਹੁੰਗਾਰਾ ਭਰਿਆ ਤੇ ਪਰਿਵਰਤਨ ਦੇ ਏਜੰਟ ਬਣਨ ਲਈ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ।ਉਨ੍ਹਾਂ ਨੇ ਆਪਣੇ ਪਰਵਾਰਾਂ ਤੇ ਸਮਾਜਿਕ ਸਰਕਲਾਂ ਵਿੱਚ ਵਿਚਾਰ ਵਟਾਂਦਰਾ ਸ਼ੁਰੂ ਕਰਨ ਲਈ ਆਪਣੇ ਦ੍ਰਿੜ ਇਰਾਦੇ ਨੂੰ ਪ੍ਰਗਟ ਕੀਤਾ, ਜਿਸਦਾ ਉਦੇਸ਼ ਜਾਗਰੂਕਤਾ ਪੈਦਾ ਕਰਨਾ ਤੇ ਸਮਝ ਤੇ ਸਹਾਇਤਾ ਦੇ ਸੱਭਿਆਚਾਰ ਨੂੰ ਉਤਸ਼ਾਹਤ ਕਰਨਾ ਹੈ।

ਇੱਕ ਪ੍ਰਤੀਕਾਤਮਕ ਇਸ਼ਾਰੇ ਵਿੱਚ 17 ਵਿਦਿਆਰਥੀਆਂ ਨੇ ਹਨਾਰੂ ਦੇ ਧੋਣਯੋਗ ਸੈਨੇਟਰੀ ਨੈਪਕਿਨ ਦੇ ਤੋਹਫ਼ੇ ਨੂੰ ਸਵੀਕਾਰ ਕੀਤਾ, ਮਾਹਵਾਰੀ ਦੇ ਕਲੰਕ ਦੀਆਂ ਰੁਕਾਵਟਾਂ ਨੂੰ ਤੋੜਨ ਲਈ ਵਿਹਾਰਕ ਕਦਮ ਚੁੱਕਣ ਦੀ ਆਪਣੀ ਤਿਆਰੀ ਨੂੰ ਜ਼ਾਹਰ ਕੀਤਾ।ਇਹ ਪਹਿਲਕਦਮੀ ਨਾ ਸਿਰਫ਼ ਵਿਦਿਆਰਥੀਆਂ ਦੇ ਉਦੇਸ਼ ਪ੍ਰਤੀ ਸਮਰਪਣ ਨੂੰ ਦਰਸਾਉਂਦੀ ਹੈ ਸਗੋਂ ਇੱਕ ਹੋਰ ਬਰਾਬਰੀ ਵਾਲੇ ਭਵਿੱਖ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ ਵੀ ਕੰਮ ਕਰਦੀ ਹੈ।

# ਰੱਦ ਹੋਈਆਂ ਰੇਲਾਂ ਮੁੜ ਤੋਂ ਸ਼ੁਰੂ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਸਾਹਨੇਵਾਲ ਸਟੇਸ਼ਨ 'ਤੇ ਆਵਾਜਾਈ ਠੱਪ ਹੋਣ ਕਾਰਨ ਸ਼ਾਨ-ਏ-ਪੰਜਾਬ, ਦਿੱਲੀ-ਪਠਾਨਕੋਟ ਸਮੇਤ ਕਈ ਟਰੇਨਾਂ ਰੱਦ ਕਰ ਦਿੱਤੀਆਂ ਗਈਆਂ ਸਨ, ਪਰ ਹੁਣ ਵੱਖ-ਵੱਖ ਟਰੇਨਾਂ ਦਾ ਸੰਚਾਲਨ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਨਾਲ ਰੇਲਵੇ ਯਾਤਰੀਆਂ ਨੂੰ ਰਾਹਤ ਮਿਲੇਗੀ।ਇਸੇ ਲੜੀ ਤਹਿਤ 22430 ਪਠਾਨਕੋਟ-ਦਿੱਲੀ ਦਾ ਸੰਚਾਲਨ ਬੀਤੇ ਦਿਨ ਤੋਂ ਸ਼ੁਰੂ ਹੋ ਗਈ ਤੇ ਸ਼ਾਨ-ਏ-ਪੰਜਾਬ ਰੁਟੀਨ ਵਿੱਚ ਸੇਵਾ ਨਿਰੰਤਰ ਜਾਰੀ ਹੈ। ਇਸੇ ਤਰ੍ਹਾਂ 12411 ਚੰਡੀਗੜ੍ਹ-ਦਿੱਲੀ ਇੰਟਰਸਿਟੀ ਦਾ ਸਫ਼ਰ ਵੀ ਸ਼ੁਰੂ ਹੋ ਗਿਆ ਹੈ, ਜਦਕਿ ਦੇਰੀ ਨਾਲ ਚੱਲਣ ਵਾਲੀਆਂ ਟਰੇਨਾਂ ਨੂੰ ਸਮੇਂ 'ਤੇ ਚਲਾਉਣ ਦੀ ਵਿਵਸਥਾ ਕੀਤੀ ਗਈ ਹੈ।ਅਪ੍ਰੇਸ਼ਨਾਂ ਦੀ ਸ਼ੁਰੂਆਤ ਦੇ ਨਾਲ ਸ਼ਾਨ-ਏ-ਪੰਜਾਬ ਦਿੱਲੀ ਤੋਂ ਅੰਮ੍ਰਿਤਸਰ ਦੇ ਆਪਣੇ ਰੂਟ 'ਤੇ 12.41 'ਤੇ ਜਲੰਧਰ ਪਹੁੰਚੀ ਅਤੇ ਨਿਰਧਾਰਿਤ ਸਮੇਂ ਤੋਂ 2 ਘੰਟੇ ਦੀ ਦੇਰੀ ਨਾਲ 12.50 ਮਿੰਟ 40 ਮਿੰਟ 'ਤੇ ਪਹੁੰਚੀ।12238 ਬੇਗਮਪੁਰਾ ਐਕਸਪ੍ਰੈਸ ਸ਼ਾਮ 7 ਵਜੇ ਆਪਣੇ ਨਿਰਧਾਰਿਤ ਸਮੇਂ ਤੋਂ ਡੇਢ ਘੰਟਾ ਦੇਰੀ ਨਾਲ 5.25 ਵਜੇ ਪਹੁੰਚੀ।ਉਸੇ ਸਮੇਂ 22941 ਊਧਮਪੁਰ ਵਿਕਾਸੀ ਸੁਪਰਫਾਸਟ ਐਕਸਪ੍ਰੈਸ ਸਵੇਰੇ 5.08 ਵਜੇ ਆਪਣੇ ਨਿਰਧਾਰਤ ਸਮੇਂ ਤੋਂ 2 ਘੰਟੇ ਦੀ ਦੇਰੀ ਨਾਲ ਸ਼ਾਮ 7.15 ਵਜੇ ਕੈਂਟ ਸਟੇਸ਼ਨ ਪਹੁੰਚੀ।ਇਸ ਦੇ ਨਾਲ ਹੀ ਲੇਟ ਹੋਣ ਵਾਲੀਆਂ ਹੋਰ ਟਰੇਨਾਂ ਵਿੱਚੋਂ ਆਮਰਪਾਲੀ 15707 ਕਟਿਹਾਰ-ਅੰਮ੍ਰਿਤਸਰ ਸਵੇਰੇ 10.30 ਵਜੇ ਦੇ ਨਿਰਧਾਰਤ ਸਮੇਂ ਤੋਂ 40 ਮਿੰਟ ਦੀ ਦੇਰੀ ਨਾਲ ਸਵੇਰੇ 11.15 ਵਜੇ ਸਿਟੀ ਸਟੇਸ਼ਨ ਪਹੁੰਚੀ।

# ਸੁੱਖੀ ਬਾਠ ਦੀ ਸਰਪ੍ਰਸਤੀ ਹੇਠ 'ਨਵੀਂਆਂ ਕਲਮਾਂ, ਨਵੀਂ ਉਡਾਣ' ਰਿਲੀਜ਼




**ਸਮਰਾਲਾ, (ਸੁਰਜੀਤ ਸਿੰਘ)** ਸਕੂਲ ਪੱਧਰ 'ਤੇ ਵਿਦਿਆਰਥੀਆਂ ਵਿੱਚ ਲਿਖਨ ਤੇ ਪੜ੍ਹਨ ਦੀ ਰੁਚੀ ਪੈਦਾ ਕਰਨ ਤੋਂ ਇਲਾਵਾ ਮਾਂ ਬੋਲੀ ਪੰਜਾਬੀ ਭਾਸ਼ਾ ਨੂੰ ਪ੍ਰਮੋਟ ਕਰਨ ਦੇ ਮੰਤਵ ਨੂੰ ਲੈ ਕੇ ਕੈਨੇਡਾ ਵਸਦੇ ਪੰਜਾਬ ਭਵਨ ਸਰੀ (ਕਨੇਡਾ) ਦੇ ਸੰਸਥਾਪਕ ਸੁੱਖੀ ਬਾਠ ਵੱਲੋਂ ਪੰਜਾਬ ਦੇ ਸਕੂਲਾਂ ਵਿੱਚ ਸ਼ੁਰੂ ਕੀਤੀ ਮੁਹਿੰਮ 'ਨਵੀਂਆਂ ਕਲਮਾਂ ਨਵੀਂ ਉਡਾਣ' ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਵਿੱਚ ਪੁਸਤਕ ਦਾ 20ਵਾਂ ਐਡੀਸ਼ਨ ਜਾਰੀ ਕੀਤਾ ਗਿਆ।ਇਸ ਪੁਸਤਕ ਦੀ ਸੰਪਾਦਨਾ ਸਕੂਲ ਦੀ ਹੀ ਅਧਿਆਪਕਾ ਡਾ. ਸੁਖਪਾਲ ਕੌਰ ਵੱਲੋਂ ਕੀਤੀ ਗਈ ਹੈ।ਸੁੱਖੀ ਬਾਠ ਵੱਲੋਂ ਪੰਜਾਬੀ ਭਾਸ਼ਾ ਨੂੰ ਪ੍ਰਮੋਟ ਕਰਨ ਲਈ ਪੰਜਾਬ ਤੋਂ ਇਲਾਵਾ ਰਾਜਸਥਾਨ ਤੇ ਹਰਿਆਣਾ ਵਿਚ ਵੀ ਅਜਿਹੇ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ।ਸੁੱਖੀ ਬਾਠ ਵੱਲੋਂ ਇਸ ਮਿਸ਼ਨ ਤਹਿਤ ਆਪਣੇ ਪਿਤਾ ਅਰਜਨ ਸਿੰਘ ਬਾਠ ਦੀ ਯਾਦ ਵਿੱਚ ਚੰਗੀਆਂ ਰਚਨਾਵਾਂ ਲਿਖਣ ਵਾਲੇ ਵਿਦਿਆਰਥੀਆਂ ਨੂੰ 9 ਬਾਲ ਪੁਰਸਕਾਰ ਦੇਣ ਦਾ ਵੀ ਅਹਿਦ ਕੀਤਾ ਗਿਆ ਹੈ।ਪੁਸਤਕ ਵਿੱਚ ਵਿਦਿਆਰਥਣਾਂ ਵੱਲੋਂ ਲਿਖੀਆਂ ਰਚਨਾਵਾਂ ਸੰਕਲਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਵਿਸ਼ਿਆਂ ਦੇ ਵੱਖ-ਵੱਖ ਰੰਗ ਦੇਖਣ ਨੂੰ ਮਿਲਦੇ ਹਨ।

ਸਕੂਲ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਸੁੱਖੀ ਬਾਠ ਨੇ ਕਿਹਾ ਕਿ ਨਵੇਂ ਲੇਖਕਾਂ ਵਿੱਚ ਸਵੈ ਵਿਸ਼ਵਾਸ ਸਿਰਜਣਾਤਮਕਤਾ ਦੀ ਪਹਿਲੀ ਪੌੜੀ ਹੈ।ਉਨ੍ਹਾਂ ਕਿਹਾ ਕਿ ਜ਼ਿੰਦਗੀ ਵਿੱਚ ਸਫਲ ਹੋਣ ਲਈ ਇੱਕ ਵਿਦਿਆਰਥੀ ਵਿੱਚ ਸਵੈ ਵਿਸ਼ਵਾਸ ਦਾ ਹੋਣਾ ਬਹੁਤ ਜ਼ਰੂਰੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਸਮੇਂ ਦੀ ਅਹਿਮੀਅਤ ਪਛਾਨਣ ਅਤੇ ਆਪਣੇ ਆਪ ਨੂੰ ਅਨੁਸ਼ਾਸਤ ਕਰਦਿਆਂ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਵੀ ਕੀਤਾ।ਪ੍ਰੋਜੈਕਟ ਇੰਚਾਰਜ ਓਂਕਾਰ ਸਿੰਘ ਤੇਜੇ ਨੇ ਦੱਸਿਆ ਕਿ ਪ੍ਰੋਜੈਕਟ 'ਨਵੀਂਆਂ ਕਲਮਾਂ ਨਵੀਂ ਉਡਾਣ' ਨਾ ਸਿਰਫ਼ ਪੰਜਾਬ ਸਗੋਂ ਗੁਆਂਢੀ ਰਾਜਾਂ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਵੀ ਬੜੀ ਸਫ਼ਲਤਾ ਪੂਰਵਕ ਚੱਲ ਰਿਹਾ ਹੈ, ਜਿਸ ਤਹਿਤ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੇ ਨਾਲ ਜੋੜਿਆ ਜਾ ਰਿਹਾ ਹੈ।

ਪੁਸਤਕ ਰਿਲੀਜ਼ ਮੌਕੇ ਵੱਖ-ਵੱਖ ਸਕੂਲਾਂ ਦੇ 38 ਵਿਦਿਆਰਥੀਆਂ ਨੇ ਸਟੇਜ ਤੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।ਵਿਸ਼ੇਸ਼ ਮਹਿਮਾਨ ਵਜੋਂ ਪ੍ਰੋਗਰਾਮ ਵਿੱਚ ਸ਼ਿਰਕਤ ਕਰਦਿਆਂ ਡਿਪਟੀ ਡੀ ਈ ਓ ਪ੍ਰਾਈਮਰੀ ਮਨੋਜ ਕੁਮਾਰ ਨੇ ਵਿਦਿਆਰਥੀਆਂ ਦੇ ਲਈ ਚਲਾਏ ਜਾ ਰਹੇ ਇਸ ਪ੍ਰੋਜੈਕਟ ਦੀ ਸ਼ਲਾਘਾ ਕੀਤੀ ਤੇ ਟੀਮ ਲੁਧਿਆਣਾ ਦੇ ਮੈਂਬਰ ਸਾਹਿਬਾਨ ਡਾ. ਸੁਖਪਾਲ ਕੌਰ, ਨਰਿੰਦਰ ਸਿੰਘ ਬਿਜਲੀਪੁਰ, ਕਰਮਜੀਤ ਸਿੰਘ ਗਰੇਵਾਲ, ਗੁਰਪ੍ਰੀਤ ਸਿੰਘ ਬੀੜ ਕਿਸ਼ਨ ਅਤੇ ਗਗਨਦੀਪ ਰੌਂਤਾ ਨੂੰ ਇਸ ਪੁਸਤਕ ਦੀ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਪ੍ਰੋਜੈਕਟ ਵਿਦਿਆਰਥੀਆਂ ਦੇ ਵਿਕਾਸ ਵਿੱਚ ਅਹਿਮ ਰੋਲ ਅਦਾ ਕਰਦੇ ਹਨ।ਡਾ. ਪਰਮਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਇਲਾਕੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਨੂੰ ਇਸ ਪੁਸਤਕ ਨੂੰ ਰਿਲੀਜ਼ ਕਰਨ ਦਾ ਮੌਕਾ ਮਿਲਿਆ।ਸਮਾਗਮ ਦੇ ਅੰਤ ਵਿੱਚ ਪ੍ਰਿੰਸੀਪਲ ਰਜਿੰਦਰ ਸਿੰਘ ਕੋਟਾਲਾ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਬਰੌਡਵੇਅ ਪਬਲਿਕ ਸਕੂਲ 'ਚ ਕਰਾਇਆ ਕਿੱਤਾ ਚੋਣ ਸੈਮੀਨਾਰ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਬਰੌਡਵੇ ਪਬਲਿਕ ਸਕੂਲ, ਮਨਾਲ ਵਿਖੇ ਬੱਚਿਆਂ ਦੇ ਸੁਨਹਿਰੀ ਭਵਿੱਖ ਨੂੰ ਮੱਦੇਨਜ਼ਰ ਰੱਖਦੇ ਹੋਏ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਦੇ ਬੱਚਿਆਂ ਦਾ ਕਿੱਤਾ ਚੋਣ ਸੈਮੀਨਾਰ ਕਰਾਇਆ ਗਿਆ।ਇਸ ਸੈਮੀਨਾਰ ਦਾ ਆਯੋਜਨ ਆਕਾਸ਼ ਇੰਸਟੀਟਿਊਟ ਬਠਿੰਡਾ ਵੱਲੋਂ ਕੀਤਾ ਗਿਆ।ਸੈਮੀਨਾਰ ਦਾ ਮੁੱਖ ਮਨੋਰਥ ਬੱਚਿਆਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਠੱਲ੍ਹ ਪਾਉਣ ਤੇ ਬੱਚਿਆਂ ਦੇ ਆਪਣੇ ਰੁਝਾਨ ਅਨੁਸਾਰ ਕਿੱਤਾ ਚੋਣ ਕਰਨ ਦੀ ਕਾਬਲੀਅਤ ਨੂੰ ਕਾਇਮ ਕਰਨਾ ਸੀ।ਆਕਾਸ਼ ਇੰਸਟੀਟਿਊਟ ਦੇ ਮੁੱਖ ਬੁਲਾਰੇ ਨਵਨੀਤ ਕੁਮਾਰ ਨੇ ਬਹੁਤ ਸੋਹਣੇ ਅਤੇ ਸੁਚੱਜੇ ਢੰਗ ਨਾਲ ਬੱਚਿਆਂ ਨੂੰ ਆਉਣ ਵਾਲੇ ਭਵਿੱਖ ਵਿੱਚ ਆਪਣੀ ਪੜ੍ਹਾਈ ਵਿੱਚ ਸਹੀ ਵਿਸ਼ਾ ਚੋਣ ਕਰਕੇ ਸਹੀ ਕਿੱਤਾ ਅਪਨਾਉਣ ਬਾਰੇ ਬਖੂਬੀ ਤਰੀਕੇ ਨਾਲ ਸਮਝਾਇਆ।

ਬੱਚਿਆਂ ਨੇ ਉਤਸ਼ਾਹ ਨਾਲ ਇਸ ਸੈਮੀਨਾਰ ਵਿੱਚ ਭਾਗ ਲਿਆ ਅਤੇ ਆਪਣੇ ਸਵਾਲਾਂ ਨੂੰ ਬੁਲਾਰੇ ਅੱਗੇ ਰੱਖਿਆ। ਸੈਮੀਨਰ ਦੀ ਸਮਾਪਤੀ ਉਪਰੰਤ ਸਕੂਲ ਪ੍ਰਿੰਸੀਪਲ ਸ੍ਰੀ ਐਮ.ਏ. ਸੈਫੀ ਨੇ ਅਤੇ ਸਕੂਲ ਡਾਇਰੈਕਟਰ ਸ੍ਰੀਮਤੀ ਨਵਰੀਤ ਚੀਮਾ ਨੇ ਆਕਾਸ਼ ਇੰਸਟੀਟਿਊਟ ਬਠਿੰਡਾ ਬ੍ਰਾਂਚ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਵੀ ਅਜਿਹੇ ਸੈਮੀਨਾਰ ਕਰਾਉਣ ਲਈ ਤਤਪਰ ਰਹਿਣ ਦੀ ਪ੍ਰੇਰਣਾ ਦਿੱਤੀ।

**ਵਿਸ਼ੇਸ਼ ਰੇਲਗੱਡੀਆਂ ਦੀ ਗਿਣਤੀ ਵਿਚ ਵਾਧਾ-2024**

ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਰੇਲਵੇ ਦੁਆਰਾ ਹੇਠਾਂ ਲਿਖਤ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਹੇਠਾਂ ਦਰਸਾਏ ਗਏ ਟਾਈਮ-ਟੇਬਲ ਦੇ ਅਨੁਸਾਰ ਸੰਚਾਲਿਤ ਕੀਤੀਆਂ ਜਾਣਗੀਆਂ:-

**ਰੇਲਗੱਡੀ ਨੰ. 05109/05110 ਛਪਰਾ ਜੰ.-ਆਨੰਦ ਵਿਹਾਰ ਟ.-ਛਪਰਾ ਜੰ. ਤਿਉਹਾਰ ਵਿਸ਼ੇਸ਼ ਰੇਲਗੱਡੀ — 22 ਫੇਰੇ**

| ਰੇਲਗੱਡੀ ਨੰ. 05109 ਪਹੁੰਚ | ਰਵਾਨਗੀ | ਸਟੇਸ਼ਨ | ਰੇਲਗੱਡੀ ਨੰ. 05110 ਪਹੁੰਚ | ਰਵਾਨਗੀ |
|---|---|---|---|---|
| ---- | 17:45 | ਛਪਰਾ ਜੰ. | 06:45 | ---- |
| 11:50 | ---- | ਆਨੰਦ ਵਿਹਾਰ ਟ. | ---- | 12:55 |

ਚਲਣ ਦੇ ਦਿਨ: 05109 ਛਪਰਾ ਜੰ. ਤੋਂ ਹਰੇਕ ਬੁਧਵਾਰ ਮਿਤੀ 18.09.2024 ਤੋਂ 27.11.2024 ਤਕ ਅਤੇ 05110 ਆਨੰਦ ਵਿਹਾਰ ਟ. ਤੋਂ ਹਰੇਕ ਵੀਰਵਾਰ ਮਿਤੀ 19.09.2024 ਤੋਂ 28.11.2024 ਤਕ।
ਠਹਿਰਾਓ : ਸੀਵਾਨ ਜੰ., ਦੇਵਰਿਯਾ, ਗੋਰਖਪੁਰ ਜੰ., ਖਲੀਲਾਬਾਦ, ਬਸਤੀ, ਗੋਂਡਾ ਜੰ., ਬੁੜਵਲ ਜੰ., ਸੀਤਾਪੁਰ ਜੰ., ਸੀਤਾਪੁਰ ਸਿਟੀ ਜੰ., ਬਰੇਲੀ ਜੰ. ਅਤੇ ਮੁਰਾਦਾਬਾਦ ਜੰ. ਸਟੇਸ਼ਨ।
ਸਥਾਨ: ਫਸਟ ਏਸੀ., 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ

**ਰੇਲਗੱਡੀ ਨੰ. 05023/05024 ਗੋਰਖਪੁਰ ਜੰ.-ਆਨੰਦ ਵਿਹਾਰ ਟ.-ਗੋਰਖਪੁਰ ਜੰ., ਤਿਉਹਾਰ ਵਿਸ਼ੇਸ਼ ਰੇਲਗੱਡੀ — 22 ਫੇਰੇ**

| ਰੇਲਗੱਡੀ ਨੰ. 05023 ਪਹੁੰਚ | ਰਵਾਨਗੀ | ਸਟੇਸ਼ਨ | ਰੇਲਗੱਡੀ ਨੰ. 05024 ਪਹੁੰਚ | ਰਵਾਨਗੀ |
|---|---|---|---|---|
| ---- | 21:15 | ਗੋਰਖਪੁਰ ਜੰ. | 04:45 | ---- |
| 13:15 | ---- | ਆਨੰਦ ਵਿਹਾਰ ਟ. | ---- | 15:15 |

ਚਲਣ ਦੇ ਦਿਨ: 05023 ਗੋਰਖਪੁਰ ਜੰ. ਤੋਂ ਹਰੇਕ ਐਤਵਾਰ ਮਿਤੀ 15.09.2024 ਤੋਂ 24.11.2024 ਤਕ ਅਤੇ 05024 ਆਨੰਦ ਵਿਹਾਰ ਟ. ਤੋਂ ਹਰੇਕ ਸੋਮਵਾਰ ਮਿਤੀ 16.09.2024 ਤੋਂ 25.11.2024ਤਕ।
ਠਹਿਰਾਓ : ਖਲੀਲਾਬਾਦ, ਬਸਤੀ, ਗੋਂਡਾ ਜੰ., ਬੁੜਵਲ ਜੰ., ਸੀਤਾਪੁਰ ਜੰ. ਬਰੇਲੀ ਜੰ., ਮੁਰਾਦਾਬਾਦ ਜੰ. ਅਤੇ ਗਾਜੀਆਬਾਦ ਜੰ. ਸਟੇਸ਼ਨ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ

**ਰੇਲਗੱਡੀ ਨੰ. 05301/05302 ਮਊ ਜੰ.-ਆਨੰਦ ਵਿਹਾਰ ਟ.-ਮਊ ਜੰ. ਤਿਉਹਾਰ ਵਿਸ਼ੇਸ਼ ਰੇਲਗੱਡੀ — 22 ਫੇਰੇ**

| ਰੇਲਗੱਡੀ ਨੰ. 05301 ਪਹੁੰਚ | ਰਵਾਨਗੀ | ਸਟੇਸ਼ਨ | ਰੇਲਗੱਡੀ ਨੰ. 05302 ਪਹੁੰਚ | ਰਵਾਨਗੀ |
|---|---|---|---|---|
| ---- | 04:00 | ਮਊ ਜੰ. | 17:45 | ---- |
| 20:30 | ---- | ਆਨੰਦ ਵਿਹਾਰ ਟ. | ---- | 00:25 |

ਚਲਣ ਦੇ ਦਿਨ: 05301 ਮਊ ਜੰ. ਤੋਂ ਹਰੇਕ ਵੀਰਵਾਰ ਮਿਤੀ 19.09.2024 ਤੋਂ 28.11.2024 ਤਕ ਅਤੇ 05302 ਆਨੰਦ ਵਿਹਾਰ ਟ. ਤੋਂ ਹਰੇਕ ਸ਼ੁਕਰਵਾਰ ਮਿਤੀ 20.09.2024 ਤੋਂ 29.11.2024 ਤਕ।
ਠਹਿਰਾਓ : ਬੇਲਥਰਾ ਰੋਡ, ਭਟਨੀ ਜੰ., ਦੇਵਰਿਯਾ ਸਦਰ, ਗੋਰਖਪੁਰ ਜੰ. ਖਲੀਲਾਬਾਦ, ਬਸਤੀ, ਮਨਕਾਪੁਰ ਜੰ., ਗੋਂਡਾ ਜੰ., ਬੁੜਵਲ ਜੰ., ਸੀਤਾਪੁਰ ਜੰ., ਬਰੇਲੀ ਜੰ., ਮੁਰਾਦਾਬਾਦ ਜੰ. ਅਤੇ ਗਾਜੀਆਬਾਦ ਜੰ. ਸਟੇਸ਼ਨ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., (ਇਕਾਨਮੀ) ਸਲੀਪਰ ਅਤੇ ਜਨਰਲ

**ਰੇਲਗੱਡੀ ਨੰ. 05005/05006 ਗੋਰਖਪੁਰ ਜੰ.-ਅੰਮ੍ਰਿਤਸਰ ਜੰ.-ਗੋਰਖਪੁਰ ਜੰ. ਤਿਉਹਾਰ ਵਿਸ਼ੇਸ਼ ਰੇਲਗੱਡੀ — 22 ਫੇਰੇ**

| ਰੇਲਗੱਡੀ ਨੰ. 05005 ਪਹੁੰਚ | ਰਵਾਨਗੀ | ਸਟੇਸ਼ਨ | ਰੇਲਗੱਡੀ ਨੰ. 05006 ਪਹੁੰਚ | ਰਵਾਨਗੀ |
|---|---|---|---|---|
| ---- | 14:40 | ਗੋਰਖਪੁਰ ਜੰ. | 08:50 | ---- |
| 09:30 | ---- | ਅੰਮ੍ਰਿਤਸਰ ਜੰ. | ---- | 12:45 |

ਚਲਣ ਦੇ ਦਿਨ: 05005 ਗੋਰਖਪੁਰ ਜੰ. ਤੋਂ ਹਰੇਕ ਬੁਧਵਾਰ ਮਿਤੀ 18.09.2024 ਤੋਂ 27.11.2024 ਤਕ ਅਤੇ 05006 ਅੰਮ੍ਰਿਤਸਰ ਜੰ. ਤੋਂ ਹਰੇਕ ਵੀਰਵਾਰ ਮਿਤੀ 19.09.2024 ਤੋਂ 28.11.2024 ਤਕ।
ਠਹਿਰਾਓ : ਖਲੀਲਾਬਾਦ, ਬਸਤੀ, ਗੋਂਡਾ ਜੰ., ਬੁੜਵਲ ਜੰ., ਸੀਤਾਪੁਰ ਜੰ., ਬਰੇਲੀ ਜੰ. ਮੁਰਾਦਾਬਾਦ ਜੰ., ਸਹਾਰਨਪੁਰ ਜੰ., ਯਮੁਨਾਨਗਰ ਜਗਾਧਰੀ, ਅੰਬਾਲਾ ਛਾਊਣੀ, ਢੰਡਾਰੀ ਕਲਾਂ, ਜਲੰਧਰ ਸਿਟੀ ਜੰ. ਅਤੇ ਬਿਆਸ ਜੰ. ਸਟੇਸ਼ਨ।
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ

**ਰੇਲਗੱਡੀ ਨੰ. 05049/05050 ਛਪਰਾ ਜੰ.-ਅੰਮ੍ਰਿਤਸਰ ਜੰ.-ਛਪਰਾ ਜੰ. ਤਿਉਹਾਰ ਵਿਸ਼ੇਸ਼ ਰੇਲਗੱਡੀ — 24 ਫੇਰੇ**

| ਰੇਲਗੱਡੀ ਨੰ. 05049 ਪਹੁੰਚ | ਰਵਾਨਗੀ | ਸਟੇਸ਼ਨ | ਰੇਲਗੱਡੀ ਨੰ. 05050 ਪਹੁੰਚ | ਰਵਾਨਗੀ |
|---|---|---|---|---|
| ---- | 09:55 | ਛਪਰਾ ਜੰ. | 14:00 | ---- |
| 09:30 | ---- | ਅੰਮ੍ਰਿਤਸਰ ਜੰ. | ---- | 12:45 |

ਚਲਣ ਦੇ ਦਿਨ: 05049 ਛਪਰਾ ਜੰ. ਤੋਂ ਹਰੇਕ ਸ਼ੁਕਰਵਾਰ ਮਿਤੀ 20.09.2024 ਤੋਂ 29.11.2024 ਤਕ ਅਤੇ 05050 ਅੰਮ੍ਰਿਤਸਰ ਜੰ. ਤੋਂ ਹਰੇਕ ਸ਼ਨੀਵਾਰ ਮਿਤੀ 21.09.2024 ਤੋਂ 30.11.2024 ਤਕ।
ਠਹਿਰਾਓ : ਸੀਵਾਨ ਜੰ., ਥਾਵੇ ਜੰ., ਤਮਕੁਹੀ ਰੋਡ, ਪਡਰੌਨਾ, ਕਪਤਾਨਗੰਜ ਜੰ., ਗੋਰਖਪੁਰ ਜੰ., ਖਲੀਲਾਬਾਦ, ਬਸਤੀ, ਗੋਂਡਾ ਜੰ., ਬੁੜਵਲ ਜੰ., ਸੀਤਾਪੁਰ ਜੰ., ਬਰੇਲੀ ਜੰ., ਮੁਰਾਦਾਬਾਦ ਜੰ., ਸਹਾਰਨਪੁਰ ਜੰ., ਯਮੁਨਾਨਗਰ ਜਗਾਧਰੀ, ਅੰਬਾਲਾ ਛਾਊਣੀ, ਢੰਡਾਰੀ ਕਲਾਂ, ਜਲੰਧਰ ਸਿਟੀ ਜੰ. ਅਤੇ ਬਿਆਸ ਜੰ. ਸਟੇਸ਼ਨ।
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ

ਉਪਰੋਕਤ ਰੇਲਗੱਡੀਆਂ ਦੇ ਮਾਰਗ ਵਿਚ ਪੈਣ ਵਾਲੇ ਠਹਿਰਾਵਾਂ ਦਾ ਟਾਈਮ-ਟੇਬਲ ਦੇ ਲਈ ਕਿਰਪਾ ਰੇਲਮਦਦ ਹੈਲਪਲਾਈਨ ਨੰ.139 ਡਾਯਲ ਕਰੋ ਜਾਂ ਰੇਲ ਗੱਡੀ ਪੁਛਗਿਛ ਵੈਬਸਾਈਟ www.enquiry.indianrail.gov.in ਦੇਖੋ।

ਰੇਲਮਦਦ ਹੈਲਪਲਾਈਨ ਨੰ. 139

ਰੇਲਮਦਦ ਵੈਬਸਾਈਟ ਦੇਖੋ : www.railmadad.indianrailways.gov.in

ਰੇਲਮਦਦ ਐਪ ਡਾਊਨਲੋਡ ਕਰੋ

'ਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ — ਤੁਹਾਡੀ ਸੁਵਿਧਾ - ਸਾਡਾ ਲਕਸ਼

ਸਾਨੂੰ www.nr.indianrailways.gov.in 'ਤੇ ਮਿਲੋ

2676/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## 150 ਗ੍ਰਾਮ ਹੈਰੋਇਨ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ 150 ਗ੍ਰਾਮ ਹੈਰੋਇਨ ਤੇ 1 ਮਾਰ ਆਈ-20 ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਗੁਰਚਰਨ ਸਿੰਘ ਸੀਆਈਏ ਸਟਾਫ ਫਿਰੋਜ਼ਪੁਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਏਰੀਆ ਫਿਰੋਜ਼ਪੁਰ ਫਾਜ਼ਿਲਕਾ ਰੋਡ ਨੇੜੇ ਆਰਮੀ ਪੁਲ ਸਪੈਸ਼ਲ ਨਾਕਾਬੰਦੀ ਕਰਕੇ ਵਹੀਕਲਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਇਕ ਕਾਰ ਆਈ-20 ਨੰਬਰ ਡੀਐੱਲ 10 ਸੀਡੀ 5098 ਫਾਜ਼ਿਲਕਾ ਸਾਇਡ ਤੋਂ ਆਈ, ਜਿਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਕਾਰ ਚਾਲਕ ਨੇ ਇਕ ਦਮ ਤੇਜ਼ੀ ਨਾਲ ਸਾਇਡ ਨੂੰ ਰਕਦੇ ਹੋਏ ਬਰੇਕਾਂ ਲਾਈਆਂ ਤਾਂ ਕਾਰ ਬੰਦ ਹੋ ਗਈ। ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਦੋਸ਼ੀਆਨ ਕੁਲਵਿੰਦਰ ਸਿੰਘ ਉਰਫ ਮੰਤਰੀ ਪੁੱਤਰ ਭੋਲਾ ਸਿੰਘ ਵਾਸੀ ਪਿੰਡ ਸ਼ੇਰਖਾਂ ਤੇ ਸਲੀਮ ਪੁੱਤਰ ਰੇਸ਼ਮ ਵਾਸੀ ਦੌਲਤਪੁਰਾ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ 150 ਗ੍ਰਾਮ ਹੈਰੋਇਨ ਬਰਾਮਦ ਹੋਈ।

## ਗਿਆਨ ਸਾਗਰ ਸਕੂਲ ਦੇ ਬੱਚੇ ਇੰਟਰਨੈਸ਼ਨਲ ਖੇਡਣ ਲਈ ਰਵਾਨਾ




**ਬਰੇਟਾ (ਗੀਤਵਾਲ)** ਜੂਨ ਮਹੀਨੇ ਵਿੱਚ ਹੋਈ ਪੰਜਵੀਂ ਨੈਸ਼ਨਲ ਗੋਜੂ ਸਪੋਰਟਸ ਕਰਾਟੇ ਚੈਂਪੀਅਸ਼ਿਪ ਵਿੱਚੋਂ ਗਿਆਨ ਸਾਗਰ ਸਕੂਲ ਦੇ ਦੋ ਬੱਚਿਆਂ ਨੇ ਆਪਣੀ ਸਖ਼ਤ ਮਿਹਨਤ ਸਦਕਾ ਗੋਲਡ ਮੈਡਲ ਲੈ ਕੇ ਆਪਣੀ ਇੰਟਰਨੈਸ਼ਨਲ ਖੇਡ ਖੇਡਣ ਲਈ ਥਾਂ ਬਣਾਈ, ਜਿਸ ਵਿੱਚ ਪ੍ਰਗਟ ਸਿੰਘ ਨੌਵੀਂ ਕਲਾਸ ਤੇ ਅਰਸ਼ਪ੍ਰੀਤ ਸਿੰਘ ਗਿਆਰ੍ਹਵੀਂ ਕਲਾਸ ਇੰਟਰਨੈਸ਼ਨਲ ਗੇਮਾਂ ਵਿੱਚ ਹਿੱਸਾ ਲੈਣ ਲਈ ਨੇਪਾਲ ਗਏ ਹਨ, ਜੋ ਪੂਰੇ ਇਲਾਕੇ ਅਤੇ ਸਕੂਲ ਲਈ ਮਾਣ ਵਾਲੀ ਗੱਲ ਹੈ। ਸਕੂਲ ਪ੍ਰਿੰਸੀਪਲ ਭਾਰਤ ਦੀਪ ਗਰਗ ਤੇ ਸਕੂਲ ਚੇਅਰਮੈਨ ਰਾਮਪਾਲ ਸਿੰਘ ਸੇਖੋਂ ਨੇ ਬੱਚਿਆਂ ਦੇ ਚੰਗੇ ਪ੍ਰਦਰਸ਼ਨ ਨਾਲ ਜਿੱਤ ਕੇ ਆਉਣ ਲਈ ਕਾਮਨਾ ਕੀਤੀ ਅਤੇ ਕਿਹਾ ਕੀ ਸਾਨੂੰ ਪੂਰੀ ਉਮੀਦ ਹੈ ਕਿ ਇਹ ਬੱਚੇ ਨਾ ਸਿਰਫ ਸਕੂਲ, ਇਲਾਕੇ ਅਤੇ ਮਾਪਿਆਂ ਦਾ ਸਗੋਂ ਪੂਰੇ ਦੇਸ਼ ਦਾ ਨਾਂਅ ਰੌਸ਼ਨ ਕਰਕੇ ਆਉਣਗੇ।

## ਵਿਦਿਆਰਥੀਆਂ ਦੇ ਚੰਗੇਰੇ ਭਵਿੱਖ ਤੇ ਸਿਹਤਯਾਬੀ ਲਈ ਅਰਦਾਸ

**ਤਲਵੰਡੀ ਸਾਬੋ (ਜਗਦੀਪ ਗਿੱਲ)** ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਵਿਖੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਕਮਲਜੀਤ ਸਿੰਘ ਦੀ ਸੁਯੋਗ ਅਗਵਾਈ ਸਦਕਾ ਬਾਬਾ ਦੀਪ ਸਿੰਘ ਹੋਸਟਲ (ਲੜਕੇ) ਦੇ ਸੈਸ਼ਨ 2024-25 ਦੇ ਨਵੇਂ ਅਤੇ ਪੁਰਾਣੇ ਵਿਦਿਆਰਥੀਆਂ ਵੱਲੋਂ ਨਵੇਂ ਸੈਸ਼ਨ ਦੀ ਸ਼ੁਰੂਆਤ ਤੇ ਸੁੱਖ ਸ਼ਾਂਤੀ ਲਈ ਹੋਸਟਲ ਵਿਖੇ ਸੁਖਮਨੀ ਸਾਹਿਬ ਦੇ ਪਾਠ ਕਰਾਏ ਗਏ।ਸਮੂਹ ਵਿਦਿਆਰਥੀਆਂ ਤੇ ਪ੍ਰਬੰਧਕਾਂ ਵੱਲੋਂ ਆਪਸ ਵਿੱਚ ਰਲ-ਮਿਲ ਕੇ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ।ਅਰਦਾਸ ਉਪਰੰਤ ਵਿਦਿਆਰਥੀਆਂ ਨੇ ਕਤਾਰਾਂ ਵਿੱਚ ਬੈਠ ਕੇ ਗੁਰੂ ਕਾ ਲੰਗਰ ਛਕਿਆ। ਭੋਗ ਉਪਰੰਤ ਹੋਸਟਲ ਵਾਰਡਨ ਇੰਜ. ਲਖਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਹੋਸਟਲ ਲਾਈਫ਼ ਤੋਂ ਆਪਣੇ ਜ਼ਿੰਦਗੀ ਵਿੱਚ ਚੰਗੇ ਗੁਣ ਸਿੱਖਣ ਲਈ ਪ੍ਰੇਰਤ ਕੀਤਾ, ਜਿਵੇਂ ਕਿ ਪੜ੍ਹਾਈ ਲਈ ਮਿਹਨਤ ਕਰਨ, ਅਨੁਸ਼ਾਸਨ ਬਣਾਏ ਰੱਖਣਾ, ਆਪਸੀ ਭਾਈਚਾਰਕ ਸਾਂਝ ਵਧਾਉਣੀ ਤੇ ਇਕ ਚੰਗੇ ਲੀਡਰਸ਼ਿਪ ਦੇ ਗੁਣ ਸਿੱਖਣੇ ਚਾਹੀਦੇ ਹਨ।ਵਾਰਡਨ ਵੱਲੋਂ ਵਿਦਿਆਰਥੀਆਂ ਨੂੰ ਹੋਸਟਲ ਵਿੱਚ ਇੱਕ ਚੰਗਾ ਮਾਹੌਲ ਸਿਰਜਣ ਲਈ ਵੀ ਪ੍ਰੇਰਤ ਕੀਤਾ ਤੇ ਕਿਹਾ ਹੋਸਟਲ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਲਈ ਉਹ ਬਿਨਾਂ ਕਿਸੇ ਉਨ੍ਹਾਂ ਨੂੰ ਮਿਲ ਸਕਦੇ ਹਨ।



## ਸ਼ਹੀਦ ਭਗਤ ਸਿੰਘ ਮੈਮੋਰੀਅਲ ਸਕੂਲ ਮਲਕਾਣਾ ਨੇ ਮਾਰੀਆਂ ਮੱਲਾਂ



**ਤਲਵੰਡੀ ਸਾਬੋ (ਜਗਦੀਪ ਗਿੱਲ)** ਬੈਡਮਿੰਟਨ ਲੜਕੀਆਂ, ਮਿੰਨੀ ਹੈਂਡਬਾਲ ਲੜਕੀਆਂ, ਫੁੱਟਬਾਲ ਲੜਕੀਆਂ, ਖੋ-ਖੋ ਲੜਕੇ, ਸਰਕਲ ਸਟਾਇਲ ਕਬੱਡੀ ਲੜਕੇ, ਰੱਸਾਕਸ਼ੀ ਲੜਕੇ, ਜਿਮਨਾਸਟਿਕ ਲੜਕੇ ਤੇ ਲੜਕੀਆਂ ਪਹਿਲਾ ਸਥਾਨ ਅਤੇ ਕਬੱਡੀ ਲੜਕੀਆਂ, ਕਰਾਟੇ ਲੜਕੀਆਂ, ਲੜਕੇ, ਯੋਗਾ ਲੜਕੇ-ਲੜਕੀਆਂ, ਸ਼ਤਰੰਜ ਲੜਕੀਆਂ, ਖੋ-ਖੋ ਲੜਕੀਆਂ, ਮਿੰਨੀ ਹੈਂਡਬਾਲ ਲੜਕਿਆਂ ਨੇ ਇਨ੍ਹਾਂ ਖੇਡਾਂ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ 600 ਮੀਟਰ ਦੌੜ ਵਿੱਚੋਂ ਗੁਰਮਨਦੀਪ ਸਿੰਘ ਨੇ ਪਹਿਲਾ, 400 ਮੀਟਰ ਵਿੱਚੋਂ ਚਰਨਜੋਤ ਕੌਰ ਨੇ ਦੂਜਾ ਸਥਾਨ, 400 ਮੀਟਰ ਵਿੱਚੋਂ ਗੁਰਏਕਮ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਸ਼ਹੀਦ ਭਗਤ ਸਿੰਘ ਸੀਨੀਅਰ ਸੈਕੰਡਰੀ ਸਕੂਲ, ਮਲਕਾਣਾ ਵੱਲੋਂ ਆਪਣੇ ਸਮੂਹ ਸਟਾਫ਼ ਅਤੇ ਬੱਚਿਆਂ ਦੀ ਮਿਹਨਤ ਨਾਲ ਕਲੱਸਟਰ ਪੱਧਰੀ ਖੇਡਾਂ ਵਿੱਚ ਓਵਰਆਲ ਟਰਾਫ਼ੀ ਪ੍ਰਾਪਤ ਕੀਤੀ।

## ਕ੍ਰਿਕਟ ਕੱਪ ਟੂਰਨਾਮੈਂਟ ਕੁਹਾੜਾ ਦੀ ਟੀਮ ਨੇ ਜਿੱਤਿਆ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਮਾਛੀਵਾੜਾ ਯੂਥ ਕਲੱਬ ਵੱਲੋਂ ਪਹਿਲਾ ਕ੍ਰਿਕਟ ਟੂਰਨਾਮੈਂਟ ਕਰਾਇਆ ਗਿਆ। ਕ੍ਰਿਕਟ ਟੂਰਨਾਮੈਂਟ ਵਿੱਚ ਫਾਈਨਲ ਮੁਕਾਬਲਾ ਕੁਹਾੜਾ ਦੀ ਟੀਮ ਨੇ ਜਿੱਤਿਆ, ਜਦਕਿ ਦੂਜੇ ਨੰਬਰ 'ਤੇ ਭਮਾ ਦੀ ਟੀਮ ਰਹੀ। ਇਸ ਤੋਂ ਇਲਾਵਾ ਤੀਜਾ ਸਥਾਨ ਧਰ ਤੇ ਚੌਥਾ ਸਥਾਨ ਮਾਛੀਵਾੜਾ ਸਾਹਿਬ ਦੀ ਟੀਮ ਨੇ ਹਾਸਲ ਕੀਤਾ। ਜੇਤੂ ਖਿਡਾਰੀਆਂ ਦੀ ਹੌਂਸਲਾ ਅਫ਼ਜ਼ਾਈ ਲਈ ਵਿਸ਼ੇਸ਼ ਤੌਰ 'ਤੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਤੇ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਤੇ ਸ਼ਕਤੀ ਆਨੰਦ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ। ਆਗੂਆਂ ਨੇ ਕ੍ਰਿਕਟ ਟੂਰਨਾਮੈਂਟ ਕਰਵਾਉਣ ਵਾਲੇ ਕਲੱਬ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨਸ਼ਿਆਂ ਤੋਂ ਦੂਰ ਰੱਖਣ ਲਈ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਇਸ ਮੌਕੇ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਸੁਖਵਿੰਦਰ ਸਿੰਘ ਗਿੱਲ, ਪਰਮਜੀਤ ਸਿੰਘ ਪੰਮੀ, ਸੁਭਾਸ਼ ਚੌਧਰੀ, ਵਿਨੀਤ ਕੁਮਾਰ ਝੜੌਦੀ, ਬਲਵਿੰਦਰ ਸਿੰਘ ਲਾਡੀ, ਵੀਰਪਾਲ ਸਿੰਘ, ਸਾਬਕਾ ਸਰਪੰਚ ਰਾਜਨ ਤੋਂ ਇਲਾਵਾ ਕਲੱਬ ਦੇ ਮੈਂਬਰਾਂ ਵਿਚ ਗੁਰਪ੍ਰੀਤ ਸਿੰਘ ਗੋਪੀ, ਰਿੰਕੂ, ਦੀਨਾ ਨਾਥ, ਐਡਵੋਕੇਟ ਇੰਦਰਜੀਤ ਸਿੰਘ, ਆਸ਼ੂ ਇਟਲੀ, ਗਗਨ ਮੱਕੜ ਤੇ ਰਣਜੀਤ ਵੀ ਮੌਜੂਦ ਸਨ।

## ਅਗਰਵਾਲ ਧਰਮਸ਼ਾਲਾ 'ਚ ਮਨਾਇਆ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਤਿਉਹਾਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਅਗਰਵਾਲ ਧਰਮਸਾਲਾ ਵਿਖੇ ਪ੍ਰਧਾਨ ਮਦਨ ਮਿੱਤਲ ਤੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ 'ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ' ਦਾ ਤਿਉਹਾਰ ਬਹੁਤ ਹੀ ਧੂਮਧਾਮ ਤੇ ਸ਼ਰਧਾਪੂਰਵਕ ਮਨਾਇਆ ਗਿਆ। ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਸਿਵਲ ਜੱਜ ਜੂਨੀਅਰ ਡਵੀਜ਼ਨ ਸਮਾਣਾ ਆਸ਼ੀਆ ਜਿੰਦਲ, ਉਦਯੋਗਪਤੀ ਰਮੇਸ਼ ਗਰਗ, ਰਾਜੀਵ ਸਿੰਗਲਾ ਮੋਨੂੰ, ਲਵ ਕੁਮਾਰ ਪੀ ਐਨ ਬੀ ਵਾਲੇ, ਜਤਿੰਦਰ ਹੈਪੀ ਢੀਂਗੜਾ ਪ੍ਰਧਾਨ ਅਰੋੜਾ ਬਿਰਾਦਰੀ, ਪ੍ਰਸ਼ੋਤਮ ਸਿੰਗਲਾ, ਬੀ ਕੇ ਮੀਨਾ ਅਤੇ ਠੇਕੇਦਾਰ ਪ੍ਰਮੋਦ ਸਿੰਗਲਾ ਆਦਿ ਨੇ ਸ਼ਿਰਕਤ ਕੀਤੀ ਅਤੇ ਸੰਗਤਾਂ ਨੂੰ ਇਸ ਪਵਿੱਤਰ ਤਿਉਹਾਰ ਦੀ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਸੁੰਦਰ-ਸੁੰਦਰ ਝਾਕੀਆਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਅਗਰਵਾਲ ਧਰਮਸ਼ਾਲਾ ਕਮੇਟੀ ਵੱਲੋਂ ਮਹਿਮਾਨਾਂ ਨੂੰ ਸਨਮਾਨਤ ਵੀ ਕੀਤਾ ਗਿਆ।

## ਏ ਡੀ ਐੱਫ ਓ ਭੰਗੂ ਦਾ ਸਮੂਹ ਕ੍ਰਮਚਾਰੀਆਂ ਵੱਲੋਂ ਸਵਾਗਤ

**ਪਟਿਆਲਾ (ਰਜਿੰਦਰ ਸਿੰਘ ਥਿੰਦ)** ਫਾਇਰ ਬ੍ਰਿਗੇਡ ਪਟਿਆਲਾ ਵਿਖੇ ਵਿਭਾਗ ਦੇ ਸਮੂਹ ਕ੍ਰਮਚਾਰੀਆਂ ਵੱਲੋਂ ਨਵ ਨਿਯੁਕਤ ਸਹਾਇਕ ਫਾਇਰ ਮੰਡਲ ਅਫ਼ਸਰ (ਏਡੀਐਫਓ) ਜਸਵਿੰਦਰ ਸਿੰਘ ਭੰਗੂ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ, ਜਿੱਥੇ ਸਮੂਹ ਕ੍ਰਮਚਾਰੀਆਂ ਵੱਲੋਂ ਉਨ੍ਹਾਂ ਨੂੰ ਫੁੱਲਾਂ ਦਾ ਬੁੱਕੇ ਭੇਟ ਕੀਤਾ ਗਿਆ, ਉਥੇ ਕੱਚੇ ਕਾਮਿਆਂ ਦੇ ਆਗੂ ਰਣ ਸਿੰਘ ਲੰਗ, ਧਨਰਾਜ ਤੇ ਨਰਿੰਦਰ ਸਿੰਘ ਮਨੀ ਵੱਲੋਂ ਸਿਰੋਪਾਓ ਭੇਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ।ਫਾਇਰ ਅਧਿਕਾਰੀ ਜਸਵਿੰਦਰ ਸਿੰਘ ਭੰਗੂ ਨੇ ਕਿਹਾ ਕਿ ਪਟਿਆਲਾ ਫਾਇਰ ਬ੍ਰਿਗੇਡ ਦਾ ਸਮੂਹ ਸਟਾਫ਼ ਬਹੁਤ ਮਿਹਨਤੀ ਅਤੇ ਅਗਾਂਹਵਧੂ ਸਟਾਫ ਹੈ।ਉਨ੍ਹਾਂ ਦੱਸਿਆ ਕਿ ਉਹ ਇਸ ਤੋਂ ਪਹਿਲਾਂ ਮੋਹਾਲੀ ਵਿਖੇ ਬਤੌਰ ਫਾਇਰ ਸਟੇਸ਼ਨ ਅਫਸਰ ਤੈਨਾਤ ਸਨ ਤੇ ਹੁਣ ਪਦਉੱਨਤ ਹੋ ਕੇ ਪਟਿਆਲਾ ਵਿਖੇ ਸਹਾਇਕ ਫਾਇਰ ਮੰਡਲ ਅਫ਼ਸਰ ਦੇ ਅਹੁਦੇ 'ਤੇ ਲੱਗੇ ਹਨ। ਉਨ੍ਹਾਂ ਕਿਹਾ ਕਿ ਉਹ ਸਮੂਹ ਕ੍ਰਮਚਾਰੀਆਂ ਨੂੰ ਨਾਲ ਲੈ ਕੇ ਫਾਇਰ ਬ੍ਰਿਗੇਡ ਪਟਿਆਲਾ ਦੀ ਬੇਹਤਰੀ ਲਈ ਕੰਮ ਕਰਨਗੇ।ਇਸ ਦੌਰਾਨ ਕੱਚੇ ਕ੍ਰਮਚਾਰੀਆਂ ਵੱਲੋਂ ਆਪਣੀਆਂ ਮੰਗਾਂ ਤੇ ਸੱਮਸਿਆਵਾਂ ਪ੍ਰਤੀ ਵੀ ਏਡੀਐਫਓ ਜਸਵਿੰਦਰ ਸਿੰਘ ਭੰਗੂ ਨੂੰ ਜਾਣੂ ਕਰਾਇਆ ਗਿਆ।

## ਪੱਤਰਕਾਰੀ ਦੇ ਨਾਂਅ 'ਤੇ ਠੱਗੀਆਂ ਮਾਰਨ ਵਾਲੇ ਕਾਬੂ



**ਬਠਿੰਡਾ (ਪਰਵਿੰਦਰ ਜੀਤ ਸਿੰਘ)** ਰਵਿੰਦਰ ਸਿੰਘ ਪੀ.ਪੀ.ਐੱਸ ਡੀ.ਐੱਸ.ਪੀ ਭੁੱਚੋ ਦੀ ਅਗਵਾਈ ਵਿੱਚ ਮੁੱਖ ਅਫ਼ਸਰ ਥਾਣਾ ਨਥਾਣਾ ਦੀ ਪੁਲਸ ਪਾਰਟੀ ਨੇ 1 ਦੋਸ਼ੀ ਨੂੰ ਗ੍ਰਿਫਤਾਰ ਕੀਤਾ। ਮੁਕੱਦਮਾ ਉਕਤ ਵਿੱਚ ਮੁੱਦਈ ਥੈਲਾ ਪਾਉਣ ਦਾ ਕੰਮ ਕਰਦਾ ਹੈ।ਕਰੀਬ 15 ਦਿਨ ਪਹਿਲਾਂ ਮੁੱਦਈ ਪਾਸ 2 ਨੌਜਵਾਨ ਥੈਲਾ ਪਵਾਉਣ ਲਈ ਆਏ।ਜਦੋਂ ਮੁੱਦਈ ਇੱਕ ਵਿਅਕਤੀ ਦੇ ਥੈਲਾ ਪਾਉਣ ਲੱਗਾ ਤਾਂ ਦੂਜੇ ਵਿਅਕਤੀ ਨੇ ਮੁਦੱਈ ਦੀ ਥੈਲਾ ਪਾਉਂਦੇ ਦੀ ਵੀਡੀਓ ਬਣਾ ਲਈ ਅਤੇ ਦੋਵੇ ਵਿਅਕਤੀਆਂ ਨੇ ਕਿਹਾ ਕਿ ਅਸੀਂ ਪੱਤਰਕਾਰ ਹਾਂ, ਤੂੰ ਲੋਕਾਂ ਨੂੰ ਗੁੰਮਰਾਹ ਕਰਕੇ ਉਹਨਾਂ ਦਾ ਸੋਸ਼ਣ ਕਰਦਾ ਹੈ।ਇਸ ਨਾਲ ਉਹ ਦੋਵੇਂ ਵਿਅਕਤੀ ਮੁੱਦਈ ਨੂੰ ਬਲੈਕਮੇਲ ਕਰਨ ਲੱਗੇ ਅਤੇ ਸਾਨੂੰ ਹੁਣੇ 20,000/- ਰੁਪਏ ਦੇ, ਨਹੀਂ ਤੇਰੀ ਅਸੀਂ ਵੀਡੀਓ ਵਾਇਰਲ ਕਰ ਦੇਵਾਂਗੇ ਅਤੇ ਤੇਰੇ 'ਤੇ ਪਰਚਾ ਦਰਜ ਕਰਵਾ ਦੇਵਾਂਗੇ।ਡਰ ਦੇ ਮਾਰੇ ਮੁੱਦਈ ਨੇ 2000/- ਰੁਪਏ ਦਿੱਤੇ।ਇਸ ਤੋਂ ਬਾਅਦ ਉਨ੍ਹਾਂ ਮੁੱਦਈ ਤੋਂ ਇੱਕ ਖਾਲੀ ਕਾਗ਼ਜ਼ 'ਤੇ ਦਸਤਖਤ ਵੀ ਕਰਾ ਲਏ ਅਤੇ 18000 ਰੁਪਏ ਹੋਰ ਲੈਣ ਲਈ 20.8.2024 ਦਾ ਸਮਾਂ ਦਿੱਤਾ ਸੀ। ਸਮਾਂ ਪੂਰਾ ਹੋਣ 'ਤੇ ਮੁੱਦਈ ਨੂੰ ਫੋਨ ਕਰਨ ਲੱਗੇ ਅਤੇ ਕਹਿਣ ਲੱਗਾ ਕਿ ਮੈਂ ਬਠਿੰਡਾ ਤੋਂ ਦੀਪੂ ਸ਼ਰਮਾ ਪੱਤਰਕਾਰ ਬੋਲਦਾ ਹਾਂ ਅਤੇ ਪੈਸੇ ਦੀ ਮੰਗ ਕਰਨ ਲੱਗਾ।ਮੁੱਦਈ ਉਕਤ ਦੇ ਕਹਿਣ 'ਤੇ ਪੈਸਿਆਂ ਦਾ ਕੋਈ ਇੰਤਜ਼ਾਮ ਨਹੀ ਹੋਇਆ ਤਾਂ ਉਹ ਦੋਵੇ ਪੱਤਰਕਾਰ ਜਦੋ ਮੁੱਦਈ ਦੇ ਘਰ ਪੈਸੇ ਲੈਣ ਆ ਗਏ।ਮੁੱਦਈ ਨੇ ਇਸ ਸਬੰਧ ਪੁਲਸ ਕੋਲ ਸ਼ਿਕਾਇਤ ਕੀਤੀ, ਜਿਸ 'ਤੇ ਪੁਲਸ ਵੱਲੋਂ ਉਕਤ ਮੁਕੱਦਮਾ ਦਰਜ ਰਜਿਸਟਰ ਕਰਕੇ ਪੱਤਰਕਾਰ ਦੀਪੂ ਸ਼ਰਮਾ ਪੁੱਤਰ ਲੱਖਨ ਸ਼ਰਮਾ ਵਾਸੀ ਅਮਰੀਕ ਸਿੰਘ ਰੋਡ ਬਠਿੰਡਾ ਨੂੰ ਗ੍ਰਿਫਤਾਰ ਕਰ ਲਿਆ।ਦੂਜੇ ਵਿਅਕਤੀ ਦੀ ਵੀ ਪਛਾਣ ਹੋ ਗਈ ਹੈ, ਜਿਸ 'ਤੇ ਪੁਲਸ ਵੱਲੋਂ ਰੇਡਾਂ ਕੀਤੀਆਂ ਜਾ ਰਹੀਆਂ, ਜਿਸ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।ਦੋਸ਼ੀ ਪਾਸੋਂ ਇੱਕ ਨੰਬਰੀ ਐਕਟਿਵਾ ਸਕੂਟਰੀ ਨੰਬਰੀ ਪੀ.ਬੀ 03 ਏ-ਕਿਊ-4342 ਅਤੇ ਇੱਕ ਹੱਥ ਲਿਖਤ ਨੋਟ ਬਰਾਮਦ ਕਰ ਲਈ ਹੈ।ਉਕਤ ਦੋਸ਼ੀ ਨੂੰ ਮੁੱਕਦਮਾ ਉਕਤ ਵਿੱਚ ਗ੍ਰਿਫਤਾਰ ਕਰਕੇ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿਸ ਤੋਂ ਹੋਰ ਵੀ

## ਸਕੇਟਿੰਗ ਕਲੱਬ ਸਪੋਰਟਸ ਅਕੈਡਮੀ ਨੇ ਕਰਾਇਆ ਇੰਟਰ ਸਕੂਲ ਡਿਸਟ੍ਰਿਕਟ ਲੈਵਲ ਟੂਰਨਾਮੈਂਟ

**ਜਗਰਾਉਂ (ਅਮਿਤ ਖੰਨਾ)** ਸਕੇਟਿੰਗ ਕਲੱਬ ਸਪੋਰਟਸ ਅਕੈਡਮੀ ਵੱਲੋਂ ਕਰਾਏ ਗਏ ਦੂਜੇ ਇੰਟਰ ਸਕੂਲ ਡਿਸਟ੍ਰਿਕਟ ਲੇਵਲ ਸਪੀਡ ਸਕੈਟਿੰਗ ਕੰਪੀਟਿਸਨ ਟੂਰਨਾਮੈਂਟ ਵਿੱਚ ਵੱਖ-ਵੱਖ ਸ਼ਹਿਰਾਂ ਦੀਆ ਟੀਮਾਂ ਨੇ ਹਿੱਸਾ ਲਿਆ, ਜਿਸ ਵਿੱਚ ਮੋਗੇ ਤੋਂ ਫ਼ਿਜ਼ਾ ਸਕੇਟਿੰਗ ਅਕੈਡਮੀ, ਲੁਧਿਆਣਾ ਤੋਂ ਬੀਰ ਸਪੋਰਟਸ ਵਰਲਡ ਦੀ ਟੀਮ, ਧਰਮਕੋਟ ਤੋਂ ਰੋਲਰ ਸਕੇਟਿੰਗ ਅਕੈਡਮੀ, ਜਗਰਾਉਂ ਤੋਂ ਸਵਾਮੀ ਰੂਪ ਚੰਦ ਜੈਨ ਸਕੂਲ, ਰੂਪ ਵਾਟਿਕਾ ਸਕੂਲ, ਜੀ ਐਚ ਜੀ ਅਕੈਡਮੀ, ਸਕੇਟਿੰਗ ਕਲੱਬ ਸਪੋਰਟਸ ਅਕੈਡਮੀ ਦੇ ਬੱਚਿਆਂ ਨੇ ਮੱਲਾਂ ਮਾਰੀਆਂ, ਜਿਸ ਵਿੱਚ ਸਕੇਟਿੰਗ ਸ਼ੂਟਿੰਗ ਕੋਚ ਰਾਜ ਜਗਰਾਉਂ ਨੇ ਦੱਸਿਆ ਕਿ ਇਸ ਟੂਰਨਾਮੈਂਟ ਦਾ ਉਦਘਾਟਨ ਕੁਮਾਰ ਸੁਰਿੰਦਰ ਦੇ ਕਰ ਕਮਲਾਂ ਦੁਆਰਾ ਕਰਾਇਆ ਗਿਆ, ਜੋ ਗੋਲਡ ਮੈਡਲਿਸਟ ਤੇ ਨੈਸ਼ਨਲ ਸ਼ੂਟਰ ਹਨ।

ਗੈਸਟ ਆਫ਼ ਆਨਰ ਥਾਣਾ ਸਿਟੀ ਦੇ ਐਸ ਐਚ ਓ ਅੰਮ੍ਰਿਤਪਾਲ ਸਿੰਘ, ਸੰਦੀਪ ਗੋਇਲ, ਮੈਡਮ ਹਰਬੰਸ ਕੌਰ ਪੀ ਟੀ ਆਈ ਟੀਚਰ, ਕਨ੍ਹੱਈਆ ਗੁਪਤਾ (ਬਾਂਕਾ ਜੀ) ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਜਗਰਾਉਂ, ਰਾਹੁਲ ਸਿੰਘ ਮੈਂਬਰ ਆੜ੍ਹਤੀਆ ਐਸੋਸੀਏਸ਼ਨ ਸਨ। ਇਸ ਟੂਰਨਾਮੈਂਟ ਵਿੱਚ ਆਏ ਸਾਰੇ ਬੱਚਿਆਂ ਨੂੰ ਉਨ੍ਹਾਂ ਦੀਆਂ ਪੁਜ਼ੀਸ਼ਨਾਂ ਦੇ ਹਿਸਾਬ ਨਾਲ ਮੈਡਲ ਸਰਟੀਫਿਕੇਟ ਅਤੇ ਟਰਾਫ਼ੀਆਂ ਵੰਡੀਆਂ ਗਈਆਂ। ਇਸ ਮੌਕੇ ਸਕੇਟਿੰਗ ਕਲੱਬ ਸਪੋਰਟਸ ਅਕੈਡਮੀ ਦੇ ਪ੍ਰਧਾਨ ਪਿਯੂਸ਼, ਜਨਰਲ ਸੈਕਟਰੀ ਇਸ਼ਾਨੀ ਤੇ ਟ੍ਰੇਨਰ ਰਾਜੂ ਕੁਮਾਰ ਸ਼ਾਮਲ ਸਨ।



## ਇੰਟਰ ਸਕੂਲ ਸਟੈਮ ਚੈਲੇਂਜ 'ਚ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਐੱਸ ਆਰ ਐੱਸ ਵਿੱਦਿਆਪੀਠ ਵਿਖੇ ਸ਼੍ਰੀ ਚੈਤੰਨਿਆ ਇੰਸਟੀਚਿਊਟ ਪਟਿਆਲਾ ਦੁਆਰਾ ਇੱਕ ਇੰਟਰ ਸਕੂਲ ਸਟੈਮ ਚੈਲੇਂਜ ਟੈੱਸਟ ਆਯੋਜਤ ਕੀਤਾ ਗਿਆ।ਇਸ ਟੈਸਟ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਦਿਖਾਇਆ ਗਿਆ ਤੇ ਕਈ ਵਿਦਿਆਰਥੀਆਂ ਵੱਲੋਂ ਬਹੁਤ ਹੀ ਚੰਗੇ ਰੈਂਕ ਪ੍ਰਾਪਤ ਕੀਤੇ ਗਏ।ਚੰਗੇ ਰੈਂਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼੍ਰੀ ਚੈਤੰਨਿਆ ਇੰਸਟੀਚਿਊਟ ਪਟਿਆਲਾ ਦੁਆਰਾ ਵਧਾਈ ਦਿੱਤੀ ਗਈ ਤੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ, ਮੈਡਲ, ਸਮਾਰਟ ਘੜੀਆਂ ਅਤੇ ਸਮਾਰਟ ਬੈਂਡ ਦੇ ਕੇ ਸਨਮਾਨਤ ਕੀਤਾ ਗਿਆ। ਰੈਂਕ-1 ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵਿੱਚ ਆਰੀਅਨ ਦੂਬੇ (ਜਮਾਤ ਸੱਤਵੀਂ), ਗੁਰਜੋਤ ਸਿੰਘ (ਜਮਾਤ ਅੱਠਵੀਂ), ਕਨਿਕ ਜਿੰਦਲ (ਜਮਾਤ ਨੌਵੀਂ) ਗਿਰੀਸ਼ ਬਾਂਸਲ (ਜਮਾਤ ਦਸਵੀਂ), ਰੈਂਕ -2 ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵਿੱਚ ਸਚਮੁਖ ਕੌਰ (ਜਮਾਤ ਸੱਤਵੀਂ), ਅਨੰਤਜੋਤ ਸਿੰਘ (ਜਮਾਤ ਅੱਠਵੀਂ), ਬੀਰਨਮਨ ਸਿੰਘ (ਜਮਾਤ ਨੌਵੀਂ) ਤੇ ਵੰਸ਼ਿਕਾ (ਜਮਾਤ ਦਸਵੀਂ) ਅਤੇ ਰੈਂਕ-3 ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵਿੱਚ ਏਕਮਜੀਤ ਸਿੰਘ (ਜਮਾਤ ਸੱਤਵੀਂ), ਸਚਰੀਤ ਕੌਰ (ਜਮਾਤ ਅੱਠਵੀਂ), ਏਕਮਜੋਤ ਸਿੰਘ (ਜਮਾਤ ਨੌਵੀਂ) ਤੇ ਰੂਹਾਨੀ (ਜਮਾਤ ਦਸਵੀਂ) ਦੇ ਨਾਂਅ ਪ੍ਰਮੁੱਖ ਹਨ।

ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਅਜਿਹੇ ਗਿਆਨ ਨਾਲ਼ ਭਰਪੂਰ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਤ ਕੀਤਾ।

## 'ਖੇਡਾਂ ਵਤਨ ਪੰਜਾਬ ਦੀਆਂ' ਤੀਜੇ ਪੜਾਅ 'ਚ ਰਿਲੇਅ ਟਾਰਚ ਪਹੁੰਚੀ ਫ਼ਰੀਦਕੋਟ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਖੇਡਾਂ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹਨ ਤੇ ਕਿਸੇ ਵੀ ਖੇਡ ਨਾਲ ਸਾਡੇ ਸਰੀਰ ਨੂੰ ਖੁਸ਼ ਕਰ ਦੇਣ ਵਾਲੀ ਥਕਾਵਟ ਪੈਦਾ ਹੁੰਦੀ ਹੈ।ਇਸ ਨਾਲ ਜਿੱਥੇ ਨੌਜਵਾਨਾਂ ਨੂੰ ਨਸ਼ਿਆਂ ਦੇ ਕਹਿਰ ਤੋਂ ਦੂਰ ਰੱਖਿਆ ਜਾ ਸਕਦਾ ਹੈ, ਉੱਥੇ ਨਾਲ ਹੀ ਯੂ-ਟਿਊਬ, ਫੇਸਬੁੱਕ ਅਤੇ ਇੰਸਟਾਗ੍ਰਾਮ ਦੇ ਜ਼ਮਾਨੇ ਵਿੱਚ ਬੱਚਿਆਂ ਨੂੰ ਮੋਬਾਇਲ ਦੀ ਬੁਰੀ ਲੱਤ ਤੋਂ ਵੀ ਕਾਫ ਹੱਦ ਤੱਕ ਬਚਾਇਆ ਜਾ ਸਕਦਾ ਹੈ।

ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਖੇਡਾਂ ਵਤਨ ਪੰਜਾਬ ਦੀਆਂ ਦੇ ਤੀਜੇ ਪੜਾਅ ਤਹਿਤ ਫ਼ਰੀਦਕੋਟ ਵਿਖੇ ਰਿਲੇਅ ਟਾਰਚ ਦਾ ਭਰਵਾਂ ਸਵਾਗਤ ਕਰਦਿਆਂ ਕੀਤਾ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇਨ੍ਹਾਂ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਇਨ੍ਹਾਂ ਖੇਡਾਂ ਦਾ ਅਹਿਮ ਯੋਗਦਾਨ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਪੈਰਿਸ ਉਲੰਪਿਕਸ ਵਿੱਚ ਭਾਰਤ ਦੇ ਵੱਖ ਵੱਖ ਸੂਬਿਆਂ ਤੋਂ ਨੌਜਵਾਨਾਂ ਨੇ ਬਿਹਤਰੀਨ ਪ੍ਰਦਰਸ਼ਨ ਕਰਦਿਆਂ ਖੇਡਾਂ ਵਿੱਚ ਮੱਲਾਂ ਮਾਰੀਆਂ।

ਸਪੀਕਰ ਤੋਂ ਇਲਾਵਾ ਇਸ ਰਿਲੇਅ ਟਾਰਚ ਦਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸੁਖਜੀਤ ਸਿੰਘ ਢਿੱਲਵਾਂ ਨੇ ਵੀ ਪਿੰਡ ਢਿੱਲਵਾਂ ਵਿਖੇ ਸਰਕਾਰੀ ਸਕੂਲ ਦੇ ਬੱਚਿਆਂ ਦੀ ਹਾਜ਼ਰੀ ਵਿੱਚ ਸਵਾਗਤ ਕੀਤਾ।ਉਨ੍ਹਾਂ ਕਿਹਾ ਕਿ ਇਹ ਮਸ਼ਾਲ ਬੱਚਿਆਂ ਵਿੱਚ ਖੇਡਾਂ ਪ੍ਰਤੀ ਰੁਚੀ ਵਧਾਉਣ ਲਈ ਮਿਸਾਲ ਬਣ ਰਹੀ ਹੈ।ਖੇਡ ਵਿਭਾਗ ਦੇ ਨੁਮਾਇੰਦਿਆਂ, ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਸਮੁੱਚੀ ਟੀਮ ਅਤੇ ਵੱਖ-ਵੱਖ ਵਿਭਾਗ ਦੇ ਨੁਮਾਇੰਦਿਆਂ ਵੱਲੋਂ ਇਸ ਰਿਲੇਅ ਟਾਰਚ ਦਾ ਸਵਾਗਤ ਕਰਕੇ, ਸ਼ਹਿਰ ਦੀਆਂ ਵੱਖ-ਵੱਖ ਸੜਕਾਂ ਤੋਂ ਹੁੰਦੇ ਹੋਏ ਨਹਿਰੂ ਸਟੇਡੀਅਮ ਵਿਖੇ ਇੱਕ ਪ੍ਰੋਗਰਾਮ ਉਪਰੰਤ ਇਸ ਨੂੰ ਜ਼ਿਲ੍ਹਾ ਫ਼ਾਜ਼ਿਲਕਾ ਦੇ ਨੁਮਾਇੰਦਿਆਂ ਨੂੰ ਦੇ ਦਿੱਤਾ ਗਿਆ।

## ਸ੍ਰੀ ਅਖੰਡ ਰਮਾਇਣ ਸੇਵਾ ਸੰਮਤੀ ਵੱਲੋਂ ਵੱਖ-ਵੱਖ ਮੁੱਦਿਆਂ 'ਤੇ ਮੀਟਿੰਗ

### ਬੰਗਲਾਦੇਸ਼ੀ ਹਿੰਦੂਆਂ ਦੇ ਕਤਲ ਦੀ ਨਿਖੇਧੀ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਸ੍ਰੀ ਅਖੰਡ ਰਮਾਇਣ ਸੇਵਾ ਸੰਮਤੀ ਸ੍ਰੀ ਦੁਰਗਾ ਮਾਤਾ ਮੰਦਰ ਬਜੀਦਪੁਰ ਦੇ ਮੁੱਖ ਸੇਵਾਦਾਰ ਤਰਸੇਮ ਪਾਲ ਸ਼ਰਮਾ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸਾਰੇ ਕਮੇਟੀ ਦੇ ਮੈਂਬਰਾਂ ਤੇ ਧਾਰਮਿਕ ਤੇ ਕਿਸਾਨ ਜਥੇਬੰਦੀਆਂ ਅਤੇ ਭਗਵਾਨ ਸ੍ਰੀ ਪਰਸੂਰਾਮ ਬ੍ਰਾਹਮਣ ਸਭਾ ਬਜੀਦਪੁਰ ਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਅਤੇ ਸ੍ਰੀ ਦੁਰਗਾ ਭਜਨ ਮੰਡਲੀ ਦੇ ਮੈਂਬਰਾਂ ਨੇ ਭਾਗ ਲਿਆ।ਇਸ ਮੌਕੇ ਤਰਸਮੇ ਪਾਲ ਸ਼ਰਮਾ ਨੇ ਬੰਗਲਾਦੇਸ਼ੀ ਹਿੰਦੂਆਂ ਦੇ ਕਤਲ ਤੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੀ ਸਖ਼ਤ ਨਿਖੇਧੀ ਕਰਦਿਆਂ ਦੱਸਿਆ ਕਿ ਸਮੂਹ ਹਾਜ਼ਰੀਨ ਜਥੇਬੰਦੀਆਂ ਭਾਰਤ ਸਰਕਾਰ ਨੂੰ ਅਪੀਲ ਕਰਦੀਆਂ ਹਨ ਕਿ ਭਾਰਤ ਸਰਕਾਰ ਬੰਗਲਾਦੇਸ਼ ਦੇ ਹਿੰਦੂਆਂ ਦੀ ਰਾਖੀ ਲਈ ਉਪਰਾਲਾ ਕਰੇ। ਉਨ੍ਹਾਂ ਦੇਸ਼ ਦੇ ਹਿੰਦੂ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ 'ਚੋਂ ਬਾਹਰ ਨਿੱਕਲ ਕੇ ਬੰਗਲਾਦੇਸ਼ੀ ਹਿੰਦੂਆਂ ਦੇ ਕਤਲ ਦਾ ਵਿਰੋਧ ਕਰਨ ਤੇ ਹਿੰਦੂਆਂ ਦੇ ਅਧਿਕਾਰਾਂ ਲਈ ਅਵਾਜ਼ ਬੁਲੰਦ ਕਰਨ।

ਇਸ ਮੀਟਿੰਗ ਵਿੱਚ ਪ੍ਰਧਾਨ ਸਰਜੀਤ ਕੁਮਾਰ ਸ਼ਰਮਾ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਸਤੀਸ਼ ਕੁਮਾਰ ਖਜ਼ਾਨਚੀ ਸ੍ਰੀ ਦੁਰਗਾ ਮਾਤਾ ਮੰਦਿਰ ਬਜੀਦਪੁਰ, ਨਰਿੰਦਰ ਕੁਮਾਰ ਸ਼ਰਮਾ, ਜਗਜੀਤ ਕੁਮਾਰ ਜੰਗ, ਪਰਦੀਪ ਕੁਮਾਰ ਦਾਰਾ, ਤਰਸੇਮਪਾਲ ਜੀਏ ਬੱਗੀਏ, ਤਰਸੇਮ ਪਾਲ ਰਿਟਾਇਰਡ ਬਿਜਲੀ ਬੋਰਡ, ਅਮਿਤ ਕੁਮਾਰ ਟਿੰਕੂ ਖਜ਼ਾਨਚੀ ਸ੍ਰੀ ਅਖੰਡ ਰਮਾਇਣ ਸੇਵਾ ਸੰਮਤੀ ਬਜੀਦਪੁਰ, ਅਮਰਜੀਤ ਅੰਬਾ, ਰਜਿੰਦਰ ਕੁਮਾਰ ਪ੍ਰਧਾਨ ਬਿਜਲੀ ਬੋਰਡ ਯੂਨੀਅਨ, ਜਸ਼ਨ ਸ਼ਰਮਾ ਕਾਕਾ, ਨਿਤਿਸ਼ ਕੁਮਾਰ, ਭੁਪਿੰਦਰ ਕੁਮਾਰ ਲੱਖਣਕੇ, ਕਸ਼ਮੀਰ ਲਾਲ ਰੇਲਵੇ ਵਾਲੇ, ਸੁਰਿੰਦਰ ਕੁਮਾਰ ਪ੍ਰਧਾਨ ਪਰਸੂਰਾਮ ਬ੍ਰਾਹਮਣ ਸਭਾ ਬਜੀਦਪੁਰ, ਰੋਸ਼ਨ ਲਾਲ, ਨਰਿੰਦਰ ਕੁਮਾਰ ਪ੍ਰਧਾਨ ਸਿਹਤ ਵਿਭਾਗ ਫਿਰੋਜ਼ਪੁਰ, ਰਾਮ ਲੁਭਾਇਆ ਹੈਲੋਕੇ, ਤਰਲੋਕ ਚੰਦ ਅਮਰੀਕਾ ਵਾਲੇ, ਕੇਵਲ ਕ੍ਰਿਸ਼ਨ ਫੋਟੋਗ੍ਰਾਫਰ, ਵਿਕਾਸ ਕੁਮਾਰ ਕਾਸ਼ਾ, ਡਾਕਟਰ ਰਜਨੀਸ਼ ਕੁਮਾਰ, ਤਿਲਕ ਰਾਜ ਗੱਗੜ ਵਾਲੇ, ਗੌਰਵ ਕੁਮਾਰ ਬੱਦਰਪੁਰ ਆਦਿ ਨੇ ਸੰਬੋਧਨ ਕੀਤਾ।

## ਮਾਲਵਾ ਕਾਲਜ 'ਚ ਏਡਜ਼ ਵਿਰੁੱਧ ਜਾਗਰੂਕਤਾ ਲੈਕਚਰ



**ਸਮਰਾਲਾ, (ਸੁਰਜੀਤ ਸਿੰਘ)**-ਸਥਾਨਕ ਮਾਲਵਾ ਕਾਲਜ ਬੌਂਦਲੀ ਵਿਖੇ ਭਾਰਤ ਸਰਕਾਰ ਦੀਆਂ ਹਦਾਇਤਾਂ ਅਤੇ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ, ਪੰਜਾਬ ਅਨੁਸਾਰ ਕਾਲਜ ਕੈਂਪਸ ਵਿੱਚ ਐਚ.ਆਈ.ਵੀ/ਏਡਜ਼ ਪ੍ਰਤੀ ਜਾਗਰੂਕਤਾ ਲੈਕਚਰ ਕਰਵਾਇਆ ਗਿਆ । ਜਿਸ ਵਿੱਚ ਮੁੱਖ ਬੁਲਾਰੇ ਐਸ.ਐਮ.ਓ ਸਮਰਾਲਾ ਡਾ. ਤਾਰਿਕਜੋਤ ਸਿੰਘ ਸਨ ।ਉਨ੍ਹਾਂ ਦੱਸਿਆ ਕਿ ਐਚ.ਆਈ.ਵੀ/ਏਡਜ਼ ਦੇ ਲੱਛਣ ਦੇ ਮੁੱਖ ਕਾਰਨ ਕਿਸੇ ਰੋਗਗ੍ਰਸਤ ਵਿਅਕਤੀ ਨਾਲ ਅਸੁਰੱਖਿਅਤ ਯੌਨ ਸਬੰਧ ਬਣਾਉਣੇ, ਖੂਨ ਜਾਂ ਖੂਨ ਵਾਲੇ ਪਦਾਰਥ ਸਰੀਰ ਵਿੱਚ ਚੜ੍ਹਾਉਣ ਨਾਲ, ਸੂਈਆਂ ਤੇ ਸਰਿੰਜਾਂ ਦੀ ਸਾਂਝੀ ਵਰਤੋਂ ਨਾਲ, ਐਚ.ਆਈ.ਵੀ ਪ੍ਰਭਾਵਿਤ ਮਾਂ ਤੋਂ ਉਸ ਦੇ ਬੱਚੇ ਨੂੰ ਜਣੇਪੇ ਤੋਂ ਪਹਿਲਾਂ, ਉਸ ਦੇ ਦੌਰਾਨ ਜਾਂ ਇੱਕ ਦਮ ਮਗਰੋਂ। ਉਨ੍ਹਾਂ ਦੱਸਿਆ ਕਿ ਸੁਰੱਖਿਅਤ ਸੰਭੋਗ, ਲਾਈਸੈਂਸਸ਼ੁਦਾ ਬਲੱਡ ਬੈਂਕ ਤੋਂ ਖੂਨ ਲੈਣਾ, ਹਮੇਸ਼ਾ ਨਵੀਂ ਸੂਈ ਸਰਿੰਜ਼ ਦਾ ਇਸਤੇਮਾਲ ਕਰਨਾ ਅਤੇ ਮਾਂ ਦਾ ਜਣੇਪਾ ਕਿਸੇ ਸਿਹਤ ਸੰਸਥਾ ਵਿੱਚ ਹੀ ਕਰਵਾਉਣ ਨਾਲ ਅਸੀਂ ਇਸ ਬਿਮਾਰੀ ਤੋਂ ਬਚ ਸਕਦੇ ਹਾਂ । ਉਨ੍ਹਾਂ ਅੱਗੇ ਦੱਸਿਆ ਕਿ ਕਿਸੇ ਪ੍ਰਭਾਵਿਤ ਵਿਅਕਤੀ ਨਾਲ ਹੱਥ ਮਿਲਾਉਣ ਜਾਂ ਛੂਹਣ ਨਾਲ, ਕਿਸੇ ਪ੍ਰਭਾਵਿਤ ਵਿਅਕਤੀ ਦੁਆਰਾ ਵਰਤੇ ਭਾਂਡਿਆਂ ਵਿੱਚ ਖਾਣਾ ਖਾਣ ਨਾਲ ਅਤੇ ਉਸ ਦੁਆਰਾ ਵਰਤੇ ਉਪਕਰਨਾਂ ਦੇ ਇਸਤੇਮਾਲ ਨਾਲ ਜਾਂ ਪ੍ਰਭਾਵਿਤ ਵਿਅਕਤੀ ਦੁਆਰਾ ਵਰਤੇ ਗੁਸਲਖਾਨੇ ਜਾਂ ਪਖਾਨੇ ਦਾ ਇਸਤੇਮਾਲ ਕਰਨ ਨਾਲ ਜਾਂ ਮੱਛਰ ਦੇ ਕੱਟਣ ਨਾਲ ਏਡਜ਼ ਨਹੀਂ ਫੈਲਦਾ। ਉਪਰੋਕਤ ਨਿਯਮਾਂ ਦੀ ਪਾਲਣਾ ਕਰਕੇ ਅਸੀ ਇਸ ਬਿਮਾਰੀ ਤੋਂ ਬਚ ਸਕਦੇ ਹਾਂ । ਇਸੇ ਦੌਰਾਨ ਸਿਵਲ ਹਸਪਤਾਲ ਸਮਰਾਲੇ ਦੇ ਹੀ ਕਰਮਚਾਰੀ ਸੰਦੀਪ ਕੁਮਾਰ, ਮਲਟੀਪਰਪਜ਼ ਹੈਲਥ ਵਰਕਰ ਨੇ ਡੇਂਗੂ ਤੇ ਚਿਕਨਗੁਨੀਆ ਦੀ ਬਿਮਾਰੀ ਤੋਂ ਬਚਣ ਸਬੰਧੀ ਚਾਨਣਾ ਪਾਇਆ। ਇਸ ਟੀਮ ਵਿੱਚ ਸੁਖਵਿੰਦਰ ਸਿੰਘ ਕੌਂਸਲਰ ਅਤੇ ਸੰਜੀਵ ਕੁਮਾਰ ਵੀ ਸ਼ਾਮਲ ਸਨ । ਮਾਲਵਾ ਐਜੂਕੇਸ਼ਨਲ ਕੌਂਸਲ ਦੇ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ ਇਸ ਸਮਾਗਮ 'ਤੇ ਉਚੇਚੇ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਵਿਦਿਆਰਥੀਆਂ ਨੂੰ ਇਨ੍ਹਾਂ ਬਿਮਾਰੀਆਂ ਤੋਂ ਜਾਗਰੂਕ ਹੋਣ ਦੀ ਅਪੀਲ ਕੀਤੀ ।

ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਹਰਿੰਦਰ ਕੌਰ ਨੇ ਐਸ.ਐਮ.ਓ ਸਮਰਾਲਾ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ । ਇਸ ਮੌਕੇ ਕਾਲਜ ਦੇ ਡੀਨ ਅਕੈਡਮਿਕਸ ਡਾ. ਕੁਲਵਿੰਦਰ ਕੌਰ, ਡੀਨ ਸਪੋਰਟਸ ਪ੍ਰੋ. ਜਗਦੀਪ ਸਿੰਘ , ਪ੍ਰੋ. ਇੰਦਰਜੀਤ ਸਿੰਘ, ਪ੍ਰੋ. ਨਿਰਵੈਰ ਸਿੰਘ , ਪ੍ਰੋ. ਅਮਨਪ੍ਰੀਤ ਕੌਰ, ਪ੍ਰੋ. ਇਮਰੋਜ਼ਪ੍ਰੀਤ ਸਿੰਘ ਅਤੇ ਪ੍ਰੋ. ਜਤਿੰਦਰ ਸਿੰਘ ਸੇਖੋਂ ਸ਼ਾਮਲ ਸਨ। ਮੰਚ ਸੰਚਾਲਨ ਡਾ. ਹਰਿੰਦਰਜੀਤ ਸਿੰਘ ਕਲੇਰ ਨੇ ਕੀਤਾ ।

## ਕ੍ਰਿਸ਼ਨਾ ਡਰਾਮਾਟਿਕ ਕਲੱਬ ਨੇ ਜਨਮ ਅਸ਼ਟਮੀ ਮਨਾਈ



**ਜੈਤੋ (ਸਤੀਸ਼ ਕੁਮਾਰ ਭੀਰੀ)**-ਜੈਤੋ ਦੀ ਪ੍ਰਾਚੀਨ ਧਾਰਮਿਕ ਸੰਸਥਾ ਸ੍ਰੀ ਰਾਮਾ ਕ੍ਰਿਸ਼ਨਾ ਡਰਾਮਾਟਿਕ ਕਲੱਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਰਾਮ ਲੀਲ੍ਹਾ ਗਰਾਉਂਡ ਵਿਖੇ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ।ਇਸ ਪ੍ਰੋਗਰਾਮ ਦੌਰਾਨ ਮਾਈਕਲ ਡਾਂਸ ਅਕੈਡਮੀ ਦੇ ਬੱਚਿਆਂ ਵੱਲੋਂ ਡਾਂਸ ਤੇ ਕਲੱਬ ਦੇ ਕਲਾਕਾਰਾਂ ਵੱਲੋਂ ਪੇਸ਼ ਕੀਤੀਆਂ ਗਈਆਂ ਸੁੰਦਰ ਸੁੰਦਰ ਝਾਕੀਆਂ ਨੇ ਰਾਮ ਲੀਲ੍ਹਾ ਗਰਾਉਂਡ ਵਿੱਚ ਆਏ ਹੋਏ ਲੋਕਾਂ ਦਾ ਮਨ ਮੋਹ ਲਿਆ।ਇਸ ਪ੍ਰੋਗਰਾਮ ਦੇ ਪ੍ਰੋਜੈਕਟ ਚੇਅਰਮੈਨ ਪੰਕਜ ਜਿੰਦਲ ਨੇ ਦੱਸਿਆ ਕਿ ਮਾਂ ਛਿੰਨ ਮਸਤਿਕਾ ਲੰਗਰ ਕਮੇਟੀ ਵੱਲੋਂ ਪੰਜਾਬੀ ਢਾਬਾ ਸਾਂਝਾ ਚੁੱਲ੍ਹਾ ਲਾਇਆ ਗਿਆ ਤੇ ਇਸ ਦੇ ਨਾਲ ਹੀ ਲੋਕਾਂ ਦੇ ਖਾਣ-ਪੀਣ ਲਈ ਤਰ੍ਹਾਂ ਤਰ੍ਹਾਂ ਦੀਆਂ ਸਟਾਲਾਂ ਲਾਈਆਂ ਗਈਆਂ, ਬੱਚਿਆਂ ਲਈ ਝੂਲੇ ਤੇ ਮਾਂ ਵੈਸ਼ਨੋ ਦੇਵੀ ਸੇਵਾ ਦਲ ਵੱਲੋਂ ਪਾਣੀ ਦੀ ਸੇਵਾ ਬਾਖ਼ੂਬੀ ਨਿਭਾਈ ਗਈ।ਪੰਕਜ ਜਿੰਦਲ ਨੇ ਦੱਸਿਆ ਕਿ ਰਾਤ 12 ਵਜੇ ਕੇਕ ਕੱਟਣ ਦੇ ਨਾਲ ਹੀ ਰੰਗ ਬਰੰਗੀ ਆਤਿਸ਼ਬਾਜ਼ੀ ਕਰਕੇ ਠਾਕੁਰ ਜੀ ਦਾ ਜਨਮ ਦਿਨ ਮਨਾਇਆ ਗਿਆ।ਇਸ ਪ੍ਰੋਗਰਾਮ ਦੀ ਸ਼ੋਭਾ ਵਧਾਉਣ ਲਈ ਚੇਅਰਮੈਨ ਮਾਣਕ ਸ਼ਾਹ, ਪ੍ਰਧਾਨ ਈਸ਼ਵਰ ਜਿੰਦਲ, ਸਰਪ੍ਰਸਤ ਐਡਵੋਕੇਟ ਸਤੀਸ਼ ਕੁਮਾਰ ਭੀਰੀ, ਸਕੱਤਰ ਨਰੇਸ਼ ਮਿੱਤਲ, ਖ਼ਜ਼ਾਨਚੀ ਅਸ਼ੋਕ ਗਰਗ, ਹਾਜ਼ਰ ਸਨ। ਇਸ ਦੇ ਨਾਲ ਹੀ ਰਾਜ ਕੁਮਾਰ ਬੱਬੂ, ਕੁਸ਼ਾਲ ਤਨੇਜਾ, ਸੁਨੀਲ ਫੈਟੀ, ਨਰੇਸ਼ ਸ਼ਿਵਾ, ਨਿੰਦੀ ਸ਼ਰਮਾ, ਰਮਨ ਸ਼ਰਮਾ, ਸੰਜੇ ਜਿੰਦਲ, ਵਿੱਕੀ ਗੋਇਲ, ਵਿਪਨ ਅਰੋੜਾ, ਆਸ਼ੀਸ਼ ਬਰਗਾੜੀ, ਸੁਦਰਸ਼ਨ ਗੋਇਲ ਕੁੱਕੂ ਸਮੇਤ ਹੋਰ ਮੈਂਬਰਾਂ ਨੇ ਬਿਹਤਰੀਨ ਢੰਗ ਨਾਲ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ।

## ਡੀ ਟੀ ਐੱਫ ਨੇ ਸੂਬਾ ਕਮੇਟੀ ਦੀ ਮੀਟਿੰਗ 'ਚ ਲਏ ਅਹਿਮ ਫੈਸਲੇ : ਦਿਗਵਿਜੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਸੂਬਾ ਕਮੇਟੀ ਦੀ ਇੱਕ ਅਹਿਮ ਮੀਟਿੰਗ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਅਧਿਆਪਕਾਂ ਦੇ ਮਸਲਿਆਂ ਉੱਤੇ ਵਿਚਾਰ ਵਟਾਂਦਰਾ ਕਰਕੇ ਅਹਿਮ ਫੈਸਲੇ ਲਏ ਗਏ। ਜਾਣਕਾਰੀ ਦਿੰਦਿਆਂ ਸੂਬਾ ਪ੍ਰਧਾਨ ਨੇ ਦੱਸਿਆ ਕਿ ਸਿੱਖਿਆ ਮੰਤਰੀ ਵੱਲੋਂ ਜਥੇਬੰਦੀ ਨਾਲ 9 ਅਗਸਤ ਨੂੰ ਕੀਤੀ ਗਈ ਮੀਟਿੰਗ ਵਿੱਚ ਵੱਖ-ਵੱਖ ਅਧਿਆਪਕ ਮਸਲਿਆਂ ਜਿਵੇਂ 2018 ਦੀਆਂ ਸਰਵਿਸ ਰੂਲਾਂ 'ਚ ਵਿੱਚ ਕੀਤੀਆਂ ਸੋਧਾਂ ਵਾਪਸ ਲੈਣ, ਹਰ ਤਰ੍ਹਾਂ ਦੀਆਂ ਵਿਭਾਗੀ ਤਰੱਕੀਆਂ ਕਰਨ, ਕੱਚੇ ਤੇ ਕੰਪਿਊਟਰ ਅਧਿਆਪਕਾਂ ਨੂੰ ਸਾਰੇ ਲਾਭਾਂ ਸਮੇਤ ਸਿੱਖਿਆ ਵਿਭਾਗ 'ਚ ਰੈਗੂਲਰ ਕਰਨ, 16 ਫਰਵਰੀ ਦੀ ਹੜਤਾਲ ਦੀ ਤਨਖਾਹ ਕਟੌਤੀ ਦਾ ਪੱਤਰ ਵਾਪਸ ਲੈਣ ਆਦਿ 'ਤੇ ਸਹਿਮਤੀ ਬਣੀ ਸੀ, ਪ੍ਰੰਤੂ ਉਨ੍ਹਾਂ ਨੂੰ ਅਜੇ ਤੱਕ ਸਰਕਾਰ ਵੱਲੋਂ ਕੋਈ ਅਮਲੀ ਰੂਪ ਨਹੀਂ ਦਿੱਤਾ ਗਿਆ। ਇਸ ਕਾਰਨ ਅਧਿਆਪਕਾਂ ਵਿੱਚ ਸਖ਼ਤ ਰੋਹ ਹੈ ਜਿਸ ਦਾ ਪ੍ਰਗਟਾਵਾ ਕਰਨ ਲਈ, ਅਧਿਆਪਕਾਂ ਦੀਆਂ ਪੈਂਡਿੰਗ ਸਾਰੀਆਂ ਆਰਥਿਕ ਮੰਗਾਂ ਨੂੰ ਪੂਰਿਆਂ ਕਰਵਾਉਣ ਲਈ ਤੇ ਜਨਤਕ ਸਿੱਖਿਆ ਨੂੰ ਨਿੱਜੀਕਰਨ, ਕੇਂਦਰੀਕਰਨ, ਭਗਵਾਂਕਰਨ ਦੀ ਮਾਰ ਤੋਂ ਬਚਾਉਣ ਹਿੱਤ ਨਵੀਂ ਸਿੱਖਿਆ ਨੀਤੀ-2020 ਨੂੰ ਰੱਦ ਕਰਵਾਉਣ ਲਈ ਅਧਿਆਪਕਾਂ ਦੀ ਵੱਡੇ ਪੱਧਰ 'ਤੇ ਲਾਮਬੰਦੀ ਕਰਕੇ 5 ਸਤੰਬਰ ਨੂੰ ਅਧਿਆਪਕ ਦਿਵਸ ਦੇ ਮੌਕੇ ਜ਼ਿਲ੍ਹਾ ਪੱਧਰ 'ਤੇ ਰੋਸ ਮੁਜ਼ਾਹਰੇ ਕੀਤੇ ਜਾਣਗੇ। ਇਸ ਦੇ ਨਾਲ ਹੀ ਇਹ ਫੈਸਲਾ ਵੀ ਲਿਆ ਗਿਆ ਕਿ ਪੂਰੇ ਪੰਜਾਬ ਵਿੱਚ ਅਧਿਆਪਕਾਂ ਦੀ ਵਿਸ਼ਾਲ ਲਾਮਬੰਦੀ ਕਰਦਿਆਂ 2 ਅਕਤੂਬਰ ਨੂੰ ਸੰਗਰੂਰ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਫਰੰਟ ਵੱਲੋਂ 3 ਸਤੰਬਰ ਨੂੰ ਚੰਡੀਗੜ੍ਹ ਵਿਖੇ ਪੰਜਾਬ ਵਿਧਾਨ ਸਭਾ ਵੱਲ ਕੀਤੇ ਜਾਣ ਵਾਲੇ ਮਾਰਚ ਵਿੱਚ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ। ਜਥੇਬੰਦੀ ਦਾ ਸਾਲਾਨਾ ਅਜਲਾਸ 3 ਨਵੰਬਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਕੀਤਾ ਜਾਵੇਗਾ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਖੋਰਾ ਕਲਾਂ ਵਿਖੇ ਪਿਛਲੇ ਦਿਨੀਂ ਇੰਚਾਰਜ ਅਧਿਆਪਕ ਵੱਲੋਂ ਕੀਤੀ ਗਈ ਖੁਦਕੁਸ਼ੀ ਤੇ ਇਸ ਕੇਸ ਵਿੱਚ ਪੰਜ ਅਧਿਆਪਕਾਂ ਨੂੰ ਨਾਮਜ਼ਦ ਕਰਨ ਦੇ ਮਸਲੇ 'ਤੇ ਵਿਚਾਰ ਕੀਤੀ ਗਈ। ਵੱਖ-ਵੱਖ ਜ਼ਿਲ੍ਹਿਆਂ ਦੇ ਅਧਿਆਪਕਾਂ ਵੱਲੋਂ ਜਥੇਬੰਦੀ ਕੋਲ ਦਰਜ ਕਰਵਾਏ ਗਏ ਮਸਲਿਆਂ ਤੇ ਲੰਬੇ ਸਮੇਂ ਤੋਂ ਪੈਂਡਿੰਗ ਅਧਿਆਪਕਾਂ ਦੇ ਹੋਰ ਵਿਭਾਗੀ ਮਸਲਿਆਂ ਨੂੰ ਹੱਲ ਕਰਵਾਉਣ ਲਈ ਛੇਤੀ ਹੀ ਵੱਡਾ ਸੂਬਾ ਪੱਧਰੀ ਵਫ਼ਦ ਸਿੱਖਿਆ ਅਧਿਕਾਰੀਆਂ ਨੂੰ ਮਿਲੇਗਾ। ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਤੋਂ ਇਲਾਵਾ ਸੂਬਾ ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ, ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ, ਸੂਬਾ ਕਮੇਟੀ ਮੈਂਬਰਾਨ ਦਲਜੀਤ ਸਮਰਾਲਾ, ਚਰਨਜੀਤ ਸਿੰਘ, ਰੇਸ਼ਮ ਸਿੰਘ ਖੇਮੂਆਣਾ, ਸੁਖਵਿੰਦਰਪਰੀਤ ਸਿੰਘ, ਅਵਤਾਰ ਲਾਲ, ਗਗਨ ਪਾਹਵਾ, ਬਲਜੀਤ ਅਕਲੀਆ, ਦਾਤਾ ਸਿੰਘ ਨਮੋਲ, ਹਰਜੀਤ ਸਿੰਘ ਸੁਧਾਰ, ਬਲਰਾਮ ਸ਼ਰਮਾ, ਸੁਖਪਾਲਜੀਤ ਸਿੰਘ ਮੋਗਾ, ਸਵਰਨ ਦਾਸ ਧਰਮਕੋਟ ਆਦਿ ਸ਼ਾਮਲ ਹੋਏ।

## ਅਸਮਾਨੀ ਬਿਜਲੀ ਡਿੱਗਣ ਨਾਲ ਬਿਜਲੀ ਉਪਕਰਨ ਸੜੇ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸਰਹੰਦ ਪਟਿਆਲਾ ਮਾਰਗ ਤੇ ਸਥਿਤ ਪਿੰਡ ਲਟੌਰ ਵਿਖੇ ਬੀਤੀ ਰਾਤ ਅਸਮਾਨੀ ਬਿਜਲੀ ਡਿੱਗਣ ਕਾਰਨ ਕਈ ਪਿੰਡ ਵਾਸੀਆਂ ਦੇ ਬਿਜਲੀ ਉਪਕਰਨ ਸੜ ਜਾਣ ਦਾ ਸਮਾਚਾਰ ਹੈ। ਪਿੰਡ ਲੁਟੌਰ ਦੇ ਵਸਨੀਕਾਂ ਨੇ ਦੱਸਿਆ ਕਿ ਬੀਤੀ ਰਾਤ ਕਰੀਬ ਸਾਢੇ 9 ਵਜੇ ਆਈ ਤੇਜ਼ ਬਾਰਿਸ਼ ਦੌਰਾਨ ਅਸਮਾਨੀ ਬਿਜਲੀ ਵੀ ਡਿੱਗੀ, ਜਿਸ ਕਾਰਨ ਪਿੰਡ ਦੇ ਕਈ ਲੋਕਾਂ ਦੇ ਫਰਿਜ, ਐਲਈਡੀ ਟੀਵੀ, ਮੋਟਰਾਂ, ਸਟਾਰਟਰ, ਇਨਵਰਟਰ, ਪੱਖੇ ਤੇ ਕੂਲਰ ਆਦਿ ਸਮਾਨ ਸੜ ਗਿਆ।ਉਨ੍ਹਾਂ ਦੱਸਿਆ ਕਿ ਇਸ ਕਾਰਨ ਪਿੰਡ ਦੀ ਬਿਜਲੀ ਸਪਲਾਈ ਬੰਦ ਹੋ ਗਈ ਜੋ ਕਿ ਪੂਰੀ ਰਾਤ ਠੱਪ ਰਹੀ।ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਦੀ ਇਕ 17 ਸਾਲਾ ਲੜਕੀ ਉਦੋਂ ਵਾਲ਼-ਵਾਲ਼ ਬਚ ਗਈ, ਜਦੋਂ ਉਸ ਦੇ ਬਿਲਕੁਲ ਨੇੜੇ ਹੀ ਅਸਮਾਨੀ ਬਿਜਲੀ ਡਿੱਗੀ।ਉਨ੍ਹਾਂ ਦੱਸਿਆ ਕਿ ਅਸਮਾਨੀ ਬਿਜਲੀ ਕਾਰਨ ਕਿਸੇ ਕਿਸਮ ਦਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ।

### ਸਨਮੁੱਖ ਸ੍ਰੀ ਓਮ ਪ੍ਰਕਾਸ਼ ਸ਼ਰਮਾ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ ਵਜੋਂ ਜਾਣੇ ਜਾਂਦੇ) ਕਾਰਪੋਰੇਟ ਕੰਪਨੀਜ਼ ਐਕਟ ਤਹਿਤ ਇੱਕ ਅਦਾਰਾ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ, ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫਤਰ ਜਲਭੇਰੀ ਧੂਮੀ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਗੁਰਚਰਨ ਸਿੰਘ ਪੁੱਤਰ ਕੁੰਦਨ ਸਿੰਘ ਵਾਸੀ ਪਿੰਡ ਕਾਲੇਕੇ, ਤਹਿਸੀਲ ਬਾਬਾ ਬਕਾਲਾ ਅਤੇ ਜ਼ਿਲ੍ਹਾ ਅੰਮ੍ਰਿਤਸਰ।
2. ਪੁਨੀਤ ਕੌਰ ਪਤਨੀ ਗੁਰਚਰਨ ਸਿੰਘ ਵਾਸੀ ਪਿੰਡ ਕਾਲੇਕੇ, ਤਹਿਸੀਲ ਬਾਬਾ ਬਕਾਲਾ ਅਤੇ ਜ਼ਿਲ੍ਹਾ ਅੰਮ੍ਰਿਤਸਰ।
3. ਅਮਰਜੀਤ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਕਾਲੇਕੇ, ਤਹਿਸੀਲ ਬਾਬਾ ਬਕਾਲਾ ਅਤੇ ਜ਼ਿਲ੍ਹਾ ਅੰਮ੍ਰਿਤਸਰ।

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਭੇਜੇ ਗਏ ਨੋਟਿਸ, ਫਿਰ ਵਾਪਸ ਪ੍ਰਾਪਤ ਨਹੀਂ ਹੋਏ ਸਨ, ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੇ ਬਕਾਇਦਾ ਨੋਟਿਸ ਪ੍ਰਾਪਤ ਕਰ ਲਏ ਹਨ, ਪਰ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 11 ਅਕਤੂਬਰ 2024 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 311-312, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 14.05.2024 ਓਮ ਪ੍ਰਕਾਸ਼ ਸ਼ਰਮਾ
ਜਲੰਧਰ ਸਾਲਸ

### ਸਨਮੁੱਖ ਸ੍ਰੀ ਓਮ ਪ੍ਰਕਾਸ਼ ਸ਼ਰਮਾ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ ਵਜੋਂ ਜਾਣੇ ਜਾਂਦੇ) ਕਾਰਪੋਰੇਟ ਕੰਪਨੀਜ਼ ਐਕਟ ਤਹਿਤ ਇੱਕ ਅਦਾਰਾ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ, ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫਤਰ ਕੋਟਕਪੂਰਾ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਸ੍ਰੀ ਮਨੀਸ਼ ਸ਼ਰਮਾ ਪੁੱਤਰ ਸ੍ਰੀ ਸਤਪਾਲ ਰਾਹੀਂ।

ਬਿਨੈਕਾਰ

ਬਨਾਮ

1. ਮੈਸਰਜ਼ ਗੋਇਲ ਇੰਡਸਟਰੀਜ਼ ਰਾਹੀਂ ਇਸ ਦੇ ਮਾਲਕ ਦੀਪਕ ਗੋਇਲ ਪੁੱਤਰ ਸ੍ਰੀ ਹੀਰਾ ਲਾਲ ਉਰਫ ਹੀਰਾ ਲਾਲ ਗੋਇਲ, ਜਲਾਲੇਆਣਾ ਰੋਡ, ਨੇੜੇ ਰੇਲਵੇ ਟਰੈਕ, ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ-151204, ਮੋਬਾਇਲ ਨੰ. 9056511046
2. ਦੀਪਕ ਗੋਇਲ ਪੁੱਤਰ ਸ੍ਰੀ ਹੀਰਾ ਲਾਲ ਉਰਫ ਹੀਰਾ ਲਾਲ ਗੋਇਲ ਵਾਸੀ ਮਕਾਨ ਨੰ. 702, ਗਲੀ ਨੰ. 7-ਈ, ਪ੍ਰਤਾਪ ਨਗਰ, ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ-151204, ਮੋਬਾਇਲ ਨੰ. 9056511046
3. ਹੀਰਾ ਲਾਲ ਉਰਫ ਹੀਰਾ ਲਾਲ ਗੋਇਲ ਪੁੱਤਰ ਗੰਗਾ ਰਾਮ ਵਾਸੀ ਮਕਾਨ ਨੰ. 702, ਗਲੀ ਨੰ. 7-ਈ, ਪ੍ਰਤਾਪ ਨਗਰ, ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ-151204, ਮੋਬਾਇਲ ਨੰ. 9781971983
4. ਰਾਜਵੰਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਨੇੜੇ ਮਾਤਾ ਦਾ ਮੰਦਰ, ਸਰਾਵਾਂ, ਫਰੀਦਕੋਟ, ਪੰਜਾਬ-151204, ਮੋਬਾਇਲ ਨੰ. 9914070686

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਭੇਜੇ ਗਏ ਨੋਟਿਸ, ਫਿਰ ਵਾਪਸ ਪ੍ਰਾਪਤ ਨਹੀਂ ਹੋਏ ਸਨ, ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੇ ਬਕਾਇਦਾ ਨੋਟਿਸ ਪ੍ਰਾਪਤ ਕਰ ਲਏ ਹਨ, ਪਰ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 19 ਅਕਤੂਬਰ 2024 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 311-312, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 06.07.2024 ਓਮ ਪ੍ਰਕਾਸ਼ ਸ਼ਰਮਾ
ਜਲੰਧਰ ਸਾਲਸ

## ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਵਿਖੇ ਟ੍ਰੈਫਿਕ ਨਿਯਮਾਂ ਬਾਰੇ ਜਾਣੂ ਕਰਵਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਸੋਢੇਵਾਲਾ ਫ਼ਿਰੋਜ਼ਪੁਰ ਵਿਖੇ ਐੱਸ ਐੱਸ ਪੀ ਫ਼ਿਰੋਜ਼ਪੁਰ ਸੋਮਿਆ ਮਿਸ਼ਰਾ ਦੇ ਨਿਰਦੇਸ਼ਾਂ ਅਨੁਸਾਰ ਟ੍ਰੈਫਿਕ ਐਜੂਕੇਸ਼ਨਲ ਸੈੱਲ ਜ਼ਿਲ੍ਹਾ ਫ਼ਿਰੋਜ਼ਪੁਰ ਵੱਲੋਂ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦੇਣ ਲਈ ਇੱਕ ਸੈਮੀਨਾਰ ਕਰਵਾਇਆ ਗਿਆ।ਉਨ੍ਹਾ 18 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਨੂੰ ਵਹੀਕਲ ਨਾ ਚਲਾਉਣ ਦੀ ਹਦਾਇਤ ਦਿੱਤੀ ਤੇ ਜਿਹੜੇ ਵਿਦਿਆਰਥੀ 18 ਸਾਲ ਦੇ ਹੋ ਚੁੱਕੇ ਹਨ, ਉਨ੍ਹਾਂ ਨੂੰ ਡਰਾਇਵਰੀ ਲਾਇਸਿੰਸ ਬਣਾਉਣ ਦੀ ਜਾਣਕਾਰੀ ਦਿੱਤੀ।ਧਰਮਪਾਲ ਬਾਂਸਲ (ਡਾਇਰੈਕਟਰ ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਤੇ ਹਾਰਮਨੀ ਆਯੁਰਵੈਦਿਕ ਮੈਡੀਕਲ ਹਸਪਤਾਲ ਫਿਰੋਜ਼ਪੁਰ) ਵੱਲੋਂ ਵਿਦਿਆਰਥੀਆਂ ਨੂੰ ਬਿਨਾਂ ਲਾਇਸੰਸ ਡਰਾਇਵਰੀ ਨਾ ਕਰਨ ਦੀ ਅਪੀਲ ਕੀਤੀ ਗਈ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ ਤਾਂ ਜੋ ਅਸੀਂ ਆਪਣੀ ਤੇ ਦੂਜਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕੀਏ।ਜੇਕਰ ਅਸੀਂ ਸਹੀ ਢੰਗ ਨਾਲ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਹਾਂ ਤਾਂ ਦਿਨੋਂ ਦਿਨ ਵਧ ਰਹੀਆਂ ਸੜਕ ਦੁਰਘਟਨਾਵਾਂ ਨੂੰ ਘੱਟ ਕੀਤਾ ਜਾ ਸਕਦਾ ਹੈ।ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੁਆਰਾ ਬਣਾਏ ਨਿਯਮਾਂ ਦੀ ਪਾਲਣਾ ਕਰਨਾ ਹਰ ਨਾਗਰਿਕ ਦਾ ਫਰਜ਼ ਹੈ।ਇਸ ਮੌਕੇ ਸਮੂਹ ਸਟਾਫ ਮੌਜੂਦ ਰਿਹਾ।

## ਅਕੇਡੀਆ ਵਰਲਡ ਸਕੂਲ 'ਚ ਧੂਮਧਾਮ ਨਾਲ ਮਨਾਈ ਕ੍ਰਿਸ਼ਨ ਜਨਮ ਅਸ਼ਟਮੀ




**ਸੁਨਾਮ, (ਅਸ਼ੋਕ ਬਾਂਸਲ, ਹਾਕਮ ਭੱਟੀ)** ਅਕੇਡੀਆ ਵਰਲਡ ਵਿਖੇ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।ਇਸ ਦੌਰਾਨ ਕਿੰਡਰ ਗਾਰਟਨ ਦੇ ਬੱਚਿਆਂ ਵੱਲੋਂ ਸ਼੍ਰੀ ਕ੍ਰਿਸ਼ਨ ਜੀ ਦੇ ਜਨਮ ਦਿਨ ਦੀ ਖੁਸ਼ੀ ਨੂੰ ਪ੍ਰਗਟ ਕਰਦਿਆਂ ਹੋਇਆਂ ਉਨ੍ਹਾਂ ਦੇ ਜੀਵਨ ਤੇ ਸੰਬੰਧਤ ਗੀਤਾਂ 'ਤੇ ਡਾਂਸ ਕੀਤਾ ਗਿਆ।ਕਿੰਡਰ ਗਾਰਟਨ ਦੇ ਨਿੱਕੇ-ਨਿੱਕੇ ਬੱਚੇ ਬਾਲ ਕ੍ਰਿਸ਼ਨ ਤੇ ਰਾਧਾ-ਰਾਣੀ ਤੇ ਗੋਪੀਆਂ ਦੇ ਰੂਪ ਵਿੱਚ ਬਹੁਤ ਸੋਹਣੇ ਲੱਗ ਰਹੇ ਸਨ।ਉਨ੍ਹਾਂ ਨੇ ਬਾਲ ਕ੍ਰਿਸ਼ਨ ਜੀ ਦੀਆਂ ਲੀਲਾਵਾਂ ਨੂੰ ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕੀਤਾ।ਨਿੱਕੇ ਬੱਚਿਆਂ ਦੀਆਂ ਪੇਸ਼ਕਾਰੀਆਂ ਨੇ ਸਭ ਦਾ ਮਨ ਮੋਹ ਲਿਆ।ਜਮਾਤ ਪਹਿਲੀ ਐਸਟਰ ਅਤੇ ਲਾਇਲੈਕ ਦੇ ਬੱਚਿਆਂ ਨੇ ਸ਼੍ਰੀ ਕ੍ਰਿਸ਼ਨ ਜੀ ਦੇ ਜੀਵਨ ਤੇ ਰੋਲ ਪਲੇਅ ਕੀਤਾ।ਉਨ੍ਹਾਂ ਸ਼੍ਰੀ ਕ੍ਰਿਸ਼ਨ ਜੀ ਦੇ ਜਨਮ ਤੋਂ ਲੈ ਕੇ ਉਨ੍ਹਾਂ ਦੀਆਂ ਸਾਰੀਆਂ ਲੀਲਾਵਾਂ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਪੇਸ਼ ਕੀਤਾ।ਏਕਮ (ਲਾਇਲੈਕ) ਨੇ ਵਾਸੂਦੇਵ, ਮਹਿਨੂਰ ਭਾਰਦਵਾਜ (ਐਸਟਰ) ਨੇ ਦੇਵਕੀ, ਕੰਸ ਕੀਆਂਸ਼ (ਐਸਟਰ) ਅਤੇ ਨੰਦ ਦਾ ਰੋਲ ਗੁਰਫਤਹਿ (ਐਸਟਰ) ਨੇ ਅਦਾ ਕੀਤਾ।ਐਂਬਰ (ਲਾਇਲੈਕ) ਨੇ ਸ਼੍ਰੀ ਕ੍ਰਿਸ਼ਨ ਜੀ ਦਾ ਰੋਲ ਅਦਾ ਕਰਦੇ ਹੋਏ ਮੱਖਣ ਦੀ ਮਟਕੀ ਫੋੜੀ।ਨਿਊਵੀ (ਐਸਟਰ) ਨੇ ਮਾਤਾ ਯਸ਼ੋਦਾ ਦੇ ਰੋਲ ਵਿੱਚ ਬਾਲ ਕ੍ਰਿਸ਼ਨ ਜੀ ਨੂੰ ਮੱਖਣ ਚੋਰੀ ਕਰਦਿਆਂ ਫੜਿਆ।ਇਸ ਪਲੇਅ ਦੀ ਐਂਕਰਿੰਗ ਲਵਗੁਣ ਤੇ ਅਗਮਵੀਰ ਸਿੰਘ (ਐਸਟਰ) ਵੱਲੋਂ ਕੀਤੀ ਗਈ।ਸੀਰਤਪ੍ਰੀਤ ਕੌਰ (ਸੱਤਵੀਂ) ਵੱਲੋਂ ਨਰੇਟਰ ਦੀ ਭੂਮਿਕਾ ਨਿਭਾਈ ਗਈ।ਗੁਰਸੀਰਤ ਕੌਰ (ਐਸਟਰ) ਤੇ ਉਦੈਵੀਰ ਸਿੰਘ (ਲਾਇਲੈਕ) ਵੱਲੋਂ ਅੰਗਰੇਜ਼ੀ ਦੀ ਸਪੀਚ ਅਤੇ ਅਗਮਜੋਤ ਕੌਰ (ਲਾਇਲੈਕ) ਵੱਲੋਂ ਹਿੰਦੀ ਵਿੱਚ ਸਪੀਚ ਦਿੱਤੀ ਗਈ।ਚਿਰਾਂਸ਼ੀ (ਐਸਟਰ) ਵੱਲੋਂ ਹਿੰਦੀ ਵਿੱਚ ਕਵਿਤਾ ਗਾਇਨ ਕੀਤੀ ਗਈ।ਇਸ ਰੋਲ ਪਲੇਅ ਦੀ ਤਿਆਰੀ ਮਿਸ ਗੀਤਾ, ਮਿਸ ਮੀਨੂ, ਮਿ. ਅਮਨਦੀਪ (ਡਾਂਸ ਟੀਚਰ) ਤੇ ਮਿ. ਕੌਸ਼ਲ (ਮਿਊਜ਼ਿਕ ਟੀਚਰ) ਵੱਲੋਂ ਕਰਾਈ ਗਈ।ਇਹ ਸਾਰਾ ਕਾਰਜ ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਦੀ ਨਿਗਰਾਨੀ ਹੇਠ ਕਰਾਇਆ ਗਿਆ।ਉਨ੍ਹਾਂ ਨੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਜਨਮ ਦਿਨ ਤੇ ਸਾਰਿਆਂ ਨੂੰ ਬਹੁਤ-ਬਹੁਤ ਵਧਾਈ ਦਿੱਤੀ।ਉਨ੍ਹਾਂ ਨੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਬੱਚਿਆਂ ਦੇ ਕਿਰਦਾਰਾਂ ਦੀ ਪ੍ਰਸ਼ੰਸਾ ਕੀਤੀ।ਸਕੂਲ ਦੇ ਚੇਅਰਮੈਨ ਗਗਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਸਾਨੂੰ ਹਮੇਸ਼ਾਂ ਮਿਹਨਤ ਅਤੇ ਲਗਨ ਨਾਲ ਆਪਣਾ ਕਰਮ ਕਰਨਾ ਚਾਹੀਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਵਿਦਿਆਰਥੀ ਹੋਣ ਦੇ ਨਾਤੇ ਉਹਨਾਂ ਦਾ ਮੁੱਖ ਕੰਮ ਪੜ੍ਹਾਈ ਕਰਨਾ ਹੈ, ਜੇਕਰ ਉਹ ਪੂਰੀ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨਗੇ ਤਾਂ ਇਸ ਦਾ ਫਲ ਉਨ੍ਹਾਂ ਨੂੰ ਆਪਣੇ ਨਤੀਜੇ ਦੇ ਰੂਪ ਵਿੱਚ ਪ੍ਰਾਪਤ ਹੋਵੇਗਾ।

# ਹੁਸ਼ਿਆਰਪੁਰ 'ਚ ਜ਼ਿਲ੍ਹਾ ਪੁਲਸ ਤੇ ਪ੍ਰਸ਼ਾਸਨ ਵੱਲੋਂ ਨਸ਼ਿਆਂ ਖਿਲਾਫ ਵਿਸ਼ਾਲ ਮੈਰਾਥਨ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ)**-ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਅਤੇ ਨੌਜਵਾਨ ਪੀੜ੍ਹੀ ਨੂੰ ਸਿਹਤਮੰਦ ਸੇਧ ਦੇਣ ਦੇ ਮੰਤਵ ਨਾਲ ਮੰਗਲਵਾਰ ਜ਼ਿਲ੍ਹਾ ਪੁਲਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵੱਲੋਂ ਵਿਸ਼ੇਸ਼ 5 ਕਿਲੋਮੀਟਰ ਮੈਰਾਥਨ ਕਰਵਾਈ ਗਈ। ਇਸ ਦੌਰਾਨ ਪੁਰਸ਼ਾਂ ਅਤੇ ਔਰਤਾਂ ਲਈ ਵੱਖ-ਵੱਖ ਮੈਰਾਥਨ ਦਾ ਆਯੋਜਨ ਕੀਤਾ ਗਿਆ। ਇਹ ਦੌੜ ਪੁਲਸ ਲਾਈਨ ਗਰਾਊਂਡ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਪ੍ਰਮੁੱਖ ਸਥਾਨਾਂ ਤੋਂ ਹੁੰਦੀ ਹੋਈ ਵਾਪਸ ਪੁਲਸ ਲਾਈਨ ਗਰਾਊਂਡ ਵਿਖੇ ਸਮਾਪਤ ਹੋਈ। ਇਸ ਮੈਰਾਥਨ ਵਿਚ ਲਗਭਗ 3 ਹਜ਼ਾਰ ਪ੍ਰਤੀਯੋਗੀਆਂ ਨੇ ਭਾਗ ਲਿਆ। ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਮੈਰਾਥਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਸ਼ਾਮਚੁਰਾਸੀ ਡਾ. ਰਵਜੋਤ ਸਿੰਘ, ਵਿਧਾਇਕ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਦਸੂਹਾ ਕਰਮਬੀਰ ਸਿੰਘ ਘੁੰਮਣ, ਡੀ.ਆਈ.ਜੀ ਜਲੰਧਰ ਰੇਂਜ ਨਵੀਨ ਸਿੰਗਲਾ, ਜ਼ਿਲ੍ਹਾ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਮੇਅਰ ਸੁਰਿੰਦਰ ਕੁਮਾਰ, ਐਸ.ਐਸ.ਪੀ. ਸੁਰੇਂਦਰ ਲਾਂਬਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਦੌਰਾਨ ਜੇਤੂਆਂ ਨੂੰ ਸਰਟੀਫਿਕੇਟ ਅਤੇ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਏ.ਆਈ.ਜੀ ਨਰੇਸ਼ ਡੋਗਰਾ, ਐਸ.ਪੀ ਮਨੋਜ ਠਾਕੁਰ, ਐਸ.ਪੀ ਸਰਬਜੀਤ ਸਿੰਘ ਬਾਹੀਆ, ਸੋਨਾਲੀਕਾ ਤੋਂ ਅਕਸ਼ੈ ਸਾਂਗਵਾਨ, ਵਰਧਮਾਨ ਗਰੁੱਪ ਤੋਂ ਜਤਿੰਦਰਪਾਲ ਸਿੰਘ, ਸਮਾਜ ਸੇਵੀ ਪਰਮਜੀਤ ਸਿੰਘ ਸਚਦੇਵਾ, ਪੰਜਾਬ ਗਊ ਸੇਵਾ ਕਮਿਸ਼ਨ ਦੇ ਮੈਂਬਰ ਜਸਪਾਲ ਸਿੰਘ ਚੇਚੀ, ਐਸ.ਡੀ.ਐਮ ਸੰਜੀਵ ਸ਼ਰਮਾ, ਡੀ.ਐਸ.ਪੀ. ਵਿਜੀਲੈਂਸ ਮਨੀਸ਼ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਸਿਵਲ ਸਰਜਨ ਡਾ. ਪਵਨ ਕੁਮਾਰ, ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪ੍ਰੀਤ ਕੋਹਲੀ ਸਮੇਤ ਹੋਰ ਸਿਵਲ ਅਤੇ ਪੁਲਸ ਵਿਭਾਗ ਦੇ ਅਧਿਕਾਰੀ ਵੱਡੀ ਗਿਣਤੀ ਵਿਚ ਹਾਜ਼ਰ ਸਨ। ਐਸ.ਐਸ.ਪੀ ਸੁਰੇਂਦਰ ਲਾਂਬਾ ਨੇ ਦੱਸਿਆ ਕਿ ਮੈਰਾਥਨ ਵਿਚ ਦਸੂਹਾ ਦਾ ਹਰਜੋਧਵੀਰ ਸਿੰਘ, ਫਿਰੋਜ਼ਪੁਰ ਦਾ ਲਵਪ੍ਰੀਤ ਸਿੰਘ ਅਤੇ ਸੰਗਰੂਰ ਦਾ ਪ੍ਰਭਜੋਤ ਸਿੰਘ ਪਹਿਲੇ ਸਥਾਨ 'ਤੇ ਰਿਹਾ। ਇਨ੍ਹਾਂ ਤਿੰਨਾਂ ਖਿਡਾਰੀਆਂ ਨੂੰ 51-51 ਸੌ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਫਾਜ਼ਿਲਕਾ ਦਾ ਰਿੰਕੂ ਤੇ ਸੁਖਵਿੰਦਰ ਸਿੰਘ, ਟਾਂਡਾ ਦਾ ਲਕਸ਼ਦੀਪ ਸਿੰਘ, ਜਲੰਧਰ ਦਾ ਸ਼ਮਸ਼ੇਰ ਸਿੰਘ ਅਤੇ ਤਰਨ ਤਾਰਨ ਦਾ ਅੰਮ੍ਰਿਤਪਾਲ ਸਿੰਘ ਦੂਜੇ ਸਥਾਨ 'ਤੇ ਰਹੇ। ਇਨ੍ਹਾਂ ਪੰਜਾਂ ਖਿਡਾਰੀਆਂ ਨੂੰ 31-31 ਸੌ ਰੁਪਏ ਨਕਦ ਇਨਾਮ ਵਜੋਂ ਦਿੱਤੇ ਗਏ। ਹੁਸ਼ਿਆਰਪੁਰ ਦਾ ਅਰੁਣ, ਫਾਜ਼ਿਲਕਾ ਦਾ ਕੁਲਦੀਪ, ਅੰਮ੍ਰਿਤਸਰ ਦਾ ਗਗਨਦੀਪ ਸਿੰਘ, ਬਟਾਲਾ ਦਾ ਸ਼ੁਭਮ, ਐਸ.ਬੀ.ਐਸ.ਨਗਰ ਦਾ ਨੀਰਜ, ਟਾਂਡਾ ਦਾ ਜਤਿੰਦਰ ਸਿੰਘ, ਹੁਸ਼ਿਆਰਪੁਰ ਦਾ ਮੋਹਿਤ, ਹਰਸ਼ਦੀਪ ਸਿੰਘ, ਪਠਾਨਕੋਟ ਦਾ ਵੰਸ਼ ਅਤੇ ਬਟਾਲਾ ਦਾ ਭਰਤ ਤੀਜੇ ਸਥਾਨ 'ਤੇ ਰਹੇ। ਇਨ੍ਹਾਂ ਦਸ ਖਿਡਾਰੀਆਂ ਨੂੰ 11-11 ਸੌ ਰੁਪਏ ਨਕਦ ਇਨਾਮ ਵਜੋਂ ਦਿੱਤੇ ਗਏ। ਇਸੇ ਤਰ੍ਹਾਂ ਲੜਕੀਆਂ ਵਿਚੋਂ ਦਸੂਹਾ ਦੀ ਮਨਦੀਪ ਕੌਰ ਪਹਿਲੇ ਸਥਾਨ 'ਤੇ ਰਹੀ। ਉਸ ਨੂੰ 5100 ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਦਸੂਹਾ ਦੀ ਹੀ ਅਮਨਦੀਪ ਕੌਰ ਅਤੇ ਪੂਜਾ ਦੂਸਰੇ ਸਥਾਨ 'ਤੇ ਰਹੀਆਂ। ਇਨ੍ਹਾਂ ਨੂੰ 31-31 ਸੌ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਐਸ.ਬੀ.ਐਸ.ਨਗਰ ਦੀ ਇੰਦਰਜੋਤ ਕੌਰ, ਦਸੂਹਾ ਦੀ ਜਸਪ੍ਰੀਤ ਕੌਰ, ਜੀਆ, ਅਨੰਨਿਆ ਅਤੇ ਫਾਜ਼ਿਲਕਾ ਦੀ ਸੁਖਵਿੰਦਰ ਕੌਰ ਤੀਜੇ ਸਥਾਨ 'ਤੇ ਰਹੀਆਂ। ਇਨ੍ਹਾਂ ਪੰਜ ਦੌੜਾਕਾਂ ਨੂੰ 11-11 ਸੌ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ।

## 34.60 ਕਰੋੜ ਰੁਪਏ ਨਾਲ ਕੀਤਾ ਜਾ ਰਿਹੈ ਕਾਲਾ ਸੰਘਿਆਂ ਡਰੇਨ ਦਾ ਸੁੰਦਰੀਕਰਨ



**ਜਲੰਧਰ, ( ਸ਼ੈਲੀ ਐਲਬਰਟ)**-ਸ਼ਹਿਰ ਵਿੱਚੋਂ ਲੰਘਦੀ ਕਾਲਾ ਸੰਘਿਆਂ ਡਰੇਨ ਦੇ ਸੁੰਦਰੀਕਰਨ ਦੇ 34.60 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ, ਜਿਸ ਦੇ ਮੁਕੰਮਲ ਹੋਣ ਨਾਲ ਇਸ ਖੇਤਰ ਵਿੱਚ ਹਵਾ ਤੇ ਪਾਣੀ ਦੇ ਪ੍ਰਦੂਸ਼ਣ ਤੋਂ ਨਿਜਾਤ ਮਿਲਣ ਸਦਕਾ ਡਰੇਨ ਦੇ ਕੰਢੇ ਵੱਸਦੀ ਆਬਾਦੀ ਨੂੰ ਵੱਡੀ ਰਾਹਤ ਮਿਲੇਗੀ।ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਜਲੰਧਰ ਸਮਾਰਟ ਸਿਟੀ ਤਹਿਤ ਇਹ ਪ੍ਰਾਜੈਕਟ ਮਾਨਸਾ ਡਰੇਨੇਜ-ਕਮ-ਮਾਈਨਿੰਗ ਤੇ ਜੀਓਲੋਜੀ ਵਿਭਾਗ ਵੱਲੋਂ ਡਿਪੋਜ਼ਟ ਕਾਰਜ ਵਜੋਂ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਇਸ ਪ੍ਰਾਜੈਕਟ ਤਹਿਤ ਡਰੇਨ ਦੇ ਸ਼ਹਿਰ ਵਿੱਚੋਂ ਲੰਘਦੇ 13 ਕਿਲੋਮੀਟਰ ਹਿੱਸੇ ਦੀ ਅੰਦਰੂਨੀ ਸਫਾਈ ਅਤੇ ਇਸ ਦੇ ਦੋਵੇਂ ਪਾਸੇ ਕਿਨਾਰਿਆਂ 'ਤੇ 'ਸਟੋਨ ਪਿਚਿੰਗ' ਰਾਹੀਂ ਸਾਈਡਾਂ ਨੂੰ ਪੱਕਾ ਕੀਤਾ ਜਾ ਰਿਹਾ ਹੈ।ਡਾ. ਅਗਰਵਾਲ ਨੇ ਦੱਸਿਆ ਕਿ ਪ੍ਰਾਜੈਕਟ ਤਹਿਤ ਕਰੀਬ 80 ਫੀਸਦੀ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ ਅਤੇ ਪ੍ਰਾਜੈਕਟ ਦੇ ਪੂਰਾ ਹੋਣ ਉਪਰੰਤ ਕਾਲਾ ਸੰਘਿਆਂ ਡਰੇਨ ਵਿੱਚ ਬਿਸਤ ਦੁਆਬ ਨਹਿਰ ਵਿੱਚੋਂ ਸਾਫ਼ ਪਾਣੀ ਛੱਡਿਆ ਜਾਵੇਗਾ।ਉਨ੍ਹਾਂ ਅੱਗੇ ਦੱਸਿਆ ਕਿ ਡਰੇਨ ਦੇ ਨਾਲ-ਨਾਲ ਗ੍ਰੀਨ ਏਰੀਆ ਵੀ ਵਿਕਸਿਤ ਕੀਤਾ ਜਾਵੇਗਾ ਤਾਂ ਜੋ ਹਰਿਆਵਲ ਵਿੱਚ ਵਾਧਾ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਦੇ ਸਿਰੇ ਚੜ੍ਹਨ ਨਾਲ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ ਵਿੱਚ ਮਦਦ ਮਿਲੇਗੀ, ਜਿਸ ਸਦਕਾ ਵਾਤਾਵਰਣ ਦੀ ਸਿਹਤ ਵਿੱਚ ਸੁਧਾਰ ਹੋਵੇਗਾ ਅਤੇ ਡਰੇਨ ਦੇ ਆਸ-ਪਾਸ ਵਸਣ ਵਾਲੇ ਲੋਕਾਂ ਨੂੰ ਵੀ ਸਾਫ-ਸੁਥਰਾ ਚੌਗਿਰਦਾ ਮਿਲੇਗਾ।ਡਰੇਨੇਜ-ਕਮ-ਮਾਈਨਿੰਗ ਤੇ ਜੀਓਲੋਜੀ ਵਿਭਾਗ ਦੇ ਐਸ.ਡੀ.ਓ. ਸਤਿਗੁਰ ਸਿੰਘ ਨੇ ਦੱਸਿਆ ਕਿ ਕਾਲਾ ਸੰਘਿਆਂ ਡਰੇਨ ਦੇ ਸੁੰਦਰੀਕਰਨ ਪ੍ਰਾਜੈਕਟ ਨੂੰ ਚਾਰ ਹਿੱਸਿਆਂ ਵਿੱਚ ਵੰਡ ਕੇ ਨੇਪਰੇ ਚਾੜ੍ਹਿਆ ਜਾ ਰਿਹਾ ਹੈ, ਜੋ ਕਿ ਜਲਦ ਮੁਕੰਮਲ ਕਰ ਲਿਆ ਜਾਵੇਗਾ।

## ਮੁਲਾਜ਼ਮ ਆਗੂ ਰਾਣਾ ਰਵਿੰਦਰ ਸਿੰਘ ਭਾਜਪਾ 'ਚ ਸ਼ਾਮਲ



**ਬਲਾਚੌਰ (ਜਸਵਿੰਦਰ ਬੈਂਸ)**-ਭਾਰਤੀ ਜਨਤਾ ਪਾਰਟੀ ਨੂੰ ਅੱਜ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਡੀ ਸੀ ਐਮ ਤੋਂ ਰਿਟਾਇਰ ਹੋਏ ਰਾਣਾ ਰਵਿੰਦਰ ਸਿੰਘ ਨੇ ਰਾਜਵਿੰਦਰ ਸਿੰਘ ਲੱਕੀ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ । ਰਾਵਿੰਦਰ ਸਿੰਘ ਡੀ ਸੀ ਐਮ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਵੀ ਰਹੇ ਹਨ। ਆਪਣੇ ਨੌਕਰੀ ਦੇ ਸਮੇਂ ਦੌਰਾਨ ਡੀ ਸੀ ਐਮ ਦੇ ਕਰਮਚਾਰੀਆਂ ਦੀ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਹਮੇਸ਼ਾ ਤਨੋ ਮਨੋ ਧਨੋ ਸਮਰਪਣ ਭਾਵਨਾ ਨਾਲ ਕੰਮ ਕੀਤਾ। ਰਾਵਿੰਦਰ ਸਿੰਘ ਵਾਲੋਂ ਪਾਰਟੀ ਪ੍ਰਧਾਨ ਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਸਮੇਂ ਦੌਰਾਨ ਭਾਰਤੀ ਜਨਤਾ ਪਾਰਟੀ ਲਈ ਦਿਨ ਰਾਤ ਮਿਹਨਤ ਨਾਲ ਕੰਮ ਕਰਨਗੇ। ਇਸ ਮੌਕੇ ਐਡਵੋਕੇਟ ਅਮਨ ਕੌਸਲ, ਐਡਵੋਕੇਟ ਦਿਨੇਸ ਭਾਰਦਵਾਜ, ਨਰਿੰਦਰ ਨਾਥ ਸੂਦਨ ਸੁਮਿਤ ਆਦਿ ਵੀ ਹਾਜ਼ਰ ਸਨ।

## ਜਬਰ-ਜ਼ਨਾਹ ਦੇ ਮਾਮਲੇ 'ਚ ਭਗੌੜਾ ਗ੍ਰਿਫਤਾਰ

**ਨਵਾਂਸ਼ਹਿਰ, (ਮਨੋਜ ਲਾਡੀ )**- ਮੰਗਲਵਾਰ ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਵੱਲੋਂ ਹਰਿਆਣਾ ਰਾਜ ਦੇ ਜਗਾਧਰੀ ਤੋਂ 3 ਸਾਲਾਂ ਤੋਂ ਜਬਰ-ਜ਼ਨਾਹ ਦੇ ਮਾਮਲੇ ਵਿਚ ਭਗੌੜੇ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ। ਐੱਸ. ਐੱਚ. ਓ. ਸਬ- ਇੰਸਪੈਕਟਰ ਮਹਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਸ਼ਿਕਾਇਤਕਰਤਾ ਨੇ ਕਿਹਾ ਸੀ ਕਿ ਰਾਹੋਂ ਦਾ ਰਹਿਣ ਵਾਲਾ ਅਨਿਲ ਉਸ ਦੀ ਨਾਬਾਲਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਲੈ ਗਿਆ ਸੀ। ਉਕਤ ਦੋਸ਼ੀ ਉਸ ਦੇ ਘਰੋਂ ਗਹਿਣੇ ਵੀ ਲਈ ਗਏ। ਉਨ੍ਹਾ ਦੱਸਿਆ ਕੇ ਪੁਲਸ ਨੇ ਪੀੜਤ ਲੜਕੀ ਨੂੰ ਬਰਾਮਦ ਕਰ ਲਿਆ ਸੀ । ਜਦੋਂਕਿ ਅਖੌਤੀ ਦੋਸ਼ੀ ਪੁਲਸ ਦੀ ਗ੍ਰਿਫਤਾਰੀ ਦੇ ਡਰੋਂ ਫਰਾਰ ਸੀ ਅਤੇ ਉਕਤ ਮਾਮਲੇ ਵਿਚ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ। ਉਨ੍ਹਾ ਦੱਸਿਆ ਕਿ ਉਕਤ ਦੋਸ਼ੀ ਨੂੰ ਮੁੱਖ ਕਾਂਸਟੇਬਲ ਰਵੀ ਕੁਮਾਰ ਦੀ ਪੁਲਸ ਪਾਰਟੀ ਨੇ ਹਰਿਆਣਾ ਰਾਜ ਦੇ ਜਗਾਧਰੀ ਤੋਂ ਗ੍ਰਿਫਤਾਰ ਕੀਤਾ ਹੈ।

## ਜਵਾਹਰ ਨਵੋਦਿਆ ਵਿਦਿਆਲਿਆ ਰਕੌਲੀ 'ਚ ਛੇਵੀਂ ਜਮਾਤ ਦੇ ਸਾਲ 2025-2026 ਲਈ ਰਜਿਸਟ੍ਰੇਸ਼ਨ ਸ਼ੁਰੂ

**ਐੱਸ.ਏ.ਐੱਸ. ਨਗਰ,(ਗੁਰਜੀਤ ਬਿੱਲਾ)**-ਆਧੁਨਿਕ ਤੇ ਮਿਆਰੀ ਸਿੱਖਿਆ ਦੇਣ ਲਈ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਰਕੌਲੀ ਵਿਚ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਸਹਿ-ਸਿੱਖਿਆ ਵਾਲੇ ਰਿਹਾਇਸ਼ੀ ਪੀ.ਐਮ.ਸ੍ਰੀ. ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਵਿਚ ਅਗਲੇ ਵਿੱਦਿਅਕ ਸਾਲ 2025-2026 ਦੀ ਛੇਵੀਂ ਜਮਾਤ 'ਚ ਦਾਖਲਾ ਪ੍ਰੀਖਿਆ ਲਈ ਇਸ ਵਿੱਦਿਅਕ ਸਾਲ 2024-2025 ਵਿੱਚ ਪੰਜਵੀਂ ਜਮਾਤ ਵਿਚ ਪੜ੍ਹਦੇ ਵਿਦਿਆਰਥੀਆਂ ਲਈ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਪ੍ਰਿੰਸੀਪਲ ਦੀਪਤੀ ਭਟਨਾਗਰ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਮਾਪੇ ਮੋਹਾਲੀ ਜ਼ਿਲ੍ਹੇ ਦੇ ਪੱਕੇ ਵਸਨੀਕ ਹੋਣ, ਵਿਦਿਆਰਥੀ ਤੀਜੀ, ਚੌਥੀ ਅਤੇ ਪੰਜਵੀਂ ਜਮਾਤ ਲਗਾਤਾਰ ਪੜ੍ਹਿਆ ਹੋਵੇ। ਉਸ ਦਾ ਜਨਮ 01.05.2013 ਤੋਂ 31.07.2015 (ਦੋਹਾਂ ਤਰੀਕਾਂ ਸਮੇਤ) ਤੱਕ ਹੋਇਆ ਹੋਵੇ, 31 ਜੁਲਾਈ 2024 ਤੋਂ ਪਹਿਲਾਂ ਪੰਜਵੀਂ ਜਮਾਤ ਵਿਚ ਵਿਦਿਆਰਥੀ ਦਾਖ਼ਲ ਹੋਇਆ ਹੋਵੇ। ਓ.ਬੀ.ਸੀ. ਵਰਗ ਦੇ ਵਿਦਿਆਰਥੀਆਂ ਦੇ ਮਾਪੇ ਸੇਵਾ ਕੇਂਦਰ ਤੋਂ ਪਤਾ ਕਰ ਲੈਣ ਕਿ ਉਹ ਕੇਂਦਰੀ ਸੂਚੀ ਵਿਚ ਪੰਜਾਬ ਦੇ ਓ.ਬੀ.ਸੀ. ਵਰਗ ਵਿਚ ਆਉਂਦੇ ਹਨ ਜਾਂ ਨਹੀਂ। ਜੇਕਰ ਨਹੀਂ ਆਉਂਦੇ ਤਾਂ ਜਨਰਲ ਵਰਗ ਵਿਚ ਰਜਿਸ਼ਟ੍ਰੇਸ਼ਨ ਕਰਾਉਣ। ਉਨ੍ਹਾਂ ਕਿਹਾ ਕਿ ਆਨਲਾਈਨ ਲਿੰਕ ਤੇ ਰਜਿਸਟ੍ਰੇਸ਼ਨ ਕਰਾਉਣ ਦੀ ਆਖ਼ਰੀ ਮਿਤੀ 16 ਸਤੰਬਰ 2024 ਹੈ।ਉਨ੍ਹਾਂ ਦੱਸਿਆ ਕਿ ਚੋਣ ਪ੍ਰੀਖਿਆ 18 ਜਨਵਰੀ 2025 ਨੂੰ ਮੋਹਾਲੀ ਜ਼ਿਲ੍ਹੇ ਦੇ ਚੋਣ ਸੈਂਟਰਾਂ ਵਿਚ ਹੋਵੇਗੀ। ਰਜਿਸਟ੍ਰੇਸ਼ਨ ਕਰਨ ਤੋਂ ਪਹਿਲਾਂ ਪ੍ਰੌਸਪੈਕਟਸ ਵਿਚ ਸਾਰੀਆਂ ਸ਼ਰਤਾਂ ਪੜ੍ਹ ਲਈਆਂ ਜਾਣ।

## ਵਰਿੰਦਰ ਪੰਡਤ ਪੱਤਰਕਾਰ ਮੰਚ ਟਾਂਡਾ ਦੇ ਪ੍ਰਧਾਨ ਬਣੇ



**ਅੱਡਾ ਸਰਾਂ, ਟਾਂਡਾ ਉੜਮੁੜ, (ਜਸਵੀਰ ਕਾਜਲ/ਜਸਵਿੰਦਰ ਸਿੰਘ)** ਪੱਤਰਕਾਰਾਂ ਦੀ ਜਥੇਬੰਦੀ ਪੱਤਰਕਾਰ ਮੰਚ ਟਾਂਡਾ ਦੀ ਮੀਟਿੰਗ ਡਾਊਨ ਟਾਊਨ ਟਾਂਡਾ ਵਿਚ ਹੋਈ, ਜਿਸ ਵਿਚ ਜਥੇਬੰਦੀ ਦਾ ਪੁਨਰਗਠਨ ਕੀਤਾ ਗਿਆ। ਜਿਸ ਵਿਚ ਸਰਬਸੰਮਤੀ ਨਾਲ ਵਰਿੰਦਰ ਪੰਡਤ ਨੂੰ ਮੰਚ ਦਾ ਪ੍ਰਧਾਨ ਬਣਾਇਆ ਗਿਆ। ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਗੁਰਾਇਆ ਨੂੰ ਸਰਪ੍ਰਸਤ ਬਣਾਇਆ ਗਿਆ। ਇਸੇ ਤਰ੍ਹਾਂ ਮਨਜੀਤ ਸਿੰਘ ਰਾਣਾ ਨੂੰ ਚੇਅਰਮੈਨ, ਸੁਖਨਿੰਦਰ ਸਿੰਘ ਕਲੋਟੀ ਅਤੇ ਰਵੀ ਲਖਨਪਾਲ ਨੂੰ ਮੁੱਖ ਸਲਾਹਕਾਰ, ਜਤਿੰਦਰ ਸ਼ਰਮਾ ਨੂੰ ਜਨਰਲ ਸਕੱਤਰ, ਅਸ਼ਵਨੀ ਰਾਜੂ ਨੂੰ ਖਜਾਨਚੀ, ਚੁਣਿਆ ਗਿਆ। ਇਸ ਮੌਕੇ ਮੈਂਬਰਾਂ ਹਰਜਿੰਦਰ ਸਿੰਘ ਮਸੀਤੀ, ਰਵਿੰਦਰ ਸ਼ਰਮਾ, ਮਨਜੀਤ ਸਿੰਘ ਰਾਣਾ, ਕੁਲਦੀਸ਼ ਚੌਹਾਨ, ਸਰਬਜੀਤ ਸਿੰਘ, ਜਸਵੰਤ ਸਿੰਘ ਭਾਗੋਵਾਲ, ਜਸਵੀਰ ਕਾਜਲ, ਵਿੱਕੀ ਬਹਿਲ, ਨਵਦੀਪ ਸਿੰਘ ਦੀ ਮੌਜੂਦਗੀ ਵਿਚ ਪੱਤਰਕਾਰਤਾ ਦੀ ਜਿੰਮੇਵਾਰੀ ਤਨਦੇਹੀ ਨਾਲ ਨਿਭਾਉਣ ਦੇ ਨਾਲ ਨਾਲ ਸਮਾਜਿਕ ਵਿਕਾਸ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਦਾ ਪ੍ਰੋਗਰਾਮ ਉਲੀਕਿਆ ਗਿਆ।

## ਇੰਪੀਰੀਅਲ ਸਕੂਲ ਗਰੀਨ ਕੈਂਪਸ ਆਦਮਪੁਰ ਵਿਖੇ ਕ੍ਰਿਸ਼ਨ ਜਨਮ ਅਸ਼ਟਮੀ ਦੇ ਸ਼ੁੱਭ ਮੌਕੇ ਉਤਸਵ ਦਾ ਆਯੋਜਨ



**ਆਦਮਪੁਰ (ਪਰਮਜੀਤ ਸਿੰਘ)**-ਇੰਪੀਰੀਅਲ ਸਕੂਲ ਗਰੀਨ ਕੈਂਪਸ ਆਦਮਪੁਰ ਵਿਖੇ ਕ੍ਰਿਸ਼ਨ ਜਨਮ ਅਸ਼ਟਮੀ ਦੇ ਸ਼ੁੱਭ ਮੌਕੇ ਵਿਸ਼ਾਲ ਸਮਾਗਮ ਕਰਵਾਇਆ ਗਿਆ । ਇਸ ਮੌਕੇ ਸ੍ਰੀ ਕ੍ਰਿਸ਼ਨ ਦੇ ਜਨਮ ਨੂੰ ਮਨਾਉਣ ਲਈ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ।ਇਸ ਸ਼ੁੱਭ ਮੌਕੇ ਰੋਟਰੀ ਕਲੱਬ ਤੋਂ ਮੁੱਖ ਮਹਿਮਾਨ ਵਜੋਂ ਗਗਨ ਪਸਰੀਚਾ, ਮਨੋਜ ਦੋਗਰਾ, ਡਾ. ਸੁਮਿਤ ਵਰਮਾ, ਵਿੱਕੀ ਬੱਗਾ, ਮਨਮੋਹਨ ਬਾਬਾ, ਸੰਦੀਪ ਛਾਬੜਾ, ਪਰਮਿੰਦਰ ਖੇਤਰਪਾਲ (ਸੇਵਾਮੁਕਤ ਸਹਾਇਕ ਸ. ਕਮਿਸ਼ਨਰ ਅਫਸਰ ਕਸਟਮ: ਦਿੱਲੀ), ਚੇਅਰਮੈਨ ਜਗਦੀਸ਼ ਲਾਲ, ਡਾਇਰੈਕਟਰ ਜਗਮੋਹਨ ਅਰੋੜਾ, ਸ੍ਰੀਮਤੀ ਦਿਸ਼ਾ ਅਰੋੜਾ ਹਾਜ਼ਰ ਸਨ।ਪ੍ਰਿੰਸੀਪਲ ਸਵਿੰਦਰ ਕੌਰ ਮੱਲ੍ਹੀ, ਵਾਈਸ ਪ੍ਰਿੰਸੀਪਲ ਪੂਜਾ ਠਾਕੁਰ, ਸੀ.ਏ.ਏ. ਸੁਸ਼ਮਾ ਵਰਮਾ ਅਤੇ ਕੋਆਰਡੀਨੇਟਰ ਰੇਨੂ ਚਾਹਲ ਨੇ ਸਾਰੇ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ। ਸਮਾਗਮ ਦੀ ਸ਼ੁਰੂਆਤ ਕਾਨ੍ਹਾ ਝੂਲੇ ਅਤੇ ਅਰਦਾਸ ਨਾਲ ਹੋਈ। ਵਿਦਿਆਰਥੀਆਂ ਨੇ ਸ੍ਰੀ ਕ੍ਰਿਸ਼ਨ ਦਾ ਗੁਣਗਾਨ ਕਰਦੇ ਭਜਨ ਪੇਸ਼ ਕੀਤੇ। ਇਸ ਤੋਂ ਬਾਅਦ ਸਕੂਲ ਦੇ ਚਾਰੇ ਹਾਊਸਾਂ ਦੇ ਵਿਦਿਆਰਥੀਆਂ ਦਾ ਡਾਂਸ ਮੁਕਾਬਲਾ ਕਰਵਾਇਆ ਗਿਆ। ਰੰਗ-ਬਿਰੰਗੀਆਂ ਪੁਸ਼ਾਕਾਂ ਵਿੱਚ ਸਜੇ ਵਿਦਿਆਰਥੀਆਂ ਨੇ ਖੂਬਸੂਰਤ ਡਾਂਸ ਕਰਦੇ ਹੋਏ ਸ੍ਰੀ ਕ੍ਰਿਸ਼ਨ ਦੇ ਜੀਵਨ ਦੀਆਂ ਝਾਕੀਆਂ ਪੇਸ਼ ਕਰਕੇ ਸਾਰਿਆਂ ਦਾ ਮਨ ਮੋਹ ਲਿਆ।ਇਸ ਮੌਕੇ ਮੁੱਖ ਮਹਿਮਾਨ ਚੇਅਰਮੈਨ ਜਗਦੀਸ਼ ਲਾਲ ਨੇ ਸਮੂਹ ਵਿਦਿਆਰਥੀਆਂ ਅਤੇ ਸਟਾਫ਼ ਨੂੰ ਜਨਮ ਅਸ਼ਟਮੀ ਦੇ ਇਸ ਸ਼ੁੱਭ ਮੌਕ ਵਧਾਈ ਦਿੱਤੀ ਡਾਇਰੈਕਟਰ ਜਗਮੋਹਨ ਅਰੋੜਾ ਨੇ ਸੁੰਦਰ ਪੁਸ਼ਾਕਾਂ ਵਿੱਚ ਸਜੇ ਵਿਦਿਆਰਥੀਆਂ ਨੂੰ ਜਨਮ ਅਸ਼ਟਮੀ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਵੱਲੋਂ ਪੇਸ਼ ਕੀਤੀਆਂ ਸੱਭਿਆਚਾਰਕ ਗਤੀਵਿਧੀਆਂ ਦੀ ਸ਼ਲਾਘਾ ਕੀਤੀ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਸਮੂਹ ਗੀਤ ਤੋਂ ਬਾਅਦ ਪ੍ਰਿੰਸੀਪਲ ਸਵਿੰਦਰ ਕੌਰ ਮੱਲੀ ਜੀ ਨੇ ਡਾਂਸ ਮੁਕਾਬਲੇ ਦੇ ਨਤੀਜੇ ਦਾ ਐਲਾਨ ਕੀਤਾ। ਇਸ ਮੁਕਾਬਲੇ ਵਿੱਚ ਐਕਸਪਲੋਰਰ ਹਾਊਸ ਦੇ ਵਿਦਿਆਰਥੀ ਪਹਿਲੇ, ਚੈਲੇਂਜਰ ਹਾਊਸ ਦੇ ਵਿਦਿਆਰਥੀ ਦੂਜੇ ਅਤੇ ਪਾਇਨੀਅਰ ਹਾਊਸ ਦੇ ਵਿਦਿਆਰਥੀ ਤੀਜੇ ਸਥਾਨ 'ਤੇ ਰਹੇ। ਪ੍ਰੋਗਰਾਮ ਦੇ ਅੰਤ ਵਿੱਚ ਵਿਦਿਆਰਥੀਆਂ ਵੱਲੋਂ ਦਹੀ ਹਾਂਡੀ ਦੀ ਰਸਮ ਅਦਾ ਕੀਤੀ ਗਈ।

## ਸ਼ਹਿਰ 'ਚ ਸ਼ਰਧਾ ਨਾਲ ਮਨਾਈ ਕ੍ਰਿਸ਼ਨ ਜਨਮ ਅਸ਼ਟਮੀ



**ਬਲਾਚੌਰ(ਜਸਵਿੰਦਰ ਬੈਂਸ)**-ਬਲਾਚੌਰ ਸ਼ਹਿਰ ਵਿੱਚ ਜਨਮ ਅਸ਼ਟਮੀ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ। ਜਨਮ ਅਸ਼ਟਮੀ ਦੇ ਸੰਬੰਧ ਵਿੱਚ ਜਿੱਥੇ ਵੱਖ ਵੱਖ ਮੰਦਰਾਂ ਵਿੱਚ ਵਿਸ਼ੇਸ਼ ਸਮਾਗਮ ਕੀਤੇ ਗਏ ਅਤੇ ਅੱਧੀ ਰਾਤ ਤੱਕ ਭਜਨ ਕੀਰਤਨ ਚਲਦਾ ਰਿਹਾ। ਜਨਮ ਅਸ਼ਟਮੀ ਦਾ ਮੁੱਖ ਸਮਾਗਮ ਇੱਥੋਂ ਦੇ ਪ੍ਰਾਚੀਨ ਮੰਦਰ ਸ਼ਿਵ ਮੰਦਰ ਬੀੜਿਆਂਵਾਲਾ ਵਿਖੇ ਹੋਇਆ ।ਜਿਸ ਵਿੱਚ ਸੈਂਕੜੇ ਸ਼ਰਧਾਲੂ ਸ਼ਾਮਲ ਹੋਏ। ਮਹਿਲਾਵਾਂ ਵੱਲੋਂ ਕੀਰਤਨ ਕੀਤਾ ਗਿਆ ਅਤੇ ਛੋਟੇ ਬੱਚਿਆਂ ਵੱਲੋਂ ਭਗਵਾਨ ਕ੍ਰਿਸ਼ਨ ਦੇ ਬਾਲ ਰੂਪ ਦੀਆਂ ਝਾਕੀਆਂ ਪੇਸ਼ ਕੀਤੀਆਂ ਗਈਆਂ। ਅੱਧੀ ਰਾਤ 12 ਵਜੇ ਜਦੋਂ ਭਗਵਾਨ ਸ੍ਰੀ ਕ੍ਰਿਸ਼ਨ ਦਾ ਜਨਮ ਹੋਇਆ ਤਾਂ ਮੰਦਰਾਂ ਵਿੱਚ ਸ਼ੰਖਾਂ ਅਤੇ ਘੰਟੀਆਂ ਨਾਲ ਆਸਮਾਨ ਗੂੰਜ ਉਠਿਆ।ਇਸ ਮੌਕੇ ਨੰਦ ਬਾਬਾ ਵੱਲੋਂ ਬਾਲ ਕ੍ਰਿਸ਼ਨ ਨੂੰ ਗੋਲਕ ਲੈ ਜਾਣ ਦੀ ਝਾਕੀ ਪੇਸ਼ ਕੀਤੀ ਗਈ ਇਸ ਤੋਂ ਬਾਅਦ ਬਾਲਪੁਰੀ ਮੰਦਰ, ਸ੍ਰੀ ਰਾਮ ਮੰਦਰ, ਸੀਤਾ ਰਾਮ ਮੰਦਰ ਅਤੇ ਬ੍ਰਹਮਚਾਰੀ ਮੰਦਰ ਵਿਖੇ ਅਸ਼ਟਮੀ ਧੂਮਧਾਮ ਨਾਲ ਮਨਾਈ ਗਈ। ਕਿਸ਼ਨ ਜਨਮ ਤੋਂ ਬਾਅਦ ਮੰਦਰਾਂ ਵਿੱਚ ਸੰਖ ਮਿਸ਼ਰੀ, ਧਨੀਏ ਦੀ ਪੰਜੀਰੀ ਅਤੇ ਚਰਨ ਅੰਮ੍ਰਿਤ ਦਾ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਸ਼ਾਲੂ, ਸੋਨੀ, ਰਾਜੂ ਆਨੰਦ, ਪਵਨ ਕੁਮਾਰ, ਰਿੰਕੂ, ਸੋਨੀ ਪੁਜਾਰੀ, ਪੰਡਿਤ ਦਿਨੇਸ਼ ਸ਼ਰਮਾ ਰੇਖਾ ਸ਼ਰਮਾ, ਸੁਨੀਤਾ ਜੋਸ਼ੀ, ਰਿੰਕੂ ਸੋਨੀ ਅਤੇ ਮੰਦਰ ਕਮੇਟੀ ਦੇ ਸਮੂਹ ਮੈਂਬਰ ਹਾਜ਼ਰ ਸਨ।

## ਐਨਕਾਰਡ ਮੀਟਿੰਗ 'ਚ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਅਹਿਮ ਵਿਚਾਰਾਂ




**ਹੁਸ਼ਿਆਰਪੁਰ,: (ਓਮ ਪ੍ਰਕਾਸ਼ ਰਾਣਾ , ਬਲਬੀਰ ਸਿੰਘ ਸੈਣੀ)**-ਨਸ਼ਿਆਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਦੀ ਸਮੀਖਿਆ ਅਤੇ ਅਗੇਤੀ ਕਾਰਜ ਯੋਜਨਾ 'ਤੇ ਚਰਚਾ ਲਈ ਅੱਜ ਨਾਰਕੋ ਕੋ-ਆਰਡੀਨੇਸ਼ਨ ਸੈਂਟਰ (ਐਨਕਾਰਡ) ਮਕੈਨਿਜ਼ਮ ਤਹਿਤ ਜ਼ਿਲ੍ਹਾ ਪੱਧਰੀ ਕਮੇਟੀ ਦੀ ਮਹੱਤਵਪੂਰਨ ਮੀਟਿੰਗ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕੀਤੀ, ਜਦਕਿ ਐਸ.ਐਸ.ਪੀ ਸੁਰੇਂਦਰ ਲਾਂਬਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਮੀਟਿੰਗ ਵਿਚ ਪੁਲਸ, ਆਬਕਾਰੀ, ਸਕੂਲ ਸਿੱਖਿਆ, ਸਿਹਤ, ਖੇਡ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਯੁਵਕ ਸੇਵਾਵਾਂ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਨਸ਼ਿਆਂ ਖਿਲਾਫ਼ ਲੜਾਈ ਵਿਚ ਸਿਰਫ ਪ੍ਰਸ਼ਾਸਨ ਦੀ ਹੀ ਨਹੀਂ ਬਲਕਿ ਸਮਾਜ ਦੇ ਸਾਰੇ ਵਰਗਾਂ ਦੀ ਭੂਮਿਕਾ ਦੀ ਲੋੜ ਹੈ। ਸਾਨੂੰ ਮਿਲ ਕੇ ਇਸ ਤਰ੍ਹਾਂ ਦੇ ਕਦਮ ਚੁੱਕਣੇ ਹੋਣਗੇ, ਜੋ ਨਾ ਕੇਵਲ ਨਸ਼ੇ ਦੀ ਰੋਕਥਾਮ ਕਰਨ, ਬਲਕਿ ਇਸ ਖ਼ਿਲਾਫ਼ ਲੋਕ ਜਾਗਰੂਕਤਾ ਵੀ ਪੈਦਾ ਕਰਨ। ਉਨ੍ਹਾਂ ਮੌਜੂਦ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੇ-ਆਪਣੇ ਵਿਭਾਗਾਂ ਵਿਚ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਦੀ ਪ੍ਰਗਤੀ ਦੀ ਲਗਾਤਾਰ ਸਮੀਖਿਆ ਕਰਨ ਅਤੇ ਇਸ ਦਿਸ਼ਾ ਵਿਚ ਹੋਰ ਵੀ ਠੋਸ ਕਦਮ ਚੁੱਕਣ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਐਸ.ਡੀ.ਐਮਜ਼ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੇ ਪੁਲਸ ਕਾਊਂਟਰ ਪਾਰਟ ਦੇ ਨਾਲ ਮਿਲ ਕੇ ਸਬ ਡਵੀਜ਼ਨਲ ਕਮੇਟੀਆਂ ਨੂੰ ਐਕਟਿਵ ਕਰਨ ਅਤੇ ਗਤੀਵਿਧੀਆਂ ਕਰਵਾਉਣ। ਉਨ੍ਹਾਂ ਸਾਰੇ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨ ਦੀ ਹਦਾਇਤ ਕੀਤੀ।ਐਸ.ਐਸ.ਪੀ ਸੁਰੇਂਦਰ ਲਾਂਬਾ ਨੇ ਮੀਟਿੰਗ ਵਿਚ ਨਸ਼ਿਆਂ ਖ਼ਿਲਾਫ਼ ਪੁਲਸ ਵਿਭਾਗ ਦੀ ਹੁਣ ਤੱਕ ਕੀਤੀ ਕਾਰਗੁਜ਼ਾਰੀ 'ਤੇ ਚਾਨ੍ਹਣਾ ਪਾਇਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੁਲਸ ਨੇ ਨਸ਼ਾ ਤਸਕਰਾਂ 'ਤੇ ਸਖ਼ਤੀ ਨਾਲ ਸ਼ਿਕੰਜਾ ਕੱਸਣ ਲਈ ਲਗਾਤਾਰ ਯਤਨ ਕੀਤੇ ਹਨ। ਕਈ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੁਲਸ ਵਿਭਾਗ ਨਸ਼ੇ ਦੇ ਨੈੱਟਵਰਕ ਨੂੰ ਤੋੜਨ ਲਈ ਹਰ ਸੰਭਵ ਯਤਨ ਕਰ ਰਿਹਾ ਹੈ ਅਤੇ ਇਸ ਵਿਚ ਜਨਤਾ ਦਾ ਸਹਿਯੋਗ ਵੀ ਬੇਹੱਦ ਮਹੱਤਵਪੂਰਨ ਹੈ।ਐਸ.ਐਸ.ਪੀ ਸੁਰੇਂਦਰ ਲਾਂਬਾ ਨੇ ਵੀ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਰੇਕ ਵਿਭਾਗ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੋਵੇਗੀ, ਤਾਂ ਜੋ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ। ਸਕੂਲ ਸਿੱਖਿਆ ਵਿਭਾਗ ਨੇ ਵਿਦਿਆਰਥੀਆਂ ਵਿਚ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਚਲਾਈ ਗਈ ਮੁਹਿੰਮ ਦੀ ਜਾਣਕਾਰੀ ਦਿੱਤੀ।

ਇਸ ਮੌਕੇ ਐਸ.ਪੀ (ਡੀ) ਸਰਬਜੀਤ ਸਿੰਘ ਬਾਹੀਆ, ਐਸ.ਪੀ (ਹੈਡਕੁਆਰਟਰ) ਮਨੋਜ ਠਾਕੁਰ, ਐਸ.ਡੀ.ਐਮ ਗੜ੍ਹਸ਼ੰਕਰ ਸ਼ਿਵਰਾਜ ਸਿੰਘ ਬੱਲ, ਐਸ.ਡੀ.ਐਮ ਟਾਂਡਾ ਪ੍ਰੀਤਇੰਦਰ ਸਿੰਘ ਬੈਂਸ, ਐਸ.ਡੀ.ਐਮ ਹੁਸ਼ਿਆਰਪੁਰ ਸੰਜੀਵ ਸ਼ਰਮਾ, ਐਸ.ਡੀ.ਐਮ ਦਸੂਹਾ ਪ੍ਰਦੀਪ ਸਿੰਘ ਬੈਂਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਐੱਸ ਡੀ ਐੱਮ ਨੇ ਬੇਲਰ ਅਪਰੇਟਰਾਂ ਤੇ ਉਦਯੋਗਿਕ ਇਕਾਈਆਂ ਨਾਲ ਕੀਤੀ ਸਾਂਝੀ ਮੀਟਿੰਗ

**ਡੇਰਾਬੱਸੀ, (ਕ੍ਰਿਸ਼ਨ ਗਰਗ)** ਡੇਰਾਬੱਸੀ ਸਬ ਡਵੀਜ਼ਨ ਵਿੱਚ ਪਰਾਲੀ ਸਾੜਨ ਦਾ ਇੱਕ ਵੀ ਕੇਸ ਨਾ ਹੋਣ ਨੂੰ ਯਕੀਨੀ ਬਣਾਉਣ ਲਈ ਉਪ ਮੰਡਲ ਪ੍ਰਸ਼ਾਸਨ ਨੇ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਪਹਿਲਾਂ ਤੋਂ ਹੀ ਤਿਆਰੀ ਕਰ ਲਈ ਹੈ।ਉਪ ਮੰਡਲ ਮੈਜਿਸਟ੍ਰੇਟ ਡਾ. ਹਿਮਾਂਸ਼ੂ ਗੁਪਤਾ ਵੱਲੋਂ ਆਪਣੇ ਦਫ਼ਤਰ ਵਿਖੇ ਪਰਾਲੀ ਦੀਆਂ ਗੰਢਾਂ ਤਿਆਰ ਕਰਨ ਵਾਲੇ ਬੇਲਰ ਅਪਰੇਟਰਾਂ ਅਤੇ ਪਰਾਲੀ ਦੀਆਂ ਗੰਢਾਂ ਦੀ ਖਪਤ ਕਰਨ ਵਾਲੀਆਂ ਉਦਯੋਗਿਕ ਇਕਾਈਆਂ ਨਾਲ ਮੀਟਿੰਗ ਕੀਤੀ ਗਈ।ਐਸ ਡੀ ਐਮ ਗੁਪਤਾ ਨੇ ਬੇਲਰ ਅਪਰੇਟਰਾਂ ਅਤੇ ਉਦਯੋਗਿਕ ਇਕਾਈਆਂ ਨੂੰ ਅਪੀਲ ਕੀਤੀ ਕਿ ਉਹ ਵਾਢੀ ਤੋਂ ਬਾਅਦ ਕਿਸਾਨਾਂ ਦੇ ਖੇਤਾਂ 'ਚੋਂ ਜਲਦੀ ਤੋਂ ਜਲਦੀ ਪਰਾਲੀ ਦੀਆਂ ਗੰਢਾਂ ਬਣਾਉਣ ਤਾਂ ਜੋ ਅਗਲੀ ਫ਼ਸਲ ਲਈ ਖੇਤਾਂ ਨੂੰ ਤਿਆਰ ਰੱਖਿਆ ਜਾ ਸਕੇ।ਉਨ੍ਹਾਂ ਕਿਹਾ ਕਿ ਸਬ ਡਵੀਜ਼ਨ ਦੇ ਪਿੰਡਾਂ ਵਿੱਚ ਪਰਾਲੀ ਦੀਆਂ ਗੰਢਾਂ ਦਾ ਸਟਾਕ ਰੱਖਣ ਲਈ ਪਹਿਲਾਂ ਹੀ ਕਾਫੀ ਗਿਣਤੀ ਵਿੱਚ ਡੰਪਿੰਗ ਸਾਈਟਾਂ ਦੀ ਸ਼ਨਾਖਤ ਕੀਤੀ ਜਾ ਚੁੱਕੀ ਹੈ।ਕਿਸਾਨਾਂ ਦੇ ਖੇਤਾਂ ਤੋਂ ਡੰਪਿੰਗ ਸਾਈਟਾਂ ਤੱਕ ਗੰਢਾਂ ਦੀ ਨਿਰਵਿਘਨ ਸਪਲਾਈ ਲਈ ਬੇਲਰ ਆਪਰੇਟਰਾਂ ਅਤੇ ਉਦਯੋਗਿਕ ਇਕਾਈਆਂ ਦੇ ਆਪਸੀ ਤਾਲਮੇਲ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਸਿਖਰਲੇ ਸੀਜ਼ਨ ਦੌਰਾਨ ਸਹਾਈ ਹੋਵੇਗਾ।ਮੀਟਿੰਗ ਵਿੱਚ ਹਾਜ਼ਰ ਹੋਰਨਾਂ ਵਿੱਚ ਖੇਤੀਬਾੜੀ ਵਿਭਾਗ ਤੋਂ ਡਾ. ਦਾਨਿਸ਼ ਕੁਮਾਰ, ਬੇਲਰ ਆਪਰੇਟਰ ਸੁਖਦੇਵ ਸਿੰਘ, ਕੁਲਵਿੰਦਰ ਸਿੰਘ ਅਤੇ ਤੇਜਿੰਦਰ ਸਿੰਘ, ਨਾਹਰ ਕੈਮੀਕਲ, ਨਚੀਕੇਤਾ ਪੇਪਰਜ਼, ਵਾਈਸੀਡੀ ਗੌਰਵ ਫਿਊਲ ਆਦਿ ਉਦਯੋਗਿਕ ਯੂਨਿਟਾਂ ਦੇ ਨੁਮਾਇੰਦੇ ਸ਼ਾਮਲ ਸਨ।

## ਜਨਮ ਅਸ਼ਟਮੀ ਮੌਕੇ ਡੀ ਐੱਸ ਪੀ ਬਰਾੜ ਦੀ ਅਗਵਾਈ 'ਚ ਸਖ਼ਤ ਸੁਰੱਖਿਆ ਪ੍ਰਬੰਧ



**ਲੋਹੀਆਂ ਖਾਸ, (ਯੋਗੇਸ਼ਵਰ)** : ਜਿੱਥੇ ਸ਼ਹਿਰ ਦੇ ਪ੍ਰਾਚੀਨ ਮੰਦਰ ਅਤੇ ਨਵੇਂ ਸ਼ਿਵ ਮੰਦਰ ਲੋਹੀਆਂ 'ਚ ਸ਼ਰਧਾਲੂਆਂ ਦੀਆਂ ਭਾਰੀ ਰੌਣਕਾਂ ਸਨ, ਉੱਥੇ ਹੀ ਲੋਹੀਆਂ ਪੁਲਸ ਵੱਲੋਂ ਡੀ. ਐੱਸ. ਪੀ. ਓਂਕਾਰ ਸਿੰਘ ਬਰਾੜ ਤੇ ਐੱਸ. ਐੱਚ. ਓ. ਥਾਣਾ ਲੋਹੀਆਂ ਲਾਭ ਸਿੰਘ ਦੀ ਅਗਵਾਈ 'ਚ ਸ਼ਹਿਰ ਅਤੇ ਮੰਦਰਾਂ ਦੇ ਆਸ-ਪਾਸ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ ਤੇ ਡੀ. ਐੱਸ. ਪੀ. ਬਰਾੜ ਖੁਦ ਰਾਤ 10 ਵਜੇ ਸੁਰੱਖਿਆ ਦੇ ਪ੍ਰਬੰਧ ਦੇਖ ਰਹੇ ਸਨ। ਇਸ ਮੌਕੇ ਭਾਰੀ ਪੁਲਸ ਬਲ ਸ਼ਹਿਰ 'ਚ ਪੂਰੀ ਮੁਸਤੈਦੀ ਦੇ ਨਾਲ ਮੌਜੂਦ ਰਿਹਾ ਸੀ। ਇਸ ਮੌਕੇ ਪੁਲਸ ਵਲੋਂ ਜਿੱਥੇ ਟੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰਬੰਧ ਕੀਤੇ ਜਾ ਰਹੇ ਸਨ ਉੱਥੇ ਹੀ ਵਾਹਨਾਂ ਦੀ ਤਲਾਸ਼ੀ ਵੀ ਲਈ ਗਈ।ਇਸ ਮੌਕੇ ਡੀ. ਐੱਸ. ਪੀ. ਓਂਕਾਰ ਸਿੰਘ ਬਰਾੜ ਨੇ ਕਿਹਾ ਕਿ ਕਿਸੇ ਵੀ ਸ਼ਰਾਰਤੀ ਨੂੰ ਸ਼ਰਾਰਤ ਦਾ ਮੌਕਾ ਨਹੀਂ ਦਿੱਤਾ ਜਾਵੇਗਾ।

## ਭਾਜਪਾ ਦੀ ਸੋਚੀ ਸਮਝੀ ਸਾਜਿਸ਼ ਤਹਿਤ ਕੰਗਨਾ ਰਣੌਤ ਕਰ ਰਹੀ ਭੱਦੀ ਬਿਆਨਬਾਜ਼ੀ : ਸਿੰਗੜੀਵਾਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀਆਂ ਪਿਛਲੀਆਂ ਸਰਕਾਰਾਂ ਦੌਰਾਨ ਦੇਸ਼ ਦੇ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਸਨ ਕਿ ਹਰ ਸਾਲ ਬੇਰੁਜ਼ਗਾਰ ਨੌਜਵਾਨਾਂ ਲਈ ਦੋ ਕਰੋੜ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ, ਕਾਲਾ ਧਨ ਵਾਪਸ ਲਿਆਂਦਾ ਜਾਵੇਗਾ ਜਿਸ ਨਾਲ ਹਰ ਇੱਕ ਦੇ ਖਾਤੇ ਵਿੱਚ 15-15 ਲੱਖ ਆ ਜਾਣਗੇ ਆਦਿ ਹੋਰ ਵਾਅਦੇ ਝੂਠੇ ਸਾਬਤ ਹੋਏ ਤੇ ਹੁਣ ਭਾਜਪਾ ਨੂੰ ਲੋਕ ਸਭਾ ਚੋਣਾਂ 'ਚ ਆਸ ਮੁਤਾਬਕ ਜਿੱਤ ਪ੍ਰਾਪਤ ਨਹੀਂ ਹੋਈ ਤੇ ਭਵਿੱਖ ਵਿੱਚ ਹੋਣ ਵਾਲੀਆਂ ਚੋਣਾਂ 'ਚ ਬਹੁਤ ਗਿਣਤੀ ਦਾ ਵੋਟ ਬੈਂਕ ਇਕੱਠਾ ਕਰਨ ਲਈ ਸੋਚੀ ਸਮਝੀ ਸਾਜਿਸ਼ ਤਹਿਤ ਮੰਡੀ ਤੋਂ ਸੰਸਦ ਮੈਂਬਰ ਕੰਗਣਾ ਰਣੌਤ ਤੋਂ ਸਿੱਖ ਕੌਮ ਅਤੇ ਕਿਸਾਨਾਂ ਖਿਲਾਫ ਭੱਦੀ ਬਿਆਨਬਾਜ਼ੀ ਕਰਵਾਈ ਜਾ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀ ਜੇ ਪੀ ਸਾਂਸਦ ਕੰਗਣਾ ਰਣੌਤ ਦੀ ਬਿਆਨਬਾਜ਼ੀ ਦਾ ਸਖਤ ਨੋਟਿਸ ਲੈਂਦਿਆਂ ਕੀਤਾ। ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਭਾਜਪਾ ਵਿੱਚ ਬੈਠੇ ਉਹ ਖੁਦਗਰਜ਼ ਅਤੇ ਮਰੀ ਹੋਈ ਜਮੀਰ ਵਾਲੇ ਮਨਿੰਦਰ ਸਿੰਘ ਸਿਰਸਾ, ਆਰ ਪੀ ਸਿੰਘ, ਹਰਦੀਪ ਸਿੰਘ ਪੁਰੀ ਤੇ ਤਰਨਜੀਤ ਸਿੰਘ ਸੰਧੂ ਵਰਗੇ ਸਿੱਖ ਅਤੇ ਕਿਸਾਨ ਆਗੂ ਹੁਣ ਕਿੱਥੇ ਹਨ ਜੋ ਛੋਟੀ ਜਿਹੀ ਘਟਨਾ ਹੋਣ 'ਤੇ ਵੀ ਭਾਜਪਾ ਲਈ ਬਿਆਨਬਾਜ਼ੀ ਕਰਦੇ ਹਨ।

## ਸੁੰਨੜ ਕਲਾਂ ਵਿਖੇ ਛਿੰਝ ਮੇਲਾ 31 ਨੂੰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਸੁੰਨੜ ਕਲਾਂ ਵਿਖੇ ਗੁੱਗਾ ਜਾਹਰ ਵੀਰ ਛਿੰਝ ਕਮੇਟੀ ਵੱਲੋਂ 18ਵਾਂ ਸਾਲਾਨਾ ਛਿੰਝ ਮੇਲਾ 31 ਅਗਸਤ ਨੂੰ ਪ੍ਰਬੰਧਕ ਕਮੇਟੀ ਵਲੋਂ ਸਮੂਹ ਨਗਰ ਨਿਵਾਸੀਆਂ, ਐਨ ਆਰ ਆਈ ਵੀਰਾਂ, ਸਮੂਹ ਗ੍ਰਾਮ ਪੰਚਾਇਤ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 18 ਵਾਂ ਸਾਲਾਨਾਂ ਛਿੰਝ ਮੇਲਾ ਪੂਰੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ।ਇਸ ਸੰਬੰਧ ਵਿੱਚ ਜਾਣਕਾਰੀ ਦਿੰਦਿਆ ਪ੍ਰਧਾਨ ਅਮਰਜੀਤ ਸਿੰਘ ਨੇ ਦੱਸਿਆ ਕਿ ਪਟਕੇ ਦੀ ਪਹਿਲੀ ਕੁਸ਼ਤੀ ਜੱਸਾ ਪੱਟੀ, ਹਰਮਨ ਆਲਮਗੀਰ ਵਿਚਕਾਰ ਹੋਵੇਗੀ। ਜੇਤੂ ਪਹਿਲਵਾਨ ਨੂੰ ਏਕਸ ਸਿੰਘ ਸਪੁੱਤਰ ਗੁਰਪ੍ਰੀਤ ਸਿੰਘ, ਯੋਧ ਸਿੰਘ ਸਪੁੱਤਰ ਕੁੰਦਨ ਸਿੰਘ ਦੇ ਪਰਵਾਰ ਵਲੋਂ ਬੁੱਲੇਟ ਮੋਟਰ ਸਾਈਕਲ ਦਿੱਤਾ ਜਾਵੇਗਾ। ਦੂਸਰਾ ਇਨਾਮ ਸਵ, ਸੌਦਾਗਰ ਸਿੰਘ ਸਾਬਕਾ ਸਰਪੰਚ, ਕਰਮਜੀਤ ਸਿੰਘ ਕਨੇਡਾ ਵੱਲੋਂ 35000 ਹਜ਼ਾਰ ਰੁਪਏ ਦੀ ਕੁਸ਼ਤੀ ਦਿਲਪ੍ਰੀਤ ਫਰਾਲਾ ਅਤੇ ਮਨੀ ਕਿਲਾ ਰਾਏਪੁਰ ਵਿਚਕਾਰ ਹੋਵੇਗੀ।

## ਸਿਹਤ ਵਿਭਾਗ ਵੱਲੋਂ ਸਵਾ ਲੱਖ ਤੋਂ ਵੱਧ ਘਰਾਂ ਦਾ ਡੇਂਗੂ ਸਰਵੇ, 2059 ਘਰਾਂ ਵਿਚ ਮਿਲਿਆ ਲਾਰਵਾ



**ਮੋਹਾਲੀ, ( ਗੁਰਜੀਤ ਬਿੱਲਾ ) :** ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਲੋਕਾਂ ਨੂੰ ਡੇਂਗੂ ਬੁਖ਼ਾਰ ਤੋਂ ਬਚਾਉਣ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਸਰਗਰਮ ਹੈ। ਕਾਰਜਕਾਰੀ ਸਿਵਲ ਸਰਜਨ ਡਾ. ਰੇਨੂੰ ਸਿੰਘ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਭਾਸ਼ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਦੁਆਰਾ ਜਾਂਚ, ਸਪਰੇਅ ਅਤੇ ਜਾਗਰੂਕਤਾ ਮੁਹਿੰਮ ਜਨਵਰੀ ਮਹੀਨੇ ਤੋਂ ਲਗਾਤਾਰ ਜਾਰੀ ਹੈ। ਸਿਹਤ ਟੀਮਾਂ ਵਲੋਂ ਇਸ ਸਾਲ ਹੁਣ ਤਕ ਜ਼ਿਲ੍ਹੇ ਦੇ 1,34,677 ਘਰਾਂ ਅਤੇ ਹੋਰ ਥਾਵਾਂ ਦਾ ਸਰਵੇ ਕੀਤਾ ਗਿਆ ਹੈ। ਲਗਭਗ 2059 ਘਰਾਂ ਵਿਚ ਡੇਂਗੂ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਮਿਲਿਆ ਹੈ ਅਤੇ ਐਮ.ਸੀ. ਦੁਆਰਾ 562 ਚਲਾਨ ਕੀਤੇ ਗਏ ਹਨ। ਸਿਹਤ ਵਰਕਰਾਂ ਦੀਆਂ ਟੀਮਾਂ ਨੇ ਘਰਾਂ ਅਤੇ ਹੋਰ ਥਾਈਂ ਕੂਲਰਾਂ, ਫ਼ਰਿੱਜਾਂ ਦੀਆਂ ਟਰੇਆਂ, ਗਮਲਿਆਂ, ਖ਼ਾਲੀ ਪਏ ਟਾਇਰਾਂ, ਗਮਲਿਆਂ, ਬਕਸਿਆਂ ਤੇ ਹੋਰ ਸਮਾਨ ਦੀ ਜਾਂਚ ਕੀਤੀ। ਚੈਕਿੰਗ ਦੌਰਾਨ 433379 ਕੰਟੇਨਰ ਚੈੱਕ ਕੀਤੇ ਗਏ ਅਤੇ 2378 ਕੰਟੇਨਰਾਂ ਵਿਚ ਲਾਰਵਾ ਮਿਲਿਆ। ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਡੇਂਗੂ ਬੁਖ਼ਾਰ ਹੋਣ ਦਾ ਕੋਈ ਪੱਕਾ ਮੌਸਮ ਨਹੀਂ ਪਰ ਆਮ ਤੌਰ 'ਤੇ ਇਹ ਬੁਖ਼ਾਰ ਜੁਲਾਈ ਤੋਂ ਲੈ ਕੇ ਨਵੰਬਰ ਅਖ਼ੀਰ ਤਕ ਜ਼ਿਆਦਾ ਹੁੰਦਾ ਹੈ। ਉਨ੍ਹਾਂ ਲੋਕਾਂ ਨੂੰ ਡੇਂਗੂ ਪ੍ਰਤੀ ਚੌਕਸ ਅਤੇ ਸਾਵਧਾਨ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਅਪਣੇ ਘਰਾਂ ਅਤੇ ਆਲੇ ਦੁਆਲੇ ਕਿਤੇ ਵੀ ਸਾਫ਼ ਜਾਂ ਗੰਦਾ ਪਾਣੀ ਖੜ੍ਹਾ ਨਾ ਹੋਣ ਦੇਣ। ਡੇਂਗੂ ਦੀ ਰੋਕਥਾਮ ਲਈ ਜ਼ਿਲ੍ਹਾ ਵਾਸੀਆਂ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਅਪਣੇ ਤੌਰ 'ਤੇ ਇਸ ਦਿਸ਼ਾ ਵਿਚ ਲਗਾਤਾਰ ਯਤਨ ਕਰ ਰਿਹਾ ਹੈ ਪਰ ਲੋਕਾਂ ਦੀ ਮਦਦ ਨਾਲ ਹੀ ਜ਼ਿਲ੍ਹੇ ਨੂੰ ਡੇਂਗੂ-ਮੁਕਤ ਬਣਾਇਆ ਜਾ ਸਕਦਾ ਹੈ। ਡੇਂਗੂ ਬੁਖ਼ਾਰ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ। ਜੇ ਕੋਈ ਸ਼ੱਕੀ ਡੇਂਗੂ ਪੀੜਤ ਹੈ ਤਾਂ ਤੁਰੰਤ ਨਜ਼ਦੀਕੀ ਹਸਪਤਾਲ ਵਿਚ ਜਾ ਕੇ ਜਾਂਚ ਕਰਵਾਈ ਜਾਵੇ। ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦੀ ਜਾਂਚ ਅਤੇ ਇਲਾਜ ਮੁਫ਼ਤ ਹੁੰਦਾ ਹੈ। ਵਧੇਰੇ ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦ ਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ 'ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ। ਡੇਂਗੂ ਫੈਲਾਉਣ ਵਾਲੇ ਮੱਛਰ ਖੜ੍ਹੇ ਸਾਫ਼ ਪਾਣੀ ਵਿਚ ਪਲਦੇ ਹਨ ਜਿਵੇਂ ਕੂਲਰਾਂ ਵਿਚ, ਪਾਣੀ ਦੀਆਂ ਟੈਂਕੀਆਂ ਵਿਚ, ਫੁੱਲਾਂ ਦੇ ਗਮਲਿਆਂ ਵਿਚ, ਫ਼ਰਿੱਜਾਂ ਪਿੱਛੇ ਲੱਗੀ ਟਰੇਅ ਵਿਚ, ਟੁੱਟੇ-ਭੱਜੇ/ਸੁੱਟੇ ਭਾਂਡਿਆਂ ਅਤੇ ਖ਼ਾਲੀ ਪਏ ਟਾਇਰਾਂ ਅਤੇ ਪਾਣੀ ਵਾਲੇ ਢੋਲਾਂ ਆਦਿ ਵਿਚ।

## ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਗਰੁੱਪ ਦਾ ਨਾਂ ਕੀਤਾ ਰੌਸ਼ਨ



**ਜਲੰਧਰ, (ਇਕਬਾਲ ਸਿੰਘ ਉੱਭੀ)** ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਨੇੜੇ ਐਨ.ਆਈ.ਟੀ ਦੇ ਵਿਦਿਆਰਥੀਆਂ ਨੇ ਜ਼ੋਨ ਵੈਸਟ ਨੰਬਰ ਚਾਰ ਦੇ ਮੁਕਾਬਲੇ ਜਿੱਤ ਕੇ ਗਰੁੱਪ ਦਾ ਨਾਂ ਰੌਸ਼ਨ ਕੀਤਾ ਹੈ। ਗਰੁੱਪ ਦੇ ਫਿਟਨੈਸ ਕੋਚ ਕਰਨਵੀਰ ਸਿੰਘ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ 26 ਸਕੂਲਾਂ (ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਸਮੇਤ) ਨੇ ਭਾਗ ਲਿਆ ਸੀ। ਇਸ ਮੁਕਾਬਲੇ ਵਿੱਚ ਕੁੱਲ 91 ਟੀਮਾਂ ਨੇ ਭਾਗ ਲਿਆ, ਪਰ ਗਰੁੱਪ ਦੇ ਵਿਦਿਆਰਥੀਆਂ ਨੇ ਹਰ ਇੱਕ ਖੇਡ 'ਚ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਜਿੱਤ ਪ੍ਰਾਪਤ ਕੀਤੀ, ਵੱਖ-ਵੱਖ ਖੇਡਾਂ ਵਿੱਚ ਆਪਣੇ ਵਰਗਾਂ ਨਾਲ ਚੁਣੇ ਗਏ ਵਿਦਿਆਰਥੀ ਇਸ ਪ੍ਰਕਾਰ ਹਨ: ਦਿਨੇਸ਼, ਪਵਨਦੀਪ ਸਿੰਘ, ?ਨਵਦੀਪ, ?ਆਸ਼ੀਸ਼, ਸਹਿਜਪ੍ਰੀਤ ਸਿੰਘ ਨੇ ਵਾਲੀਬਾਲ ਮੈਚ ਅੰਡਰ 17 ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਵਿਦਿਆਰਥੀ ਸਾਹਿਲ ਮਹਿਤਾ ਅਤੇ ਹਰਸ਼ਿਤ ਜੋਸ਼ੀ ਦੀ ਕ੍ਰਿਕਟ ਟੀਮ ਵਿੱਚ ਜ਼ਿਲ੍ਹਾ ਪੱਧਰੀ ਮੁਕਾਬਲੇ ਲਈ ਚੋਣ ਕੀਤੀ ਗਈ। ਅੰਡਰ 17, ਆਯੂਸ਼ ਕੁਮਾਰ ਜ਼ਿਲ੍ਹਾ ਪੱਧਰੀ ਬੈਡਮਿੰਟਨ ਟੀਮ ਅੰਡਰ 19 ਵਰਗ ਵਿੱਚ ਚੁਣੇ ਗਏ, ਵਿਦਿਆਰਥੀ ਸ਼ਾਂਤਨੂ ਮਿਸ਼ਰਾ, ਆਦਿਤਿਆ ਸ਼ਰਮਾ, ਬਵਿਸ਼ਿਆ ਟੋਹਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਹੈਂਡਬਾਲ ਜ਼ਿਲ੍ਹਾ ਪੱਧਰੀ ਟੀਮ ਅੰਡਰ 19 ਵਰਗ ਵਿੱਚ ਚੁਣੇ ਗਏ।ਬਾਸਕਟਬਾਲ ਟੀਮ ਵਿੱਚ ਵਿਦਿਆਰਥੀ ਵੱਖ-ਵੱਖ ਵਰਗਾਂ ਜਿਵੇਂ ਕਿ ਅੰਡਰ 14, 17 ਅਤੇ 19 ਵਿੱਚ ਚੁਣੇ ਗਏ ਅਤੇ ਵਿਦਿਆਰਥੀਆਂ ਦੀ ਸੂਚੀ ਵਿੱਚ ਦੇਵ ਪ੍ਰਤਾਪ ਸਿੰਘ, ਸੂਰਜ, ਆਰੀਅਨ, ਅਰੁਣ, ਆਦਿਤਿਆ ਆਨੰਦ, ਗੁਰਸ਼ਨ, ਜਸਕਰਨ ਸਿੰਘ ਅਤੇ ਹਰਸ਼ ਮਹੇ ਸਨ। ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਸਕੂਲ ਦੀ ਇਸ ਪ੍ਰਾਪਤੀ 'ਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਭਵਿੱਖ 'ਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ।

## ਫਿਲੀਪੀਨਜ਼ 'ਚ ਕਪੂਰਥਲਾ ਦੇ ਵਿਅਕਤੀ ਦੀ ਭੇਦਭਰੇ ਹਾਲਾਤ 'ਚ ਮੌਤ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਬਲਾਕ ਸੁਲਤਾਨਪੁਰ ਲੋਧੀ ਦੇ ਪਿੰਡ ਮੇਵਾ ਸਿੰਘ ਵਾਲਾ ਦੇ ਇੱਕ ਵਿਅਕਤੀ ਮਨੀਲਾ ਵਿੱਚ ਭੇਦਭਰੇ ਹਲਾਤਾਂ ਵਿੱਚ ਮੌਤ ਹੋ ਗਈ। ਮ੍ਰਿਤਕ ਕੁਲਦੀਪ ਲਾਲ ਦੀ ਵਿਧਵਾ ਪਤਨੀ ਭਜਨ ਕੌਰ ਨੇ ਦੱਸਿਆ ਕਿ 19 ਮਹੀਨੇ ਪਹਿਲਾਂ ਹੀ ਉਸਦਾ ਪਤੀ ਮਨੀਲਾ ਗਿਆ ਸੀ।ਉਹ ਉੱਥੇ ਪਿੰਡ ਦੇ ਹੀ ਇੱਕ ਵਿਅਕਤੀ ਵੱਲੋਂ ਖੋਹਲੇ ਰੈਸਟਰੋਰੈਂਟ ਵਿੱਚ ਕੰਮ ਕਰਦਾ ਸੀ।ਭਜਨ ਕੌਰ ਦਾ ਕਹਿਣਾ ਸੀ ਕਿ ਉਸਦਾ ਪਤੀ ਹਲਵਾਈ ਦੇ ਕੰਮ ਵਿੱਚ ਮਾਹਿਰ ਸੀ ਇਸੇ ਕਰਕੇ ਹੀ ਉਸਦੇ ਗੁਆਂਢੀਆਂ ਨੇ ਉਸਨੂੰ ਫਿਲਪਾਇਨ ਨਾਲ ਲੈ ਕੇ ਜਾਣ ਦਾ ਫੈਸਲਾ ਕੀਤਾ ਸੀ।ਉਧਰ ਦੂਜੇ ਪਾਸੇ ਇੰਗਲੈਂਡ ਜਾਣ ਤੋਂ ਪਹਿਲਾਂ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੀੜਤ ਪਰਵਾਰ ਦੀ ਮੰਗ 'ਤੇ ਕਾਰਵਾਈ ਕਰਦਿਆਂ ਇਸ ਬਾਬਤ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖਆ ਹੈ। ਭਜਨ ਕੌਰ ਨੇ ਦੱਸਿਆ ਕਿ ਉਹ ਬਹੁਤ ਸਦਮੇ ਵਿੱਚ ਜਦੋਂ ਉਸਨੂੰ ਪਤਾ ਲੱਗਾ ਕਿ ਉਸਦੇ ਪਤੀ ਦੀ ਮੌਤ ਹੋ ਗਈ ਹੈ।ਪੀੜਤ ਪਰਵਾਰ ਕੁਲਦੀਪ ਲਾਲ ਦਾ ਅੰਤਿਮ ਸੰਸਕਾਰ ਕਰਨ ਨੂੰ ਵੀ ਤਰਸ ਰਿਹਾ ਹੈ।ਭਜਨ ਕੌਰ ਤੇ ਧੀ ਕੁਲਬੀਰ ਕੌਰ ਨੇ ਦੱਸਿਆ ਕਿ ਕੁਲਦੀਪ ਲਾਲ (55) ਦੀ ਮਨੀਲਾ ਵਿੱਚ 15 ਅਗਸਤ 2024 ਮੌਤ ਹੋ ਗਈ ਸੀ। ਜਿਸਦੀ ਲਾਸ਼ ਵਾਪਸ ਭੇਜਣ ਦੇ ਬਦਲੇ ਉਹਨਾਂ ਕੋਲੋਂ ਪਿੰਡ ਵਿਚਲਾ 2 ਮਰਲੇ ਦਾ ਘਰ ਆਪਣੇ ਨਾਂਅ ਕਰਨ ਲਈ ਦਬਾਅ ਪਾ ਰਿਹਾ ਹੈ।ਉਹਨਾਂ ਦੱਸਿਆ ਕਿ ਉਹਨਾਂ ਦੇ ਘਰ ਦੇ ਕੀਮਤ ਮਹਿਜ਼ ਤਿੰਨ ਲੱਖ ਤੋਂ ਵੱਧ ਨਹੀ ਪਰ ਫਿਰ ਵੀ ਉਹਨਾਂ ਕੋਲੋਂ ਸਿਰ ਢੱਕਣ ਦਾ ਆਖਰੀ ਸਹਾਰਾ ਵੀ ਖੋਹਣ ਦਾ ਯਤਨ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਕੁਲਦੀਪ ਲਾਲ ਦਸੰਬਰ 2022 ਵਿੱਚ ਘਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਪਣੇ ਗੁਆਂਢੀ ਰਾਹੀ ਵਿਦੇਸ਼ ਗਿਆ ਸੀ। ਆਪਣੇ ਸਾਥੀ ਪਿੰਡ ਵਾਸੀ ਦੇ ਕਹਿਣ 'ਤੇ ਜੋ ਉੱਥੇ ਇੱਕ ਰੈਸਟੋਰੈਂਟ ਖੋਲ੍ਹਣ ਦੀ ਯੋਜਨਾ ਬਣਾ ਰਿਹਾ ਸੀ। ਜਿੰਨਾ ਨੇ ਚੰਗੀ ਤਨਖਾਹ ਅਤੇ ਉੱਜਵਲ ਭਵਿੱਖ ਦਾ ਵਾਅਦਾ ਕਰਦੇ ਹੋਏ ਕੁਲਦੀਪ ਲਾਲ ਨੂੰ ਉਨ੍ਹਾਂ ਦੇ ਨਾਲ ਜਾਣ ਲਈ ਮਨਾ ਲਿਆ।ਪਰ ਜਦੋਂ ਉਹ ਵਿਦੇਸ਼ ਪਹੁੰਚਿਆ ਤਾਂ ਹਾਲਾਤ ਬਦ ਤੋਂ ਬਦਤਰ ਹੋ ਗਏ।ਭਜਨ ਕੌਰ ਅਨੁਸਾਰ, ਮਾਲਕ ਨੇ ਉਸ ਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਸਦੇ ਪਤੀ ਨਾਲ ਗੱਲ ਕਰਨ ਦੀ ਇਜਾਜ਼ਤ ਵੀ ਨਹੀਂ ਦਿੰਦਾ ਸੀ, ਜਿਸ ਕਾਰਨ ਉਹਨਾਂ ਦਾ ਕੁਲਦੀਪ ਲਾਲ ਨਾਲ ਸੰਪਰਕ ਕਾਫੀ ਹੱਦ ਤੱਕ ਟੁੱਟ ਗਿਆ। ਉਹਨਾਂ ਦੋਸ਼ ਲਗਾਉਂਦਿਆਂ ਕਿਹਾ ਕਿ ਉਸਦੇ ਪਤੀ ਦੀ ਲਗਾਤਾਰ ਕੁੱਟਮਾਰ ਕੀਤੀ ਜਾਂਦੀ ਰਹੀ ਅਤੇ ਉਸਨੂੰ ਕਈ ਵਾਰ ਬੇਇੱਜਤ ਕੀਤਾ ਗਿਆ। ਇੱਕ ਵਾਰ ਉਹ ਗੁਰੂ ਘਰ ਵਿਖੇ ਸੇਵਾ ਕਰਨ ਗਿਆ ਤਾਂ ਉੱਥੋਂ ਚੰਗੀ ਤਨਖਾਹ ਦੀ ਪੇਸ਼ਗੀ ਕੀਤੀ ਗਈ। ਉਸ ਦੇ ਮਾਲਕਾਂ ਵੱਲੋਂ ਉਸਦੇ ਵਾਲ ਕੱਟ ਦਿੱਤੇ ਗਏ ਤਾਂ ਜੋ ਉਹ ਮੁੜ ਤੋਂ ਗੁਰੂ ਘਰ ਨਾ ਜਾ ਸਕੇ।

ਵਿਧਵਾ ਭਜਨ ਕੌਰ ਨੇ ਦੱਸਿਆ ਕਿ ਪਿਛਲੇ 19 ਮਹੀਨਿਆਂ ਵਿੱਚ ਕੁਲਦੀਪ ਲਾਲ ਨੇ ਉਹਨਾਂ ਨੂੰ ਸਿਰਫ 40,000 ਰੁਪਏ ਦੀ ਮਾਮੂਲੀ ਰਕਮ ਭੇਜੀ ਗਈ, ਜੋ ਕਿ ਵਾਅਦਾ ਕੀਤੀ ਕਮਾਈ ਤੋਂ ਬਹੁਤ ਦੂਰ ਹੈ।ਉਹਨਾਂ ਦੋਸ਼ ਲਾਇਆ ਕਿ ਉਸ ਦਾ ਮਾਲਕ ਉਸ ਦੇ ਪਤੀ ਦੀ ਕੁੱਟਮਾਰ ਕਰਦਾ ਸੀ। ਉਸ ਨੂੰ ਬੰਦੀ ਬਣਾ ਕੇ ਰੱਖਿਆ ਗਿਆ ਸੀ ਅਤੇ ਉਸ ਦੇ ਉੱਥੇ ਰਹਿਣ ਦੌਰਾਨ ਸੰਭਵ ਤੌਰ ਤੇ ਤਸੀਹੇ ਦਿੱਤੇ ਗਏ ਸਨ। ਉਸਨੇ ਦੱਸਿਆ ਕਿ ਉਹ ਆਪਣੇ ਪਤੀ ਦੀ ਸੁਰੱਖਿਆ ਦੇ ਡਰੋਂ ਚੁੱਪ ਰਹੀ। ਕਿਉਂਕਿ ਉਹ ਆਪਣੇ ਪਤੀ ਦੀ ਘਰ ਵਾਪਸੀ ਨੂੰ ਤਰਜੀਹ ਦੇ ਰਹੀ ਸੀ ਪਰ ਮੌਤ ਦੀ ਖਬਰ ਨੇ ਉਹਨਾਂ ਦਾ ਸਭ ਕੁੱਝ ਖੋਹ ਲਿਆ।

## ਸਮਾਜ ਸੇਵੀ ਪਰਮਜੀਤ ਕੌਰ ਦੀ ਅੰਤਮ ਅਰਦਾਸ ਸਮੇਂ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਮਾਜ ਸੇਵੀ ਬੀਬੀ ਪਰਮਜੀਤ ਕੌਰ (ਪਤਨੀ ਨਰਿੰਦਰ ਪਾਲ ਦੜੌਚ) ਦੀ ਅੰਤਮ ਅਰਦਾਸ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿਪਲਾਂਵਾਲਾ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਭੋਗ ਸਮੇਂ ਕੀਤੀ ਗਈ।ਇਸ ਸ਼ੋਕ ਸਮਾਗਮ ਵਿੱਚ ਪੰਜਾਬ ਭਰ ਤੋਂ ਰਿਸ਼ਤੇਦਾਰ, ਦੋਸਤ, ਮਿੱਤਰ ਸੱਜਣ ਅਤੇ ਸਮਾਜ ਸੇਵੀ ਨੇ ਭਾਰੀ ਗਿਣਤੀ ਵਿੱਚ ਸ਼ਾਮਲ ਹੋ ਕੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਦੁਖਦਾਈ ਸਮੇਂ ਵਿੱਚ ਪਰਮਜੀਤ ਕੌਰ ਦੇ ਦੋਵੇਂ ਲੜਕੇ ਸੁਮਿਤ ਅਤੇ ਨਵੀਨ ਕੈਨੇਡਾ ਤੋਂ ਸ਼ਾਮਲ ਹੋਏ। ਇਸ ਸਮੇਂ ਗਿਆਨੀ ਜੀ ਨੇ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ। ਸ਼ੋਕ ਸਮਾਗਮ 'ਤੇ ਨੰਬਰਦਾਰ ਸੁਖਵਿੰਦਰ ਲਾਲ ਨੇ ਦੱਸਿਆ ਕਿ ਪਰਮਜੀਤ ਕੌਰ ਮਾਸਟਰ ਮਹਿੰਦਰ ਸਿੰਘ ਹੀਰ (ਸ਼ੇਰਪੁਰ ਗੁਲਿੰਡ) ਦੀ ਵੱਡੀ ਬੇਟੀ ਸੀ ਜੋ ਥੋੜ੍ਹੀ ਉਮਰ ਵਿੱਚ ਹੀ ਪਰਵਾਰ ਅਤੇ ਰਿਸ਼ਤੇਦਾਰਾਂ-ਸਾਕ ਸਬੰਧੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਏ।ਉਹਨਾਂ ਇਹ ਵੀ ਦੱਸਿਆ ਕਿ ਉਸ ਨੇ ਛੋਟੀ ਉਮਰ 12 ਸਾਲ ਦੀ ਨੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੇ ਮਿਸ਼ਨ ਦੀ ਪੂਰਤੀ ਲਈ ਆਪਣੀਆਂ ਇਛਾਵਾਂ ਸੁੱਖ-ਸਹੂਲਤਾਂ ਨੂੰ ਛੱਡ ਕੇ ਪਰਵਾਰ ਦੀ ਆਰਥਿਕ ਕਠਿਨਾਈ ਹੋਣ ਦੇ ਬਾਵਜੂਦ ਆਪਣੇ ਪਿਤਾ ਦਾ ਸਾਥ ਦਿੱਤਾ ਅਤੇ ਸ਼ਾਦੀ ਉਪਰੰਤ ਵੀ ਉਸ ਪਰਵਾਰ ਨੂੰ ਵੀ ਇਸ ਮਿਸ਼ਨ ਵੱਲ ਤੋਰਿਆ। ਇਸ ਸ਼ੋਕ ਸਭਾ ਨੂੰ ਲਾਰੈਂਸ ਚੌਧਰੀ (ਕਨਵੀਨਰ ਬਹੁਜਨ ਐਕਸ਼ਨ ਫਰੰਟ ਫਾਰ ਸੋਸ਼ਲ ਜਸਟਿਸ), ਹਰਚੰਦ ਸਿੰਘ ਜਖਵਾਲੀ ਫਤਿਹਗੜ੍ਹ ਸਾਹਿਬ, (ਮੀਤ ਪ੍ਰਧਾਨ ਐਸ.ਐਸ.ਪੀ.), ਕੇਵਲ ਸਿੰਘ ਧੀਰ (ਬੀ.ਡੀ.ਪੀ.), ਹਰਵਿੰਦਰ ਸਿੰਘ ਪ੍ਰਿੰਸ ਅੰਮ੍ਰਿਤਸਰ (ਯੂਥ ਵਿੰਗ ਪੰਜਾਬ), ਬਲਕਾਰ ਸਿੰਘ, ਕਸ਼ਮੀਰੀ ਲਾਲ (ਹੈਲਥ ਆਫੀਸਰ) ਆਦਿ ਨੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਹਨਾਂ ਕਿਹਾ ਕਿ ਅੱਜ ਸ਼ੋਕ ਸਮਾਗਮ ਦਾ ਇਕੱਠ ਇਹ ਦੱਸਦਾ ਹੈ ਕਿ ਪਰਮਜੀਤ ਕੌਰ ਸੱਚਮੁੱਚ ਹੀ ਇਕ ਸਮਾਜ ਸੇਵੀ ਸਨ। ਇਸ ਮੌਕੇ ਨੰਬਰਦਾਰ ਸੁਖਵਿੰਦਰ ਲਾਲ ਨੇ ਦੱਸਿਆ ਕਿ ਦੋਵਾਂ ਪਰਵਾਰਾਂ ਨੇ ਰਲ ਕੇ ਪਰਮਜੀਤ ਕੌਰ ਦੇ ਸਮਾਜ ਅਤੇ ਪਰਵਾਰ ਸਬੰਧੀ ਕੀਤੀਆਂ ਵਧੀਆ ਸੇਵਾਵਾਂ ਨੂੰ ਮੁੱਖ ਰੱਖ ਕੇ ਅੱਜ ਇਸ ਸਮੇਂ ਦੀਨ ਦੁਖੀਆਂ ਦੀ ਸਹਾਇਤਾ ਲਈ 'ਜਪ ਇੰਟਰਨੈਸ਼ਨਲ ਡਾਕਟਰ ਅੰਬੇਡਕਰ ਮੈਮੋਰੀਅਲ ਵੈਲਫੇਅਰ ਟਰੱਸਟ' ਪਿੱਪਲਾਂਵਾਲਾ ਹੁਸ਼ਿਆਰਪੁਰ ਦਾ ਗਠਨ ਕੀਤਾ ਹੈ। ਜਿਸ ਨੂੰ ਦੋਵੇਂ ਪਰਵਾਰਾਂ ਅਤੇ ਸਮਾਜ ਦੇ ਸਹਿਯੋਗ ਨਾਲ ਚਲਾਇਆ ਜਾਵੇਗਾ।

## ਗਜ਼ਟਿਡ, ਨਾਨ ਗਜ਼ਟਿਡ ਐੱਸ ਸੀ ਬੀ ਸੀ ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਕਪੂਰਥਲਾ ਦੀ ਜ਼ਿਲ੍ਹਾ ਕਮੇਟੀ ਦੀ ਚੋਣ



**ਫਗਵਾੜਾ (ਜਸਵਿੰਦਰ ਢੱਡਾ)**- ਫਗਵਾੜਾ ਵਿਖੇ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ ਸੀ ਬੀ ਸੀ ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਕਪੂਰਥਲਾ ਦੀ ਜ਼ਿਲ੍ਹਾ ਕਮੇਟੀ ਦੀ ਚੋਣ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਬੋਦਲ ਅਤੇ ਸੂਬਾ ਵਾਈਸ ਚੇਅਰਮੈਨ ਬਲਰਾਜ ਪਾਲ ਦੀ ਅਗਵਾਈ ਵਿੱਚ ਚੋਣ ਇਜਲਾਸ ਕਰਕੇ ਇੱਕ ਭਰਵੀਂ ਮੀਟਿੰਗ ਵਿੱਚ ਸਰਬ- ਸੰਮਤੀ ਨਾਲ ਕੀਤੀ ਗਈ।ਇਸ ਚੋਣ ਵਿਚ 2024-27 ਨਵੀਂ ਟਰਮ ਲਈ ਜ਼ਿਲ੍ਹਾ ਕਮੇਟੀ ਇਸ ਪ੍ਰਕਾਰ ਗਠਨ ਕੀਤਾ ਗਿਆ । ਇਸ ਚੋਣ ਵਿਚ ਸਤਵੰਤ ਸਿੰਘ ਟੂਰਾ ਨੇ ਮੁੜ ਜ਼ਿਲ੍ਹਾ ਪ੍ਰਧਾਨ ਦੀ ਕਮਾਨ ਸੰਭਾਲੀ।ਸੀਨੀਅਰ ਮੀਤ ਪ੍ਰਧਾਨ ਵਜੋਂ ਬਲਵਿੰਦਰ ਮਸੀਹ, ਜ਼ਿਲ੍ਹਾ ਵਿੱਤ ਸਕੱਤਰ ਮਨਜੀਤ ਗਾਟ, ਜ਼ਿਲ੍ਹਾ ਜਨਰਲ ਸਕੱਤਰ ਲਖਵੀਰ ਚੰਦ ਨੂੰ ਨਿਯੁਕਤ ਕੀਤਾ ਗਿਆ।ਐਡੀਸ਼ਨਲ ਜ਼ਿਲ੍ਹਾ ਪ੍ਰਧਾਨ ਗਿਆਨ ਚੰਦ ਵਾਹਦ, ਐਡੀਸ਼ਨਲ ਸੀਨੀਅਰ ਮੀਤ ਪ੍ਰਧਾਨ ਅਜੀਤ ਸਿੰਘ ਨਵੀਂ ਟਰਮ ਲਈ ਲਈ ਚੁਣੇ ਗਏ ।ਨਵ ਨਿਯੁਕਤ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਟੂਰਾ ਨੇ ਐਸ ਸੀ ਬੀ ਸੀ ਸਮਾਜ ਅਤੇ ਮੁਲਾਜ਼ਮ ਵਰਗ ਦੇ ਮਸਲਿਆਂ ਦੀ ਲੜਾਈ ਹੋਰ ਡਟ ਕੇ ਕਰਨ ਦਾ ਅਹਿਦ ਲਿਆ ਅਤੇ ਅਧਿਆਪਕ ਵਰਗ ਦੇ ਮਸਲਿਆਂ ਅਤੇ ਹੱਕਾਂ 'ਤੇ ਪਹਿਰਾ ਦੇਣ ਦੀ ਗੱਲ ਆਖੀ। ਉਹਨਾਂ ਆਪਣੇ ਸਮਾਜ ਦੇ ਮੁਲਾਜ਼ਮ ਵਰਗ ਦੀਆਂ ਮੰਗਾਂ ਲਈ ਲੜੀ ਜਾ ਰਹੀ ਲੜਾਈ ਨੂੰ ਹੋਰ ਤਿੱਖਾ ਕਰਨ ਦੀ ਗੱਲ ਆਖੀ।ਇਸ ਮੌਕੇ ਕੰਪਿਊਟਰ ਫੈਕਲਟੀ ਦੇ ਸਾਥੀ ਜਥੇਬੰਦੀ ਵਿਚ ਸ਼ਾਮਲ ਹੋਏ ਅਤੇ ਜਗਤਾਰ ਸਿੰਘ ਨੂੰ ਤਹਿਸੀਲ ਕਮੇਟੀ ਅਤੇ ਪ੍ਰਦੀਪ ਨੂੰ ਬਲਾਕ ਕਮੇਟੀ ਵਿੱਚ ਚੁਣਿਆ ਗਿਆ।ਇਸ ਚੋਣ ਦੌਰਾਨ ਕਾਰਜਕਾਰੀ ਕਮੇਟੀ ਦੇ ਮੈਂਬਰਾਂ ਵਿੱਚ ਸੰਤੋਖ ਸਿੰਘ ਮੱਲ੍ਹੀ ਸੀ ਐਚ ਟੀ, ਅਮਰੀਕ ਸਿੰਘ, ਕੁਲਦੀਪ ਕੁਮਾਰ ਸ਼ਾਮਲ ਸਨ। ਵਿਨੋਦ ਕੁਮਾਰ ਨੇ ਸਟੇਜ ਸੰਚਾਲਕ ਵਜੋਂ ਡਿਊਟੀ ਨਿਭਾਈ ।ਮੀਟਿੰਗ ਵਿੱਚ ਮਹਿਲਾ ਵਿੰਗ ਵਲੋਂ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਗਈ। ਇਸ ਤੋਂ ਇਲਾਵਾ ਪ੍ਰਵੀਨ ਭੁੱਟਾ, ਗਿਆਨ ਸਿੰਘ, ਕਮਲੇਸ਼ ਸੰਧੂ, ਸੁਖਦੇਵ ਸਿੰਘ, ਬਲਵਿੰਦਰ ਨਿਧੜਕ, ਮਨਜੀਤ ਕੌਰ, ਅਨੁਪਮ ਕੰਵਲ, ਜੋਤੀ ਕੁਮਾਰੀ, ਆਸ਼ਾ ਰਾਣੀ, ਮਨਿੰਦਰ ਕੌਰ, ਰੇਨੂੰ ਬਾਲਾ, ਅਮਰਜੀਤ ਕੌਰ, ਕਮਲੇਸ਼ ਕੌਰ, ਬਿਮਲਾ ਰਾਣੀ, ਨੀਤੂ ਲੇਖ, ਦੀਪਕ ਕੁਮਾਰ, ਜਸਵੀਰ ਕੁਮਾਰ, ਅਸ਼ੋਕ ਕੁਮਾਰ, ਗੁਰਸੇਵਕ ਸਿੰਘ, ਪਰਮਜੀਤ ਲਾਲ, ਰੇਸ਼ਮ ਰਾਮਪੁਰੀ, ਹਰਜਿੰਦਰ ਸਿੰਘ, ਪਵਨ ਕੁਮਾਰ, ਕੁਲਦੀਪ ਰਾਮ, ਪ੍ਰਵੀਨ ਕੁਮਾਰ, ਰਾਜੇਸ਼ ਕੁਮਾਰ, ਰਾਮ ਪਾਲ, ਰਵਿੰਦਰ ਕੁਮਾਰ, ਸੁਰਿੰਦਰ ਕੁਮਾਰ, ਜਸਵਿੰਦਰ ਕੁਮਾਰ, ਨਰੇਸ਼ ਕੁਮਾਰ ਅਤੇ ਹੋਰ ਬਹੁਤ ਸਾਰੇ ਸਾਥੀ ਸ਼ਾਮਲ ਸਨ।

# 'ਈ ਪੰਜਾਬ ਪੋਰਟਲ ਦੀ ਖ਼ਰਾਬੀ ਕਾਰਨ ਬਦਲੀਆਂ 'ਚ ਹੋਈ ਪ੍ਰੇਸ਼ਾਨੀ ਲਈ ਅਧਿਆਪਕਾਂ ਨੂੰ ਹੋਰ ਸਮਾਂ ਦਿੱਤਾ ਜਾਵੇ'



**ਮਹਿਤਪੁਰ/ਜਲੰਧਰ (ਰਾਜਾ, ਰਜੇਸ਼ ਥਾਪਾ)** ਗੌਰਮਿੰਟ ਟੀਚਰਜ ਯੂਨੀਅਨ ਪੰਜਾਬ (ਵਿਗਿਆਨਿਕ) ਨੇ ਅਧਿਆਪਕਾਂ ਦਾ ਡਾਟਾ ਮਿਸਮੈਚ ਹੋਣ ਅਤੇ ਈ-ਪੰਜਾਬ ਪੋਰਟਲ ਦੀ ਖ਼ਰਾਬੀ ਕਾਰਨ ਪ੍ਰੇਸ਼ਾਨ ਰਹੇ ਅਧਿਆਪਕਾਂ ਲਈ ਬਦਲੀ ਸੰਬੰਧੀ ਡਾਟਾ ਠੀਕ ਕਰਨ ਲਈ ਹੋਰ ਸਮਾਂ ਤੇ ਈ-ਪੰਜਾਬ ਪੋਰਟਲ ਦੀ ਪ੍ਰਕਿਰਿਆ 'ਤੇ ਸੁਧਾਰ ਦੀ ਮੰਗ ਕੀਤੀ ਹੈ।ਜਥੇਬੰਦੀ ਦੇ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ, ਜਨਰਲ ਸਕੱਤਰ ਸੁਰਿੰਦਰ ਕੰਬੋਜ, ਵਿੱਤ ਸਕੱਤਰ ਸੋਮ ਸਿੰਘ, ਐਨ ਡੀ ਤਿਵਾੜੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਵਿਭਾਗ ਵੱਲੋਂ ਮਿਸਮੈਚ ਡਾਟਾ ਸਹੀ ਕਰਨ ਲਈ ਸਮਾਂ ਤਾਂ ਦਿੱਤਾ ਗਿਆ, ਪਰ ਈ-ਪੰਜਾਬ ਪੋਰਟਲ ਨਾ ਚੱਲਣ ਕਾਰਨ ਸੈਂਕੜੇ ਅਧਿਆਪਕ ਮਿਸਮੈਚ ਡਾਟਾ ਦਰੁਸਤ ਕਰਨ ਤੋਂ ਵਾਂਝੇ ਰਹਿ ਗਏ ਹਨ। ਇਸ ਤੋਂ ਇਲਾਵਾ 26 ਤਰੀਕ ਨੂੰ ਪੋਰਟਲ ਨਾ ਚੱਲਣ ਕਾਰਨ ਜਿਨਾਂ ਅਧਿਆਪਕਾਂ ਦਾ ਡਾਟਾ ਠੀਕ ਵੀ ਸੀ ਉਹ ਆਪਣੀ ਸਟੇਸ਼ਨ ਚੋਇਸ ਵੀ ਨਹੀਂ ਕਰ ਸਕੇ ਕਿਉਂਕਿ 26 ਤਰੀਕ ਨੂੰ ਬਾਅਦ ਦੁਪਹਿਰ ਤੋਂ ਹੀ ਪੋਰਟਲ ਤਕਨੀਕੀ ਖਰਾਬੀ ਕਾਰਨ ਬੰਦ ਹੋ ਗਿਆ ਸੀ। ਇਸ ਕਰਕੇ ਇਸ ਪ੍ਰੇਸ਼ਾਨੀ ਦੇ ਚਲਦਿਆਂ ਅੱਜ ਵੀ ਬਹੁਤ ਸਾਰੇ ਅਧਿਆਪਕ ਡਾਇਰੈਕਟਰ ਸਕੂਲ ਐਜੂਕੇਸ਼ਨ ਦੇ ਦਫਤਰ ਮੁਹਾਲੀ ਵਿਖੇ ਐਮ ਆਈ ਐਸ.ਕੁਆਰਡੀਨੇਟਰ ਨਾਲ ਰਾਬਤਾ ਕਰਨ ਲਈ ਸਵੇਰੇ ਹੀ ਪਹੁੰਚ ਗਏ ਪਰ ਉਸ ਦਫ਼ਤਰ ਵੱਲੋਂ ਲਾਰਿਆਂ ਤੋਂ ਇਲਾਵਾ ਕੁਝ ਨਹੀਂ ਦਿੱਤਾ ਗਿਆ। ਜਥੇਬੰਦੀ ਮੰਗ ਕਰਦੀ ਹੈ ਕਿ ਈ ਪੰਜਾਬ ਪੋਰਟਲ ਨੂੰ ਠੀਕ ਕੀਤਾ ਜਾਵੇ ਅਤੇ ਅਧਿਆਪਕਾਂ ਨੂੰ ਆਪਣਾ ਡਾਟਾ ਠੀਕ ਕਰਨ ਲਈ ਹੋਰ ਸਮਾਂ ਦਿੱਤਾ ਜਾਵੇ।ਇਸ ਮੌਕੇ ਗੁਰਜੀਤ ਸਿੰਘ ਮੁਹਾਲੀ, ਕੰਵਲਜੀਤ ਸਿੰਘ ਸੰਗੋਵਾਲ, ਜਤਿੰਦਰ ਸਿੰਘ ਸੋਨੀ, ਪਰਗਟ ਸਿੰਘ ਜੰਬਰ, ਗੁਰਪ੍ਰੀਤ ਸਿੰਘ ਸੰਧੂ, ਜਰਨੈਲ ਸਿੰਘ ਜੰਡਾਲੀ, ਲਾਲ ਚੰਦ ਨਵਾਂ ਸ਼ਹਿਰ, ਸੁੱਚਾ ਸਿੰਘ ਰੋਪੜ, ਜਗਤਾਰ ਸਿੰਘ ਫਤਿਹਗੜ੍ਹ ਸਾਹਿਬ, ਗੁਰਮੀਤ ਸਿੰਘ ਖਾਲਸਾ ਆਦਿ ਆਗੂ ਹਾਜ਼ਰ ਸਨ।

# ਹਰੇਕ ਮਹੀਨੇ ਦੀ 9 ਤੇ 23 ਤਰੀਕ ਨੂੰ ਹਾਈ ਰਿਸਕ ਗਰਭਵਤੀ ਔਰਤਾਂ ਦੀ ਮਾਹਰ ਡਾਕਟਰ ਤੋਂ ਕਰਵਾਈ ਜਾਵੇ ਜਾਂਚ : ਡਾ. ਰਮਨ ਗੁਪਤਾ

**ਜਲੰਧਰ ( ਸ਼ੈਲੀ ਐਲਬਰਟ )**-ਕਾਰਜਕਾਰੀ ਸਿਵਲ ਸਰਜਨ ਡਾ. ਜੋਤੀ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮੰਗਲਵਾਰ ਨੂੰ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਰਮਨ ਗੁਪਤਾ ਦੀ ਅਗਵਾਈ ਹੇਠ ਮੈਟਰਨਲ ਡੈੱਥ ਰੀਵਿਊ (ਐਮ.ਡੀ.ਆਰ) ਮੀਟਿੰਗ ਹੋਈ। ਜਿਸ ਵਿੱਚ ਅਗਸਤ ਮਹੀਨੇ ਦੌਰਾਨ ਹੋਈਆਂ ਮੌਤਾਂ ਦਾ ਰੀਵਿਊ ਕੀਤਾ ਗਿਆ। ਮੈਟਰਨਲ ਡੈੱਥਸ ਉਹ ਕੇਸ ਹੁੰਦੇ ਹਨ ਜਿਨ੍ਹਾਂ ਵਿੱਚ ਗਰਭਵਤੀ ਦੀ ਮੌਤ ਗਰਭ ਅਵਸਥਾ ਦੌਰਾਨ, ਜਣੇਪੇ ਦੌਰਾਨ ਜਾਂ ਜਣੇਪੇ ਦੇ 42 ਦਿਨਾਂ ਦੇ ਅੰਦਰ ਹੋਈ ਹੋਵੇ।। ਮੀਟਿੰਗ ਦੌਰਾਨ ਡਾ. ਰਮਨ ਗੁਪਤਾ ਵੱਲੋਂ ਜ਼ਿਲ੍ਹੇ ਦੀਆਂ ਹੋਈਆਂ ਇਹ ਮੌਤਾਂ ਹੋਣ ਦੇ ਕਾਰਨਾਂ ਦੀ ਸਮੀਖਿਆ ਕੀਤੀ ਗਈ ਅਤੇ ਭਵਿੱਖ ਵਿੱਚ ਉਨ੍ਹਾਂ ਕਾਰਨਾਂ ਨੂੰ ਦੂਰ ਕਰਨ ਦੇ ਲਈ ਜ਼ਰੂਰੀ ਉਪਰਾਲੇ ਕਰਨ ਦੀ ਹਦਾਇਤ ਕੀਤੀ ਗਈ। ਉਨ੍ਹਾਂ ਕਿਹਾ ਕਿ ਗਰਭਵਤੀ ਔਰਤਾਂ ਦਾ ਸੌ ਫੀਸਦੀ ਐਂਟੀਨੇਟਲ ਚੈੱਕਅਪ ਅਤੇ ਲੋੜੀਂਦੇ ਸਾਰੇ ਮੈਡੀਕਲ ਟੈਸਟ ਕਰਵਾਉਣੇ ਯਕੀਨੀ ਬਣਾਏ ਜਾਣ। ਉਨ੍ਹਾਂ ਕਿਹਾ ਕਿ ਏ.ਐਨ.ਐਮਜ਼ ਅਤੇ ਆਸ਼ਾ ਵਰਕਰਜ਼ ਦਾ ਹੋਮ ਵਿਜ਼ਿਟ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਲੋਕਾਂ ਨੂੰ ਸੰਸਥਾਗਤ ਜਣੇਪੇ ਕਰਵਾਉਣ ਲਈ ਵੱਧ ਤੋਂ ਵੱਧ ਜਾਗਰੂਕ ਕਰਦੇ ਹੋਏ ਸਰਕਾਰੀ ਹਸਪਤਾਲ ਵਿੱਚ ਹੀ ਗਰਭਵਤੀ ਔਰਤਾਂ ਦੀ ਡਿਲਿਵਰੀ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ। ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਰਮਨ ਗੁਪਤਾ ਨੇ ਦੱਸਿਆ ਕਿ ਸਾਲ 2023-24 ਦੌਰਾਨ ਸੂਬੇ ਵਿੱਚ ਮੈਟਰਨਲ ਮੋਰਟੇਲਿਟੀ ਰੇਟ 105 ਹੈ ਅਤੇ ਜਲੰਧਰ ਜਿਲ੍ਹੇ ਵਿੱਚ ਮੈਟਰਨਲ ਮੋਰਟੇਲਿਟੀ ਰੇਟ 86 ਹੈ । ਉਨ੍ਹਾਂ ਆਸ਼ਾ ਵਰਕਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਹਰੇਕ ਮਹੀਨੇ ਦੀ 9 ਅਤੇ 23 ਤਰੀਕ ਨੂੰ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ (ਪੀ.ਐਮ.ਐਸ.ਐਮ.ਏ.) ਤਹਿਤ ਹਰੇਕ ਹਾਈ ਰਿਸਕ ਗਰਭਵਤੀ ਔਰਤ ਦਾ ਔਰਤਾਂ ਦੇ ਮਾਹਰ ਡਾਕਟਰ ਤੋਂ ਮੁਆਇਨਾ ਕਰਵਾਉਣ ਦੇ ਨਾਲ-ਨਾਲ ਮੈਡੀਕਲ ਸਪੈਸ਼ਲਿਸਟ ਡਾਕਟਰ ਨੂੰ ਚੈੱਕ ਕਰਵਾਇਆ ਜਾਵੇ। ਇਸ ਮੌਕੇ ਐਸ.ਐਮ.ਓ. ਗਾਇਨੀ ਡਾ. ਵਰਿੰਦਰ ਕੌਰ ਥਿੰਦ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਗੁਰਦੀਪ ਸਿੰਘ ਅਤੇ ਸਿਹਤ ਸਟਾਫ ਮੌਜੂਦ ਸੀ।

# ਪ੍ਰਿੰਸੀਪਲ ਇੰਦਰਜੀਤ ਕੌਰ ਨੇ ਗੌਰਮਿੰਟ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੰਬੇਲੀ ਦਾ ਚਾਰਜ ਸੰਭਾਲਿਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪ੍ਰਿੰਸੀਪਲ ਇੰਦਰਜੀਤ ਕੌਰ ਪਤਨੀ ਡਾਕਟਰ ਜਸਵੰਤ ਸਿੰਘ (ਸੀਨੀਅਰ ਮੈਡੀਕਲ ਅਫਸਰ ਮਾਹਿਲਪੁਰ) ਨੇ ਗੌਰਮਿੰਟ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੰਬੇਲੀ, ਸਕੂਲ ਵਿਖੇ ਬਤੌਰ ਪ੍ਰਿੰਸੀਪਲ ਜੁਆਇਨ ਕੀਤਾ। ਇਹ ਅੱਠ ਮਹੀਨੇ ਤੋਂ ਸੀਟ ਖਾਲੀ ਸੀ।ਉਹਨਾਂ ਨੇ ਸਕੂਲ ਸਟਾਫ਼ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਜਾਣਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਵਿਦਿਆਰਥੀਆਂ ਨੂੰ ਸਹੀ ਤੇ ਮਿਆਰੀ ਸਿੱਖਿਆ ਦੇਣ ਲਈ ਸਟਾਫ ਤੋਂ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ 'ਤੇ ਡਾਕਟਰ ਜਸਵੰਤ ਸਿੰਘ ਸੀਨੀਅਰ ਮੈਡੀਕਲ ਅਫਸਰ ਮਾਹਿਲਪੁਰ, ਬਲਾਕ ਨੋਡਲ ਅਫਸਰ ਪ੍ਰਿੰਸੀਪਲ ਕਿਰਪਾਲ ਸਿੰਘ (ਜੀ.ਐਸ.ਐਸ. ਐਸ. ਪੱਦੀ ਸੂਰਾ ਸਿੰਘ), ਅਤੇ ਜੀ.ਐਸ.ਐਸ.ਐਸ. ਬੱਡਾ ਸਟਾਫ਼ ਮਨਜੀਤ ਸਿੰਘ (ਲੈਕਚਰਾਰ ਰਾਜਨੀਤੀ ਵਿਗਿਆਨ), ਪਰਮਿੰਦਰ ਸਿੰਘ (ਸਮਾਜਿਕ ਵਿਗਿਆਨ ਅਧਿਆਪਕ), ਅਜੈ ਕੁਮਾਰ (ਸਾਇੰਸ ਮਾਸਟਰ), ਸ਼੍ਰੀਮਤੀ ਸੁਨੀਤਾ ਕੁਮਾਰੀ (ਹਿੰਦੀ ਅਧਿਆਪਕਾ), ਸ਼੍ਰੀਮਤੀ ਸੰਦੀਪ ਕੌਰ ਅਤੇ ਸ੍ਰੀਮਤੀ ਰੀਟਾ ਰਾਣੀ (ਕੰਪਿਊਟਰ ਫੈਕਲਟੀ), ਜੀ.ਐਸ.ਐਸ. ਐਸ. ਬੰਬੇਲੀ ਸਟਾਫ਼ ਸੰਤੋਖ ਸਿੰਘ (ਲੈਕਚਰਾਰ ਪੰਜਾਬੀ), ਸ਼੍ਰੀਮਤੀ ਸਵਿਤਾ ਕੁਮਾਰੀ (ਲੈਕਚਰਾਰ ਇਤਿਹਾਸ), ਸ੍ਰੀਮਤੀ ਕੁਮਾਰੀ ਨੀਲਮ (ਪੰਜਾਬੀ ਅਧਿਆਪਕਾ), ਸੰਜੀਵ ਕੁਮਾਰ (ਅੰਗਰੇਜ਼ੀ ਅਧਿਆਪਕ), ਸ਼੍ਰੀਮਤੀ ਵਿਪਨ ਬਾਲਾ (ਸਾਇੰਸ ਅਧਿਆਪਕਾ), ਸ਼੍ਰੀਮਤੀ ਨਵਜੋਤ ਕੌਰ (ਗਣਿਤ ਅਧਿਆਪਕਾ), ਸੁਖਵਿੰਦਰ ਪਾਲ, (ਐਸ.ਐਸ.ਟੀ ਅਧਿਆਪਕ) ਸ਼੍ਰੀਮਤੀ ਪਰਮਜੀਤ ਕੌਰ, (ਗਣਿਤ ਅਧਿਆਪਕਾ) ਰਵੀ ਕੁਮਾਰ (ਸਾਇੰਸ ਅਧਿਆਪਕ), ਸ਼੍ਰੀਮਤੀ ਬਲਬੀਰ ਕੌਰ (ਹਿੰਦੀ ਅਧਿਆਪਕਾ), ਕਮਲਜੀਤ ਕੌਰ(ਸਰੀਰਕ ਸਿੱਖਿਆ ਅਧਿਆਪਕਾ), ਮਨਦੀਪ ਕੌਰ (ਕੰਪਿਊਟਰ ਸਾਇੰਸ ਅਧਿਆਪਕ), ਬੇਅੰਤ ਸਿੰਘ, ਕੰਪਿਊਟਰ ਫੈਕਲਟੀ, ਸਾਹਿਬ ਸਿੰਘ (ਦਫਤਰ ਕਲਰਕ), ਪਰਮਿੰਦਰ ਸਿੰਘ (ਵਿਗਿਆਨ ਪ੍ਰਯੋਗਸ਼ਾਲਾ ਸਹਾਇਕ), ਅਮਨਦੀਪ ਸਿੰਘ, (ਟੈਲੀ ਸੰਚਾਰ ਅਧਿਆਪਕ), ਜਤਿੰਦਰ ਸਿੰਘ ਰਾਣਾ (ਕੈਂਪਸ ਮੈਨੇਜਰ) ਅਤੇ ਸ਼੍ਰੀ ਚਾਂਦੀ ਲਾਲ (ਸੇਵਾਦਾਰ), ਸ਼੍ਰੀਮਤੀ ਜਗੀਰ ਕੌਰ (ਸਫਾਈ ਸੇਵਕ) ਸੁਖਵਿੰਦਰ ਪਾਲ (ਸੇਵਾਦਾਰ) ਹਾਜ਼ਰ ਸਨ।

# ਪਿੰਡ ਪੱਧਰ 'ਤੇ ਖੋਲ੍ਹੇ ਗਏ ਲੀਗਲ ਏਡ ਕਲੀਨਿਕ ਹੋਣਗੇ ਦੁਬਾਰਾ ਸ਼ੁਰੂ

**ਨਵਾਂਸ਼ਹਿਰ(ਮਨੋਜ ਲਾਡੀ)** ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ ਏ ਐਸ ਨਗਰ ਤੋਂ ਪ੍ਰਾਪਤ ਹੁਕਮਾਂ ਤਹਿਤ ਜ਼ਿਲ੍ਹਾ ਅਤੇ ਸੈਸ਼ਨ ਜੱਜ ਮਾਣਯੋਗ ਪ੍ਰੀਆ ਸੂਦ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪਿੰਡ ਪੱਧਰ 'ਤੇ ਖੋਲ੍ਹੇ ਗਏ ਲੀਗਲ ਏਡ ਕਲੀਨਿਕ, ਜੋ ਕਿ ਕਰੋਨਾ ਕਾਲ ਦੌਰਾਨ ਬੰਦ ਕਰ ਦਿੱਤੇ ਗਏ ਸਨ, ਉਹਨਾਂ ਨੂੰ ਦੁਬਾਰਾ ਚਾਲੂ ਕੀਤਾ ਜਾਵੇਗਾ। ਜਿੱਥੋਂ ਲੋਕ ਮੁਫ਼ਤ ਕਾਨੂੰਨੀ ਸੇਵਾਵਾਂ ਤੋਂ ਇਲਾਵਾ ਹੋਰ ਲਾਭਪਾਤਰੀ ਸਕੀਮਾਂ ਦੀ ਜਾਣਕਾਰੀ ਹਾਸਿਲ ਕਰਨਗੇ।ਇਹ ਜਾਣਕਾਰੀ ਡਾ. ਅਮਨਦੀਪ ਸਿਵਲ ਜੱਜ (ਸੀਨੀਅਰ ਡਵੀਜ਼ਨ) ਸੀ ਜੇ ਐਮ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਵਲੋਂ ਅਥਾਰਟੀ ਦੇ ਪੈਰਾ ਲੀਗਲ ਵਲੰਟੀਅਰਾਂ ਨਾਲ ਪਹਿਲੀ ਬੈਠਕ ਦੌਰਾਨ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ ਜਲਦੀ ਹੀ ਲੀਗਲ ਏਡ ਕਲੀਨਿਕ ਸ਼ੁਰੂ ਕੀਤੇ ਜਾਣਗੇ, ਜਿੱਥੇ ਹਫ਼ਤੇ ਦੇ ਦੋ ਦਿਨ ਪੈਰਾ ਲੀਗਲ ਵਲੰਟੀਅਰ ਸੇਵਾਵਾਂ ਦੇਣਗੇ।

ਇਸ ਮੌਕੇ ਵਾਸਦੇਵ ਪਰਦੇਸੀ, ਦੇਸ ਰਾਜ ਬਾਲੀ, ਬਲਦੇਵ ਭਾਰਤੀ, ਵੀਨਾ ਸ਼ਰਮਾ, ਰੋਹਿਤ ਜਾਂਗੜਾ,ਸਾਗਰ ਘਈ, ਵਿਜੇ ਰਾਣਾ, ਜਸਵਿੰਦਰ ਕੌਰ, ਅਵਤਾਰ ਸਿੰਘ ਚੁੰਬਰ, ਹਰਭਜਨ ਸਿੰਘ ਅਤੇ ਪਰਮਜੀਤ ਕੌਰ ਆਦਿ ਹਾਜ਼ਰ ਸਨ।

# ਅਹੀਆਪੁਰ ਟਾਂਡਾ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਿਹਾੜੇ ਤੇ ਸਲਾਨਾ ਭੰਡਾਰਾ



**ਟਾਂਡਾ ਉੜਮੁੜ, ( ਜਸਵਿੰਦਰ ਸੰਧ, ਉਂਕਾਰ ਸਿੰਘ )**- ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਾਵਨ ਦਿਹਾੜੇ ਤੇ ਜਸਰਾ ਗੋਤ ਜਠੇਰੇ ਪ੍ਰਬੰਧਕ ਕਮੇਟੀ ਵੱਲੋਂ ਸਲਾਨਾ ਭੰਡਾਰਾ ਸ੍ਰੀ ਰਾਮ ਮੰਦਰ ਅਹੀਆਪੁਰ ਵਿਖੇ ਧੂਮਧਾਮ ਨਾਲ ਮਨਾਇਆ ਗਿਆ। ਕਮੇਟੀ ਪ੍ਰਧਾਨ ਵਿਪਨ ਜਸਰਾ, ਉਪ ਪ੍ਰਧਾਨ ਚੀਨੂੰ ਜਸਰਾ, ਕੈਸ਼ੀਅਰ ਵਿਕਾਸ ਜਸਰਾ ਦੀ ਅਗਵਾਈ ਤੇ ਸਮੂਹ ਪ੍ਰਬੰਧਕ ਸੇਵਾਦਾਰਾਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਲਾਨਾ ਭੰਡਾਰੇ ਵਿੱਚ ਪੰਜਾਬ ਭਰ ਚੋਂ ਜਸਰਾ ਗੋਤ ਦੇ ਪਰਵਾਰ ਨਾਲ ਸੰਬੰਧਤ ਸੰਗਤਾਂ ਨੇ ਭਾਗ ਲਿਆ। ਇਸ ਮੌਕੇ ਪਵਿੱਤਰ ਅਸਥਾਨ 'ਤੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ ਉਪਰੰਤ ਗਾਇਕ ਕਲਾਕਾਰ ਦੀਪਕ ਕਲੋਆ ਤੇ ਸ਼ਿਵ ਭਗਤ ਜੰਗਮ ਮੰਡਲੀ ਨੇ ਪ੍ਰਭੂ ਦੀ ਮਹਿਮਾ ਦਾ ਗੁਣਗਾਣ ਕੀਤਾ।ਇਸ ਸਮਾਗਮ ਵਿੱਚ ਹਾਜ਼ਰੀ ਲਗਵਾਉਣ ਲਈ ਪਹੁੰਚੇ ਵਿਧਾਇਕ ਜਸਵੀਰ ਸਿੰਘ ਰਾਜਾ ਤੇ ਚੇਅਰਮੈਨ ਨਗਰ ਸੁਧਾਰ ਸਭਾ ਹੁਸ਼ਿਆਰਪੁਰ ਹਰਮੀਤ ਸਿੰਘ ਔਲਖ ਨੇ ਪ੍ਰਬੰਧਕ ਸੇਵਾਦਾਰਾਂ ਨੂੰ ਸਲਾਨਾ ਭੰਡਾਰੇ ਦੀ ਮੁਬਾਰਕਬਾਦ ਦਿੰਦੇ ਹੋਏ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਵਿਪਨ ਜਸਰਾ ਅਤੇ ਪ੍ਰਵਾਸੀ ਭਾਰਤੀ ਟਿੰਮੀ ਜਸਰਾ ਦੀ ਅਗਵਾਈ ਵਿੱਚ ਸਮੂਹ ਸੇਵਾਦਾਰਾਂ ਵੱਲੋਂ ਪਹੁੰਚੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸ਼ਿਵ ਸੈਨਾ ਉੱਤਰ ਭਾਰਤ ਦੇ ਪ੍ਰਧਾਨ ਮਿੱਕੀ ਪੰਡਿਤ, ਗਗਨ ਭੱਟੀ, ਸਤੀਸ਼ ਪਾਸੀ, ਹਰੀ ਕ੍ਰਿਸ਼ਨ ਸੈਣੀ, ਪ੍ਰੇਮ ਪਡਵਾਲ, ਰਾਜਨ ਸੋਂਧੀ, ਹੈਰੀ ਜਾਜਾ, ਸਚਿਨ ਪੁਰੀ, ਪ੍ਰੇਮ ਪਡਵਾਲ, ਮਹਿੰਦਰ ਅਹੀਆਪੁਰੀ ਰਾਮ ਰਕਸ਼ਪਾਲ ਜਸਰਾ, ਰਾਜੇਸ਼ ਰਾਜੂ ਜਸਰਾ, ਪਿਊਸ਼ ਚਾਵਲਾ, ਬੌਬੀ ਜਸਰਾ, ਨਰੇਸ਼ ਜਸਰਾ ਫਿਰੋਜ਼ਪੁਰ, ਅਨਿਲ ਜਸਰਾ ਲੁਧਿਆਣਾ, ਵਿੱਕੀ ਜਸਰਾ, ਕੁਮਾਰ ਗੌਰਵ ਜਸਰਾ ਹੁਸ਼ਿਆਰਪੁਰ, ਅਜੇ ਜਸਰਾ, ਸੁਰਯੰਸ ਜਸਰਾ, ਕਰਨ ਜਸਰਾ, ਪੰਡਿਤ ਸਬੋਧ ਸ਼ਾਸਤਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੇਵਾਦਾਰ ਤੇ ਸੰਗਤਾਂ ਹਾਜ਼ਰ ਸਨ।

# 9 ਨੂੰ ਸੂਬੇ ਦੇ ਸਾਰੇ ਸਰਕਾਰੀ ਹਸਪਤਾਲਾਂ 'ਚ ਸਿਹਤ ਸੇਵਾਵਾਂ ਪੂਰੀ ਤਰ੍ਹਾਂ ਠੱਪ ਕਰਨ ਦਾ ਫੈਸਲਾ

**ਨਵਾਂਸ਼ਹਿਰ, ( ਮਨੋਜ ਲਾਡੀ )**- ਪੀ . ਸੀ. ਐੱਮ. ਐੱਸ ਯੂਨੀਅਨ ਦੇ ਸਥਾਨਕ ਪ੍ਰਧਾਨ ਅਤੇ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਪੀ. ਸੀ. ਐੱਮ. ਐੱਸ. ਏ. ਪੰਜਾਬ ਨੇ 6ਵੀਂ ਸੀ. ਪੀ. ਸੀ. ਦੇ ਬਕਾਏ ਅਤੇ ਹੋਰ ਮੰਗਾਂ ਨੂੰ ਲੈ ਕੇ 9 ਸਤੰਬਰ ਨੂੰ ਸੂਬੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿਚ ਅਣਮਿੱਥੇ ਸਮੇਂ ਲਈ ਹੜਤਾਲ ਕਰ ਕੇ ਸਿਹਤ ਸੇਵਾਵਾਂ ਨੂੰ ਪੂਰੀ ਤਰ੍ਹਾਂ ਠੱਪ ਕਰਨ ਦਾ ਫੈਸਲਾ ਕੀਤਾ ਗਿਆ ।ਉਨ੍ਹਾਂ ਕਿਹਾ ਕਿ ਹਸਪਤਾਲਾਂ ਵਿੱਚ ਖਾਲੀ ਪਈਆਂ ਅਸਾਮੀਆਂ ਉੱਤੇ ਡਾਕਟਰਾਂ ਦੀ ਭਰਤੀ ਦੀ ਮੰਗ ਉੱਤੇ ਭਾਵੇਂ ਸਰਕਾਰ ਨੇ 4 ਸਾਲਾਂ ਦੇ ਲੰਮੇ ਅਰਸੇ ਮਗਰੋਂ 400 ਰੈਗੂਲਰ ਡਾਕਟਰਾਂ ਦੀ ਭਰਤੀ ਕਰਨ ਦਾ ਸ਼ਲਾਘਾਯੋਗ ਫੈਸਲਾ ਲਿਆ ਹੈ ਪਰ ਇਸ ਦੇ ਮੁਕਾਬਲੇ ਮੈਡੀਕਲ ਅਫਸਰਾਂ ਦੀ ਖੱਜਲ- ਖੁਆਰੀ ਅਜਿਹੇ 'ਚ ਹਰ ਸਾਲ ਮੁਹਿੰਮ ਚਲਾਉਣ ਦੀ ਲੋੜ ਹੈ ਤਾਂ ਜੇ ਹਸਪਤਾਲਾਂ ਨੂੰ ਡਾਕਟਰਾਂ ਦੀ ਘਾਟ ਦਾ ਸਾਹਮਣਾ ਨਾ ਕਰਨਾ ਪਵੇ, ਜਿਸ ਨਾਲ ਲੋਕਾਂ ਨੂੰ ਉਪਲੱਬਧ ਸਿਹਤ ਸਹੂਲਤਾਂ ਪ੍ਰਭਾਵਿਤ ਹੁੰਦੀਆਂ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਗੁਆਂਢੀ ਰਾਜਾ ਦੀ ਤਰਜ਼ 'ਤੇ ਡਾਕਟਰਾਂ ਦੀਆਂ ਸਮੇਂ ਸਿਰ ਤਰੱਕੀਆਂ ਦਿੱਤੀਆਂ ਜਾਣ, ਤਨਖਾਹ ਅਤੇ ਭੱਤੇ 'ਚ ਔਖੀਆਂ ਡਿਊਟੀਆਂ ਦੇ ਬਦਲੇ 'ਚ ਵਾਧਾ ਕੀਤਾ ਜਾਵੇ ਤਾਂ ਜੋ ਡਾਕਟਰ ਸਰਕਾਰੀ ਸਿਸਟਮ 'ਚ ਉਤਸ਼ਾਹ ਨਾਲ ਕੰਮ ਕਰ ਸਕਣ।ਉਨ੍ਹਾਂ ਦੱਸਿਆ ਕਿ 27 ਅਗਸਤ ਨੂੰ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਦੇ ਪ੍ਰਸ਼ਾਸਨਿਕ ਸਕੱਤਰ ਵੱਲੋਂ ਮੀਟਿੰਗ ਸੱਦੀ ਗਈ ਸੀ। ਜੇਕਰ ਮੀਟਿੰਗ 'ਚ ਸਾਰਥਕ ਨਤੀਜੇ ਨਾ ਨਿਕਲੇ ਤਾਂ ਪੀ . ਸੀ. ਐੱਮ ਐੱਸ .ਏ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਜਾਣ ਦਾ ਫੈਸਲਾ ਲਿਆ ਜਾਵੇਗਾ। ?

# ਸਾਂਝਾ ਕਿਸਾਨ ਮਜ਼ਦੂਰ ਮੋਰਚਾ ਪੰਜਾਬ ਤਹਿਸੀਲ ਨਵਾਂਸ਼ਹਿਰ ਇਕਾਈ ਦੇ ਆਗੂਆਂ ਦੀ ਮੀਟਿੰਗ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਅੱਜ ਇੱਥੇ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਪੰਜਾਬ ਦੀਪ ਤਹਿਸੀਲ ਨਵਾਂਸ਼ਹਿਰ ਦੀ ਇਕਾਈ ਦੇ ਆਗੂਆਂ ਦੀ ਮੀਟਿੰਗ ਸਾਥੀ ਸੁਰਜੀਤ ਮਲਪੁਰੀ ਦੀ ਅਗਵਾਈ ਹੇਠ ਹੋਈ। ਇਸ ਮੌਕੇ ਸਾਥੀ ਕਰਨ ਸਿੰਘ ਰਾਣਾ ਜਨ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਪੰਜਾਬ ਨੇ ਕਿਹਾ ਕਿ ਇਸ ਵੇਲੇ ਪੰਜਾਬ ਵਿੱਚ ਆਮ ਲੋਕਾਂ ਦੇ ਮਸਲਿਆਂ ਤੇ ਕੋਈ ਸਿਆਸੀ ਧਿਰ ਗੱਲ ਨਹੀਂ ਕਰ ਰਹੀ ਬਿਨਾਂ ਵਜ੍ਹਾ ਦੇ ਮੁੱਦੇ ਉਭਾਰ ਕੇ ਲੋਕਾਂ ਨੂੰ ਭੰਬਲਭੂਸੇ ਵਿੱਚ ਪਾ ਰਹੇ ਹਨ ਅਜਿਹੇ ਹਾਲਾਤ ਨੂੰ ਮੁੱਖ ਰੱਖਦੇ ਹੋਏ ਜਥੇਬੰਦੀ ਪੰਜ ਸਤੰਬਰ ਨੂੰ ਜ਼ਿਲ੍ਹ ਪੱਧਰੀ ਕਨਵੈਂਸ਼ਨ ਬਲਾਚੌਰ ਵਿਖੇ ਕਰਨ ਜਾ ਰਹੀ ਹੈ ਜਿਸ ਵਿੱਚ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਮੁਲਾਜ਼ਮਾਂ, ਇਸਤਰੀਆਂ ਅਤੇ ਹੋਰ ਕਿਰਤੀ ਲੋਕਾਂ ਦੀਆਂ ਭਖਦੀਆਂ ਮੰਗਾਂ 'ਤੇ ਵਿਚਾਰ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਕਨਵੈਂਸ਼ਨ ਵਿੱਚ ਭਵਿੱਖੀ ਸੰਘਰਸ਼ਾਂ ਦੀ ਯੋਜਨਾਬੰਦੀ ਕੀਤੀ ਜਾਵੇਗੀ। ਇਸ ਮੌਕੇ ਕਨਵੈਂਸ਼ਨ ਭਾਈ ਲਾਲੋ ਲੋਕ ਮੰਚ ਪੰਜਾਬ ਦੀ ਸਥਾਪਨਾ 'ਤੇ ਵੀ ਵਿਚਾਰ ਕਰੇਗੀ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਬਲਾਚੌਰ ਕਨਵੈਂਸ਼ਨ ਨੂੰ ਸਫਲ ਬਣਾਉਣ ਲਈ ਸਾਰੇ ਆਗੂ ਪੂਰੀ ਸ਼ਕਤੀ ਨਾਲ ਕੰਮ ਕਰਨਗੇ ਤਾਂ ਕਿ ਕਨਵੈਂਸ਼ਨ ਵਿੱਚ ਲੋਕ ਮੰਗਾਂ ਨੂੰ ਉਭਾਰਿਆ ਜਾ ਸਕੇ। ਇਸ ਮੌਕੇ ਬੀਬੀ ਚਰਨਜੀਤ ਕੌਰ ਨਵਾਂਸ਼ਹਿਰ, ਬੀਬੀ ਨਿਰਮਲਾ ਦੇਵੀ, ਪਿਆਰਾ ਲਾਲ ਮੰਗੂਪੁਰ, ਕਿਰਨ ਸੂਰਾਪੁਰ, ਰਮਨਦੀਪ ਚੂਹੜਪੁਰ, ਸੁਰਜੀਤ ਕੁਮਾਰ, ਪ੍ਰੇਮ ਲਤਾ, ਪਾਲ ਸਿੰਘ, ਬਲਬੀਰ ਸਿੰਘ ਭੀਣ, ਸੁਖਵਿੰਦਰ ਸਿੰਘ ਸੂਰਾਪੁਰ, ਦਿਲਪ੍ਰੀਤ ਮੋਹਨ ਸਿੰਘ ਸੂਰਾਪੁਰ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ

# ਰਣਜੀਤ ਸਿੰਘ ਕੋਹਾੜ ਨੂੰ ਗਹਿਰਾ ਸਦਮਾ, ਭਰਾ ਦਾ ਦੇਹਾਂਤ



**ਮਹਿਤਪੁਰ (ਰਾਜਾ)**- ਬੀਤੀ ਰਾਤ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਰਣਜੀਤ ਸਿੰਘ ਕੋਹਾੜ ਪਿੰਡ ਰਾਏਪੁਰ ਅਰਾਈਆਂ ਦੇ ਵੱਡੇ ਭਰਾ ਸੁਰਜੀਤ ਸਿੰਘ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਹ ਗੁਰੂ ਚਰਨਾਂ ਵਿੱਚ ਜਾ ਬਿਰਾਜੇ ।ਇਸ ਮੌਕੇ ਰਣਜੀਤ ਸਿੰਘ ਨੇ ਦੱਸਿਆ ਕਿ ਸੁਰਜੀਤ ਸਿੰਘ ਦੀ ਉਮਰ 52 ਸਾਲ ਸੀ, ਰਾਤ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਹਸਪਤਾਲ ਪਹੁੰਚਾਇਆ ਗਿਆ, ਪਰ ਉਹ ਆਪਣੇ ਸਵਾਸ ਛੱਡ ਚੁੱਕੇ ਸਨ। ਉਹ ਆਪਣੇ ਪਿੱਛੇ ਪਤਨੀ, ਬੇਟਾ ਅਤੇ ਬੇਟੀ ਛੱਡ ਗਏ।

ਅੱਜ ਉਹਨਾਂ ਦੇ ਸਸਕਾਰ ਮੌਕੇ ਰਾਜਨੀਤਿਕ, ਧਾਰਮਿਕ, ਸਮਾਜਿਕ ਤੇ ਕਿਸਾਨ ਜਥੇਬੰਦੀਆਂ ਪਹੁੰਚੀਆਂ। ਉਹਨਾਂ ਦੀ ਆਤਮਿਕ ਸ਼ਾਂਤੀ ਲਈ 4 ਸਤੰਬਰ ਨੂੰ ਉਹਨਾਂ ਦੇ ਗ੍ਰਹਿ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

# ਸਕੂਲ 'ਚ ਰੁੱਖ ਲਗਾ ਕੇ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ

**ਫਗਵਾੜਾ (ਡਾ. ਰਮਨ)**-ਜਨਮ ਅਸ਼ਟਮੀ ਦੇ ਮੌਕੇ ਮੈਪਲ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਛੋਟੇ-ਛੋਟੇ ਬੱਚਿਆਂ ਨੇ ਸ੍ਰੀ ਕ੍ਰਿਸ਼ਨ ਦੇ ਕੱਪੜੇ ਪਹਿਨ ਕੇ ਪ੍ਰੋਗਰਾਮ ਪੇਸ਼ ਕੀਤਾ ਅਤੇ ਸ੍ਰੀ ਕ੍ਰਿਸ਼ਨ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਮੌਕੇ ਕਿੰਡਰ ਗਾਰਡਨ ਦੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਅਤੇ ਬੱਚਿਆਂ ਨਾਲ ਕ੍ਰਿਸ਼ਨ ਦਾ ਸੰਦੇਸ਼ ਸਾਂਝਾ ਕੀਤਾ। ਵੱਖ-ਵੱਖ ਭਾਰਤੀ ਪਹਿਰਾਵੇ ਵਿੱਚ ਆਪਣੇ ਫੈਂਸੀ ਡਰੈੱਸ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਪ੍ਰਾਇਮਰੀ ਅਤੇ ਮਿਡਲ ਸੈਕੰਡਰੀ ਜਮਾਤਾਂ ਦੇ ਲੜਕੇ-ਲੜਕੀਆਂ ਨੇ ਸਕੂਲ ਦੇ ਵਿਹੜੇ ਵਿੱਚ ਪੌਦੇ ਲਗਾਏ ਅਤੇ ਸਕੂਲ ਨੂੰ ਹਰਿਆ-ਭਰਿਆ ਰੱਖਣ ਦੀ ਸਹੁੰ ਚੁੱਕੀ। ਸਕੂਲ ਦੀ ਮੁੱਖ ਅਧਿਆਪਕਾ ਮਨਦੀਪ ਕੌਰ ਬੱਚਿਆਂ ਨੂੰ ਜਨਮ ਅਸ਼ਟਮੀ ਦੀ ਵਧਾਈ ਦਿੱਤੀ। ਇਸ ਮੌਕੇ ਸਕੂਲ ਵਿੱਚ ਵੱਖ-ਵੱਖ ਥਾਵਾਂ 'ਤੇ ਪੌਦੇ ਲਗਾਏ ਗਏ ਅਤੇ ਬੱਚਿਆਂ ਨੂੰ ਉਨ੍ਹਾਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਦਿੱਤੀ ਗਈ। ਅੰਤ ਵਿੱਚ ਪ੍ਰਿੰਸੀਪਲ ਨੇ ਸਕੂਲ ਮੈਨੇਜਮੈਂਟ ਵੱਲੋਂ ਸਮੂਹ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਜਨਮ ਅਸ਼ਟਮੀ ਦੀ ਵਧਾਈ ਦਿੱਤੀ

# ਐਸ ਸੀ ਸਿਖਿਆਰਥੀਆਂ ਲਈ ਮੁਫਤ ਡੇਅਰੀ ਸਿਖਲਾਈ ਕੋਰਸ ਦਾ ਪਹਿਲਾ ਬੈਚ 2 ਤੋਂ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )**-ਡੇਅਰੀ ਵਿਕਾਸ ਵਿਭਾਗ, ਪੰਜਾਬ ਵੱਲੋਂ ਐਸ ਸੀ ਸਿਖਿਆਰਥੀਆਂ ਲਈ ਮੁਫ਼ਤ ਡੇਅਰੀ ਸਿਖਲਾਈ ਕੋਰਸ 2 ਸਤੰਬਰ ਤੋਂ ਡੇਅਰੀ ਸਿਖਲਾਈ ਕੇਂਦਰ ਫਗਵਾੜਾ ਵਿਖੇ ਚਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਯੁਕਤ ਡਾਇਰੈਕਟਰ ਕਸ਼ਮੀਰ ਸਿੰਘ ਨੇ ਦੱਸਿਆ ਕਿ ਇਸ ਸਿਖਲਾਈ ਦੌਰਾਨ ਸਿਖਿਆਰਥੀਆਂ ਨੂੰ 3500 ਰੁਪਏ ਵਜ਼ੀਫਾ ਵੀ ਦਿੱਤਾ ਜਾਵੇਗਾ। ਇਸ ਸਿਖਲਾਈ ਪ੍ਰੋਗਰਾਮ ਵਿਚ ਦੁਧਾਰੂ ਪਸ਼ੂਆਂ ਦੀ ਖ਼ਰੀਦ ਤੋਂ ਲੈ ਕੇ ਰੱਖ-ਰਖਾਅ, ਖਾਧ-ਖੁਰਾਕ, ਨਸਲ ਸੁਧਾਰ, ਸਾਂਭ-ਸੰਭਾਲ ਅਤੇ ਸੁਚੱਜੇ ਮੰਡੀਕਰਨ ਦੀਆਂ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਿਖਿਆਰਥੀਆਂ ਦੀ ਚੋਣ ਜ਼ਿਲ੍ਹਾ ਲੈਵਲ ਕਮੇਟੀ ਵੱਲੋਂ ਕੀਤੀ ਜਾਵੇਗੀ।ਇਸ ਸਬੰਧੀ ਅਨੁਸੂਚਿਤ ਜਾਤੀ ਦੇ ਵਿਅਕਤੀ (ਮਰਦ/ਔਰਤ) ਜਿਨ੍ਹਾਂ ਦੀ ਉਮਰ 18 ਤੋਂ 50 ਸਾਲ ਦੇ ਵਿਚ ਹੋਵੇ, ਪੰਜਵੀਂ ਪਾਸ ਹੋਵੇ, ਪੇਂਡੂ ਪਿਛੋਕੜ ਨਾਲ ਸਬੰਧ ਰੱਖਦਾ ਹੋਵੇ 30 ਅਗਸਤ ਤੱਕ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਮਿਨੀ ਸਕੱਤਰੇਤ, ਚੌਥੀ ਮੰਜ਼ਲ, ਕਮਰਾ ਨੰਬਰ 439 ਵਿਖੇ ਆਪਣਾ ਆਧਾਰ ਕਾਰਡ, ਯੋਗਤਾ ਸਰਟੀਫਿਕੇਟ, ਅਨੁਸੂਚਿਤ ਜਾਤੀ ਸਰਟੀਫਿਕੇਟ ਲੈ ਕੇ ਫਾਰਮ ਭਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਉਪਰੰਤ ਉਮੀਦਵਾਰਾਂ ਨੂੰ 2, 5 ਅਤੇ 10 ਦੁਧਾਰੂ ਪਸ਼ੂਆਂ ਦੀ ਖ਼ਰੀਦ 'ਤੇ 33 ਫੀਸਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਵਿਭਾਗ ਵੱਲੋਂ ਐਨ.ਐਲ.ਐਮ ਸਕੀਮ ਅਧੀਨ ਦੁਧਾਰੂ ਪਸ਼ੂਆਂ ਦੇ ਬੀਮੇ 'ਤੇ 70 ਫੀਸਦੀ ਤੱਕ ਸਬਸਿਡੀ ਦਾ ਪ੍ਰਬੰਧ ਹੈ। ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਫੋਨ ਨੰਬਰ 01882-220025, 98722-77136 'ਤੇ ਕਿਸੇ ਵੀ ਕੰਮ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ।

# ਸ੍ਰੀ ਹਨੂਮਤ ਆਈ ਐਮ ਟੀ ਨੇ ਵਿੰਡਹੈਮ ਗਰੁੱਪ ਦੇ ਹੋਟਲ ਰਮਾਡਾ ਨਾਲ ਸਹਿਮਤੀ ਪੱਤਰ 'ਤੇ ਕੀਤੇ ਦਸਤਖਤ



**ਗੁਰਾਇਆ (ਬਿੰਦਰ ਸੁਮਨ)** ਸ੍ਰੀ ਹਨੂਮਤ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਵਲੋਂ ਹੋਟਲ ਮੈਨੇਜਮੈਂਟ ਦੇ ਵਿਦਿਆਰਥੀਆਂ ਦੇ ਹਿੱਤ 'ਚ ਇੱਕ ਹੋਰ ਵੱਡਾ ਕਦਮ ਚੁੱਕਦੇ ਹੋਏ ਇਸ ਵਾਰ ਵਿੰਡਹੈਮ ਗਰੁੱਪ ਸਿਟੀ ਸੈਂਟਰ ਜਲੰਧਰ ਦੇ ਹੋਟਲ ਰਮਾਡਾ ਨਾਲ ਇੱਕ ਸਹਿਮਤੀ ਪੱਤਰ 'ਤੇ ਦਸਤਖਤ ਕੀਤੇ ਹਨ।ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿੰਡਹੈਮ ਗਰੁੱਪ ਸਿਟੀ ਸੈਂਟਰ ਜਲੰਧਰ ਦਾ ਹੋਟਲ ਰਮਾਡਾ ਇੱਕ ਆਧੁਨਿਕ ਕਾਰੋਬਾਰੀ ਹੋਟਲ ਹੈ ਜੋ ਆਪਣੇ ਮਹਿਮਾਨਾਂ ਨੂੰ ਬਿਹਤਰੀਨ ਸਹੂਲਤਾਂ ਅਤੇ ਆਰਾਮ ਪ੍ਰਦਾਨ ਕਰਦਾ ਹੈ।ਉਨ੍ਹਾਂ ਕਿਹਾ ਕਿ ਇਸ ਸਹਿਮਤੀ ਪੱਤਰ ਦਾ ਉਦੇਸ਼ ਦੋਵਾਂ ਧਿਰਾਂ ਦਰਮਿਆਨ ਅਭਿਆਸ ਆਧਾਰਿਤ ਸਿੱਖਿਆ, ਖੋਜ ਅਤੇ ਗਿਆਨ ਦੇ ਆਦਾਨ-ਪ੍ਰਦਾਨ ਵਿੱਚ ਸਹਿਯੋਗ ਵਿਕਸਿਤ ਕਰਨਾ ਦੇ ਨਾਲ-ਨਾਲ ਆਪਸੀ ਸਮਝ ਅਤੇ ਉੱਤਮਤਾ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਵਿਕਸਤ ਖੋਜ ਅਤੇ ਗਿਆਨ ਨੂੰ ਨਾ ਸਿਰਫ਼ ਖੇਤਰੀ ਬਲਕਿ ਰਾਸ਼ਟਰੀ ਅਤੇ ਵਿਸ਼ਵ ਪੱਧਰ 'ਤੇ ਵੀ ਵਰਤਿਆ ਜਾ ਸਕੇ।ਉਹਨਾਂ ਕਿਹਾ ਕਿ ਇਹ ਸਹਿਮਤੀ ਪੱਤਰ ਸ਼੍ਰੀ ਹਨੂਮਤ ਆਈ ਐਮ ਟੀ ਦੇ ਵਿਦਿਆਰਥੀਆਂ ਅਤੇ ਫੈਕਲਟੀ ਦੇ ਸਰਵਪੱਖੀ, ਅਕਾਦਮਿਕ ਅਤੇ ਪੇਸ਼ੇਵਰ ਵਿਕਾਸ ਲਈ ਮਹੱਤਵਪੂਰਨ ਹੈ।ਐਮ ਓ ਯੂ 'ਤੇ ਦਸਤਖ਼ਤ ਹਿਊਮਨ ਰਿਸੋਰਸਿਸ ਅਤੇ ਟਰੇਨਿੰਗ ਹੈੱਡ ਭਾਨੂ ਸ਼ਰਮਾ ਤੋਂ ਇਲਾਵਾ ਅਕਾਦਮਿਕ ਡੀਨ ਦੀਪਕ ਠਾਕੁਰ ਦੀ ਮੌਜੂਦਗੀ ਵਿੱਚ ਕੀਤੇ ਗਏ।ਡਾ. ਸ਼ੈਲੀ ਰੇਖੀ ਸ਼ਰਮਾ ਦੇ ਅਨੁਸਾਰ, ਇਹ ਸਮਝੌਤਾ ਯੋਗ ਪ੍ਰਬੰਧਨ ਕਮੇਟੀ ਦੇ ਮਾਰਗਦਰਸ਼ਨ ਅਤੇ ਵਿਚਾਰਾਂ ਅਧੀਨ ਯਕੀਨੀ ਤੌਰ 'ਤੇ ਵਿੰਡਹੈਮ ਗਰੁੱਪ ਦੇ ਹੋਟਲ ਰਮਾਡਾ ਅਤੇ ਵੱਕਾਰੀ ਸ਼੍ਰੀ ਹਨੂਮਤ ਕਾਲਜ ਵਿਚਕਾਰ ਵਧੀਆ ਅਭਿਆਸਾਂ ਅਤੇ ਅਕਾਦਮਿਕ ਪ੍ਰਤਿਭਾ ਨੂੰ ਆਪਸ 'ਚ ਜੋੜਨ ਦਾ ਕੰਮ ਕਰੇਗਾ।

# ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਸਮਰਪਤ 15ਵੀਂ ਕਿਤਾਬੀ ਪ੍ਰਤੀਯੋਗਤਾ ਕਰਵਾਈ



**ਟਾਂਡਾ ਉੜਮੁੜ,(ਜਸਵਿੰਦਰ ਸੰਧੂ, ਉਂਕਾਰ ਸਿੰਘ )**-ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਬੀ. ਆਰ ਅੰਬੇਡਕਰ ਦੀ ਵਿਚਾਰਧਾਰਾ ਨੂੰ ਸਮਰਪਤ ਪ੍ਰਬੁੱਧ ਭਾਰਤ ਫਾਊਂਡੇਸ਼ਨ ਵੱਲੋਂ 15ਵੀਂ ਕਿਤਾਬੀ ਪ੍ਰਤੀਯੋਗਤਾ ਸ੍ਰੀ ਗੁਰੂ ਰਵਿਦਾਸ ਭਵਨ ਦਸ਼ਮੇਸ਼ ਨਗਰ ਟਾਂਡਾ ਵਿਖੇ ਕਰਵਾਈ ਗਈ। ਸੱਚ ਐਜੂਕੇਸ਼ਨਲ ਟਰੱਸਟ ਹੁਸ਼ਿਆਰਪੁਰ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਕਲੱਬ ਦਸ਼ਮੇਸ਼ ਨਗਰ, ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ, ਮੀਰਾ ਬਾਈ ਸਭਾ ਦਸ਼ਮੇਸ਼ ਨਗਰ ਟਾਂਡਾ ਦੇ ਸਹਿਯੋਗ ਨਾਲ ਕਰਵਾਈ ਗਈ ਇਸ ਪ੍ਰਤੀਯੋਗਤਾ ਵਿੱਚ ਵੱਖ-ਵੱਖ ਪਿੰਡਾਂ ਦੇ 43 ਵਿਦਿਆਰਥੀਆਂ ਨੇ ਹਿੱਸਾ ਲਿਆ। ਸੈਂਟਰ ਇੰਚਾਰਜ ਜਗਦੀਸ਼ ਕੁਮਾਰ ਰਿੰਕਾ, ਡਿਊਟੀ ਇੰਚਾਰਜ ਦਲਜੀਤ ਕੌਰ, ਸੁਖਚੈਨ ਸਿੰਘ, ਮਾਸਟਰ ਨਰਿੰਦਰ ਪਾਲ , ਸਰਬਜੀਤ ਸਿੰਘ, ਰਵੀ ਕੁਮਾਰ, ਮਨਦੀਪ ਦੀਪਾ ਦੀ ਰੇਖ ਰੇਖ ਵਿੱਚ ਕਰਵਾਈ ਗਈ ਇਸ ਪ੍ਰਤਿਯੋਗਤਾ ਦੌਰਾਨ ਭਾਗ ਲੈਣ ਵਾਲੇ ਬੱਚਿਆਂ ਪਾਸੋਂ ਬਾਬਾ ਸਾਹਿਬ ਡਾ. ਬੀ.ਆਰ ਅੰਬੇਡਕਰ ਦੀ ਜੀਵਨੀ ਅਤੇ ਵਿਚਾਰਧਾਰਾ ਨਾਲ ਸੰਬੰਧਤ ਸਵਾਲ ਪੁੱਛੇ ਗਏ ਜਿਸ ਜਿਸ ਦਾ ਬੱਚਿਆਂ ਨੇ ਲਿਖਤੀ ਰੂਪ ਵਿੱਚ ਬਾਖੂਬੀ ਜਵਾਬ ਦਿੱਤਾ। ਇਸ ਮੌਕੇ ਸੱਚ ਫਾਊਂਡੇਸ਼ਨ ਵਲੋਂ ਹੁਸ਼ਿਆਰਪੁਰ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਐਡਵੋਕੇਟ ਰਣਜੀਤ ਕੁਮਾਰ ਤੇ ਡਾਕਟਰ ਸੁਰਿੰਦਰ ਕੁਮਾਰ ਹੁਸ਼ਿਆਰਪੁਰ ਨੇ ਬੱਚਿਆਂ ਨੂੰ ਬਾਬਾ ਸਾਹਿਬ ਡਾਕਟਰ ਦੀਆ ਅੰਬੇਡਕਰ ਦੀ ਉਸਾਰੂ ਵਿਚਾਰਧਾਰਾ ਤੇ ਉਨ੍ਹਾਂ ਦੀ ਜੀਵਨੀ ਤੋਂ ਜਾਣੂ ਕਰਵਾਇਆ। ਇਸ ਮੌਕੇ ਕੁਲਦੀਪ ਸਿੰਘ ਸਾਬੀ, ਕਸ਼ਮੀਰ ਸਿੰਘ ਬੌਬੀ, ਨੀਰਜ ਕੁਮਾਰ, ਗਗਨਦੀਪ ਗੱਗੀ, ਗੁਰਦੀਪ ਲਾਡੀ ਕਰਮਜੀਤ ਕਾਲੂ, ਪ੍ਰਿੰਸ, ਸੋਮ ਪ੍ਰਕਾਸ਼, ਸੁਰਜੀਤ ਸਿੰਘ ਬੈਂਕ ਵਾਲੇ, ਜਸਪਾਲ ਰਾਏ, ਰਾਜ ਕੁਮਾਰ ਵੀ ਹਾਜ਼ਰ ਸਨ।

# ਡਾ. ਪ੍ਰੀਤੀ ਯਾਦਵ ਨੇ ਸਰਕਾਰੀ ਹਸਪਤਾਲ ਦੇ ਬਾਥਰੂਮਾਂ ਦੀ ਸਫਾਈ ਨਾ ਹੋਣ 'ਤੇ ਲਿਆ ਨੋਟਿਸ



**ਮੋਰਿੰਡਾ ( ਜੈਜ਼ੀ ਸਰਦਾਰ )** ਪਿਛਲੇ ਦਿਨੀਂ ਮੋਰਿੰਡਾ ਵਿੱਚ ਡਾਇਰੀਆ ਤੋਂ ਪੀੜਤ ਮਰੀਜ਼ਾ ਨੂੰ ਸਰਕਾਰੀ ਹਸਪਤਾਲ ਵਿਖੇ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਨਿਰੀਖਣ ਕਰਨ ਲਈ ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਨੇ ਸਰਕਾਰੀ ਹਸਪਤਾਲ ਦਾ ਅਚਨਚੇਤ ਦੌਰਾ ਕੀਤਾ ਅਤੇ ਮੌਕੇ 'ਤੇ ਬਾਥਰੂਮਾਂ ਦੀ ਸਫਾਈ ਨਾ ਹੋਣ 'ਤੇ ਸਖ਼ਤ ਨੋਟਿਸ ਲਿਆ।ਡਾ. ਪ੍ਰੀਤੀ ਯਾਦਵ ਨੇ ਡਾਇਰੀਆ ਤੋਂ ਪੀੜ੍ਹਤ ਮਰੀਜ਼ਾ ਨੂੰ ਮਿਲ ਰਹੀਆਂ ਸਿਹਤ ਸੇਵਾਵਾਂ ਦਾ ਨਿਰੀਖਣ ਕਰਦੇ ਹੋਏ ਮਰੀਜ਼ਾ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਗੱਲਬਾਤ ਕੀਤੀ ਜਿਸ ਉਪਰੰਤ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਸਰਕਾਰੀ ਹਸਪਤਾਲ ਵਿਖੇ ਸਿਹਤ ਸੇਵਾਵਾਂ ਤਾਂ ਵਧੀਆਂ ਮਿਲ ਰਹੀਆਂ ਹਨ ਪ੍ਰੰਤੂ ਬਾਥਰੂਮਾਂ ਦੀ ਸਫਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਮਰੀਜ਼ਾ ਦੇ ਰਿਸ਼ਤੇਦਾਰਾਂ ਵੱਲੋਂ ਕੀਤੀ ਗਈ ਸ਼ਿਕਾਇਤ ਦਾ ਸਖ਼ਤ ਨੋਟਿਸ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਐਸ ਡੀ ਐਮ ਸੁਖਪਾਲ ਸਿੰਘ ਤੇ ਐਸ ਐਮ ਓ ਡਾ. ਗੋਬਿੰਦ ਟੰਡਨ ਨੂੰ ਹਦਾਇਤ ਕਰਦਿਆਂ ਕਿਹਾ ਕਿ ਜੇਕਰ ਬਾਥਰੂਮ ਦੇ ਸੀਵਰੇਜ ਜਾਂ ਰੱਖ ਰਖਾਅ ਸੰਬੰਧੀ ਕੋਈ ਮਾਮਲਾ ਹੈ ਤਾਂ ਉਸਨੂੰ ਅੱਜ ਹੀ ਦਰੁੱਸਤ ਕੀਤਾ ਜਾਵੇ। ਉਨ੍ਹਾਂ ਐਕਸੀਅਨ ਸੀਵਰੇਜ ਬੋਰਡ ਨੂੰ ਤੁਰੰਤ ਮੌਕੇ ਉੱਤੇ ਆ ਕੇ ਬਾਥਰੂਮਾਂ ਦੀ ਸੀਵਰੇਜ ਸਪਲਾਈ ਨੂੰ ਠੀਕ ਕਰਨ ਦੇ ਹੁਕਮ ਜਾਰੀ ਕੀਤੇ।ਡਿਪਟੀ ਕਮਿਸ਼ਨਰ ਨੇ ਸਰਕਾਰੀ ਹਸਪਤਾਲ ਮੋਰਿੰਡਾ ਦੇ ਐਸ.ਐਮ.ਓ. ਦਫ਼ਤਰ ਵਿਖੇ ਦਾਖ਼ਲ ਮਰੀਜ਼ਾ ਦੀ ਹਰ ਇੱਕ ਫਾਈਲ ਦਾ ਬਰੀਕੀ ਨਾਲ ਨਿਰੀਖਣ ਕੀਤਾ ਅਤੇ ਐਸ.ਐਮ.ਓ. ਡਾ. ਗੋਬਿੰਦ ਟੰਡਨ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਡਾਇਰੀਆ ਤੋਂ ਪੀੜ੍ਹਤ ਮਰੀਜ਼ਾ ਨੂੰ ਮਿਆਰੀ ਸੇਵਾਵਾਂ ਦੇਣਾ ਯਕੀਨੀ ਕੀਤਾ ਜਾਵੇ ਅਤੇ ਜੋ ਮਰੀਜ਼ ਠੀਕ ਹੁੰਦੇ ਹਨ ਉਨ੍ਹਾਂ ਮਰੀਜ਼ਾ ਨੂੰ ਘਰ ਜਾ ਕੇ ਆਪਣੀ ਸਿਹਤ ਦਾ ਧਿਆਨ ਕਿਵੇਂ ਰੱਖਣਾ ਹੈ, ਉਸ ਸੰਬੰਧੀ ਮੁਕੰਮਲ ਜਾਣਕਾਰੀ ਦਿੱਤੀ ਜਾਵੇ।

# ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇਗਾ ਬਾਬਾ ਸ੍ਰੀ ਚੰਦ ਦਾ ਜਨਮ ਦਿਹਾੜਾ : ਬਾਬਾ ਬੇਦੀ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਗੁਰਦੁਆਰਾ ਗੁਰੂ ਨਾਨਕ ਦਰਬਾਰ ਅਸਥਾਨ ਬਾਬਾ ਸ੍ਰੀ ਚੰਦ ਜੀ ਟਾਂਡਾ ਸ੍ਰੀ ਹਰਗੋਬਿੰਦਪੁਰ ਰੋਡ ਨੇੜੇ ਪਿੰਡ ਗਿੱਲ-ਕੋਟਲੀ ਵਿਖੇ ਬੇਦੀ ਕੁਲ ਦੇ ਰੱਖਿਅਕ ਬਾਬਾ ਸ੍ਰੀ ਚੰਦ ਦਾ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇਗਾ। ਇਹ ਜਾਣਕਾਰੀ ਦਿੰਦੇ ਹੋਏ ਸਮਾਗਮ ਦੇ ਮੁੱਖ ਪ੍ਰਬੰਧਕ ਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁਖਦੇਵ ਸਿੰਘ ਜੀ ਬੇਦੀ 16ਵੀਂ ਸੰਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਦਰਬਾਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਵਾਲਿਆਂ ਨੇ ਦੱਸਿਆ ਕਿ ਸਮਾਗਮ ਦੇ ਸਬੰਧ ਵਿੱਚ ਹੋਰਨਾਂ ਸਹਿਯੋਗੀ ਸੇਵਾ ਸੋਸਾਇਟੀਆਂ, ਜਥੇਬੰਦੀਆਂ ਅਤੇ ਸੇਵਾਦਾਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਪੱਧਰੀ ਸਮਾਗਮ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਪਹਿਲਾਂ 12 ਸਤੰਬਰ ਨੂੰ ਸੰਖੇਪ ਸਮਾਗਮ ਕੀਤਾ ਜਾਵੇਗਾ ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਇਸ ਤੋਂ ਇਲਾਵਾ ਅੱਸੂ ਮਹੀਨੇ ਦੀ ਪੂਰਨਮਾਸ਼ੀ ਦੇ ਦਿਹਾੜੇ ਤੇ 18 ਸਤੰਬਰ ਨੂੰ ਸੂਬਾ ਪੱਧਰੀ ਧਾਰਮਿਕ ਸਮਾਗਮ ਕੀਤਾ ਜਾਵੇਗਾ। ਬਾਬਾ ਬੇਦੀ ਜੀ ਨੇ ਹੋਰ ਦੱਸਿਆ ਕਿ ਸਲਾਨਾ ਸਰਬ ਧਰਮ ਸੰਮੇਲਨ ਵੀ ਕਰਵਾਇਆ ਜਾਵੇਗਾ ।

ਬਾਬਾ ਬੇਦੀ ਨੇ ਹੋਰ ਦੱਸਿਆ ਕਿ ਸਮਾਗਮ ਵਿੱਚ ਸਭ ਤੋਂ ਪਹਿਲਾਂ ਸ੍ਰੀ ਸਹਿਜ ਪਾਠ ਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਭੋਗ ਪਾਏ ਜਾਣਗੇ ਉਪਰੰਤ ਧਾਰਮਿਕ ਸਮਾਗਮ ਵਿੱਚ ਸੰਤ ਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਹਰਿਆਣੇ ਵਾਲੇ, ਸੰਤ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਵਾਲੇ, ਪੰਥ ਪ੍ਰਸਿੱਧ ਰਾਗੀ ਜਥਾ ਭਾਈ ਮਨਜਿੰਦਰ ਸਿੰਘ ਰਾਏਪੁਰ ਵਾਲੇ, ਭਾਈ ਤਰਸੇਮ ਸਿੰਘ ਖਾਲਸਾ ਅੰਮ੍ਰਿਤਸਰ ਸਾਹਿਬ ਵਾਲੇ ਤੇ ਹੋਰ ਸੰਤ ਮਹਾਂਪੁਰਸ਼ ਤੇ ਰਾਗੀ ਢਾਡੀ ਜਥੇ ਪਹੁੰਚ ਕਰਕੇ ਸਮੂਹ ਸੰਗਤ ਨੂੰ ਬਾਬਾ ਸ੍ਰੀ ਚੰਦ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਉਣਗੇ।

ਇਸ ਮੌਕੇ ਗੁਰੂ ਨਾਨਕ ਮਲਟੀ ਸਪੈਸ਼ਲਟੀ ਹਸਪਤਾਲ ਘੁਮਾਣ ਵੱਲੋਂ ਮੁਫਤ ਮੈਡੀਕਲ ਚੈੱਕਅਪ ਕੈਂਪ ਵੀ ਲਗਾਇਆ ਜਾਵੇਗਾ। ਇਸ ਮੌਕੇ ਪ੍ਰਬੰਧਕ ਸੇਵਾਦਾਰਾਂ ਨੇ ਹੋਰ ਦੱਸਿਆ ਕਿ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਇਤਿਹਾਸ ਨੂੰ ਦਰਸਾਉਂਦੀ ਵਿਸ਼ੇਸ਼ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਸੁਖਵਿੰਦਰ ਸਿੰਘ ਬੇਦੀ, ਡਾ. ਸੁਖਪ੍ਰੀਤ ਸਿੰਘ ਬੇਦੀ, ਜਸ਼ਨ ਜੋਤ ਸਿੰਘ , ਕਮੇਟੀ ਪ੍ਰਧਾਨ ਨਾਜਰ ਸਿੰਘ ਸਹਿਬਾਜਪੁਰ, ਗਿਆਨੀ ਗੁਰਵੰਤ ਸਿੰਘ, ਗਿਆਨੀ ਤਰਸੇਮ ਸਿੰਘ ਮਿਆਨੀ, ਲਖਵੀਰ ਸਿੰਘ ਗਿੱਲਾਂ, ਹਰਭਜਨ ਸਿੰਘ, ਗੁਰਮੀਤ ਸਿੰਘ ਤੋਂ ਇਲਾਵਾ ਹੋਰ ਸੰਗਤਾਂ ਵੀ ਹਾਜ਼ਰ ਸਨ।

# ਗੋਇਨਕਾ ਸਕੂਲ ਖੋ-ਖੋ 'ਚ ਜੇਤੂ



**ਕਪੂਰਥਲਾ, ( ਹਨੀ )**- ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਪੰਜਾਬ ਰਾਜ ਖੇਡਾਂ ਜੋ ਕਪੂਰਥਲਾ ਦੇ ਗੁਰੂ ਨਾਨਕ ਸਟੇਡੀਅਮ ਵਿਖੇ ਕਰਵਾਈਆਂ ਜਾ ਰਹੀਆਂ ਹਨ 'ਚ ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ੋਨਲ ਪੱਧਰ (ਅੰਡਰ 19) ਦੇ ਖੋ-ਖੋ ਦੇ ਪਹਿਲੇ ਪੜਾਅ 'ਚ ਜਿੱਤ ਹਾਸਲ ਕਰ ਜਿੱਥੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ, ਉੱਥੇ ਹੀ ਜ਼ਿਲ੍ਹਾ ਪੱਧਰ 'ਤੇ ਹੋ ਰਹੀਆਂ ਖੇਡਾਂ ਵਿੱਚ ਆਪਣੀ ਥਾਂ ਬਣਾ ਲਈ ਹੈ ।ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਊਸ਼ਾ ਪਰਮਾਰ ਨੇ ਜੇਤੂ ਵਿਦਿਆਰਥਣਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਵਿਦਿਆਰਥੀ ਕਿਤਾਬੀ ਗਿਆਨ ਦੇ ਨਾਲ ਨਾਲ ਖੇਡਾਂ ਵਿੱਚ ਭਾਗ ਲੈ ਕੇ ਸਕੂਲ ਦਾ ਨਾਂ ਰੌਸ਼ਨ ਕਰ ਰਹੇ ਹਨ।

ਉਨ੍ਹਾਂ ਨੇ ਵਿਦਿਆਰਥੀਣਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਕੰਗਨਾ ਰਣੌਤ ਦੇ ਬਿਆਨ ਉਸ ਦੇ ਮਾਨਸਿਕ ਅਸੰਤੁਲਨ ਨੂੰ ਦਰਸਾਉਂਦੇ : ਬਰਸਟ

**ਚੰਡੀਗੜ੍ਹ (ਗੁਰਜੀਤ ਬਿੱਲਾ)** - ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਸਾਨ ਅੰਦੋਲਨ ਨੂੰ ਪਵਿੱਤਰ ਦੱਸਦਿਆਂ ਭਾਜਪਾ ਸੰਸਦ ਕੰਗਨਾ ਰਣੌਤ ਵੱਲੋਂ ਦਿੱਤੇ ਬਿਆਨਾਂ ਦੀ ਸਖ਼ਤ ਆਲੋਚਨਾ ਕੀਤੀ ਹੈ।ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਵੱਲੋਂ ਲਗਾਤਾਰ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਲਈ ਦਿੱਤੇ ਜਾਂਦੇ ਬਿਆਨ ਅਸਲ ਵਿੱਚ ਪੰਜਾਬ ਦੇ ਪ੍ਰਤੀ ਭਾਜਪਾ ਦੀ ਸੋਚ ਨੂੰ ਦਰਸਾਉਂਦੇ ਹਨ।ਇਹ ਕੋਈ ਪਹਿਲੀ ਘਟਨਾ ਨਹੀਂ ਹੈ।ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੁਨੀਆ ਦੇ ਇਤਿਹਾਸ ਦਾ ਪਹਿਲਾ ਅਜਿਹਾ ਅੰਦੋਲਨ ਹੈ, ਜੋ ਇੰਨੇ ਲੰਬੇ ਸਮੇਂ ਤੱਕ ਸ਼ਾਂਤਮਈ ਢੰਗ ਨਾਲ ਚੱਲਿਆ ਸੀ।ਇਹ ਅੰਦੋਲਨ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ ਅਤੇ ਪੰਜਾਬ ਦੇ ਹਰ ਵਰਗ ਦੇ ਲੋਕਾਂ ਦਾ ਪਵਿੱਤਰ ਅੰਦੋਲਨ ਸੀ, ਜਿਸ ਨੂੰ ਭਾਜਪਾ ਦੀ ਸ਼ਹਿ ਤੇ ਅੰਦੋਲਨ ਦੌਰਾਨ ਅਤੇ ਅੰਦੋਲਨ ਤੋਂ ਬਾਅਦ ਵੀ ਬਦਨਾਮ ਕਰਨ ਦੀਆਂ ਕੋਸ਼ਿਸ਼ਾ ਲਗਾਤਾਰ ਜਾਰੀ ਹਨ।ਇਸ ਨੂੰ ਭਾਰਤ ਹੀ ਨਹੀਂ ਸਗੋਂ ਪੂਰੀ ਦੁਨੀਆ ਦੇ ਲੋਕਾਂ ਦਾ ਸਮਰਥਣ ਮਿਲਿਆ। ਲੱਖਾਂ ਲੋਕਾਂ ਵਾਸਤੇ ਹਰ ਰੋਜ਼ ਲੰਗਰ ਵਰਤਦਾ ਰਿਹਾ।ਪਰ ਫਿਰ ਕੰਗਨਾ ਰਣੌਤ ਵੱਲੋਂ ਅਜਿਹੇ ਬਿਆਨ ਦੇਣਾ ਬੜੀ ਮੰਦਭਾਗੀ ਗੱਲ ਹੈ ਅਤੇ ਇਸ ਤੋਂ ਭਾਜਪਾ ਦੀ ਲੋਕਾਂ ਦੇ ਦਿੱਲਾਂ ਵਿੱਚ ਪੰਜਾਬ ਪ੍ਰਤੀ ਨਫਰਤ ਪੈਦਾ ਕਰਨ ਦੀ ਨੀਤੀ ਦਾ ਪਤਾ ਚੱਲਦਾ ਹੈ।ਭਾਜਪਾ ਕੰਗਨਾ ਰਣੌਤ ਵੱਲੋਂ ਦਿੱਤੇ ਬਿਆਨਾਂ ਤੋਂ ਆਪਣਾ ਪੱਲਾ ਝਾੜ ਕੇ ਫਟਕਾਰ ਲਗਾ ਰਹੀ ਹੈ, ਜੋ ਕਿ ਸਿਰਫ਼ ਇਕ ਦਿਖਾਵਾ ਹੈ।ਭਾਜਪਾ ਨੇਤਾ ਪਹਿਲੇ ਵੀ ਕਿਸਾਨਾਂ ਨੂੰ ਅੱਤਵਾਦੀ ਅਤੇ ਵੱਖਵਾਦੀ ਕਰਾਰ ਦਿੰਦੇ ਆਏ ਹਨ, ਪਰ ਭਾਜਪਾ ਨੇ ਉਨ੍ਹਾਂ ਖ਼ਿਲਾਫ ਕੋਈ ਕਾਰਵਾਈ ਨਹੀਂ ਕੀਤੀ। ਭਾਜਪਾ ਨੂੰ ਚਾਹੀਦਾ ਹੈ ਕਿ ਉਹ ਇਸ ਬਿਆਨ ਦੀ ਜਿੰਮੇਵਾਰੀ ਲਵੇ, ਨਹੀਂ ਤਾਂ ਕੰਗਨਾ ਰਣੌਤ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰੇ। ਆਪ ਦੇ ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਕੰਗਨਾ ਰਣੌਤ ਨੂੰ ਕਿਸਾਨਾਂ-ਮਜ਼ਦੂਰਾਂ ਦੇ ਅੰਦੋਲਨਾਂ ਬਾਰੇ ਪੜ੍ਹਨ ਦੀ ਬਹੁਤ ਲੋੜ ਹੈ ਅਤੇ ਉਸਦੇ ਬਿਆਨਾਂ ਤੋਂ ਲੱਗਦਾ ਹੈ ਕਿ ਉਹ ਬਚਪਨ ਤੋਂ ਹੀ ਫਰਸਟ੍ਰੇਸ਼ਨ ਦਾ ਸ਼ਿਕਾਰ ਹੈ।ਉਨ੍ਹਾਂ ਸੁਝਾਅ ਦਿੱਤਾ ਕਿ ਕੰਗਨਾ ਰਣੌਤ ਨੂੰ ਆਪਣੀ ਫਰਸਟ੍ਰੇਸ਼ਨ ਤੋਂ ਰਾਹਤ ਪਾਉਣ ਲਈ ਪੱਕੇ ਤੌਰ 'ਤੇ ਆਪਣਾ ਜੀਵਨ ਸਾਥੀ ਲੱਭਣਾ ਚਾਹੀਦਾ ਹੈ, ਤਾਂ ਕਿ ਉਹ ਲੋਕਾਂ ਤੇ ਬੇਬੁਨਿਆਦ ਚਿੱਕੜ ਉਛਾਲਣਾ ਬੰਦ ਕਰ ਸਕੇ।

# ਸਰਕਾਰੀ ਸਕੂਲ ਦਾਊਂ 'ਚ ਟਾਈਪਿੰਗ ਮੁਕਾਬਲੇ

**ਚੰਡੀਗੜ੍ਹ (ਗੁਰਜੀਤ ਬਿੱਲਾ )** ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਗਿੰਨੀ ਦੁੱਗਲ ਅਤੇ ਜ਼ਿਲ੍ਹਾ ਕੈਰੀਅਰ ਗਾਈਡੈਂਸ ਕੋਆਰਡੀਨੇਟਰ ਸੁਸ਼ੀਲ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਰਕਾਰੀ ਹਾਈ ਸਕੂਲ ਦਾਊਂ ਵਿਖੇ ਕੈਰੀਅਰ ਗਾਈਡੈਂਸ ਗਤੀਵਿਧੀਆਂ ਦੇ ਤਹਿਤ ਬਲਾਕ ਪੱਧਰੀ ਕੰਪਿਊਟਰ ਟਾਈਪਿੰਗ (ਹਿੰਦੀ, ਪੰਜਾਬੀ, ਇੰਗਲਿਸ਼) ਮੁਕਾਬਲੇ ਕਰਵਾਏ ਗਏ।ਜਿਸ ਵਿੱਚ ਜ਼ਿਲ੍ਹੇ ਦੇ ਖਰੜ-1 ਬਲਾਕ ਦੇ ਵੱਖ ਵੱਖ 11 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਬਲਾਕ ਕੈਰੀਅਰ ਅਧਿਆਪਕ ਸਤਵੰਤ ਕੌਰ ਅਤੇ ਸਕੂਲ ਮੁਖੀ ਸ੍ਰੀਮਤੀ ਕਿਰਨ ਕੁਮਾਰੀ ਵੱਲੋਂ ਵਿਭਾਗੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪਾਰਦਰਸ਼ੀ ਢੰਗ ਨਾਲ ਇਹ ਮੁਕਾਬਲਾ ਕਰਵਾਇਆ। ਕੰਪਿਊਟਰ ਅਧਿਆਪਕਾ ਸ੍ਰੀਮਤੀ ਅੰਜਲੀ ਜੈਨ, ਸ੍ਰੀਮਤੀ ਮਨਜਿੰਦਰ ਕੌਰ ਅਤੇ ਸਕੂਲ ਦੇ ਕੈਰੀਅਰ ਗਾਈਡੈਂਸ ਅਧਿਆਪਕ ਸ੍ਰੀਮਤੀ ਚਾਰੂ ਸ਼ਰਮਾ ਨੇ ਬਹੁਤ ਹੀ ਬਰੀਕੀ ਅਤੇ ਸੂਝ ਬੂਝ ਨਾਲ ਵਿਦਿਆਰਥੀਆਂ ਤੋਂ ਕੰਪਿਊਟਰ ਤੇ ਟਾਈਪਿੰਗ ਕਰਵਾਈ। ਪੰਜਾਬੀ ਟਾਈਪਿੰਗ ਮੁਕਾਬਲੇ ਵਿੱਚ ਗੌਰਵ ਸਰਕਾਰੀ ਹਾਈ ਸਕੂਲ ਨਿਆਂ ਗਾਓ ਨੇ ਪਹਿਲਾ ਸਥਾਨ, ਅਮਨਜੋਤ ਕੌਰ ਸਰਕਾਰੀ ਹਾਈ ਸਕੂਲ ਦਾਊ ਨੇ ਦੂਜਾ ਸਥਾਨ, ਸਮਾਨਿਆ ਸਰਕਾਰੀ ਹਾਈ ਸਕੂਲ ਬਲੌਂਗੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਅੰਗਰੇਜ਼ੀ ਭਾਸ਼ਾ ਟਾਈਪਿੰਗ ਮੁਕਾਬਲੇ ਵਿੱਚ ਕੁੰਦਨ ਕੁਮਾਰ ਸਰਕਾਰੀ ਹਾਈ ਸਕੂਲ ਦਾਊਂ ਨੇ ਪਹਿਲਾ ਸਥਾਨ, ਹਰਸ਼ਵੀਰ ਸਿੰਘ ਸਰਕਾਰੀ ਹਾਈ ਸਕੂਲ ਲਾਂਡਰਾਂ ਨੇ ਦੂਜਾ ਸਥਾਨ ਸਾਹਿਲ ਸਰਕਾਰੀ ਹਾਈ ਸਕੂਲ ਨਿਆ ਸ਼ਹਿਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸੈਕੰਡਰੀ ਵਿਭਾਗ ਵਿੱਚ ਅੰਗਰੇਜ਼ੀ ਭਾਸ਼ਾ ਟਾਈਪਿੰਗ ਵਿੱਚ ਰਾਜਪ੍ਰੀਤ ਕੌਰ ਸੀਨੀਅਰ ਸੈਕੰਡਰੀ ਸਕੂਲ ਮਛਲੀ ਕਲਾਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਹਨਾ ਭਾਸ਼ਾ ਟਾਈਪਿੰਗ ਮੁਕਾਬਲਿਆ ਦਾ ਮੰਤਵ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਵਿਦਿਆਰਥੀ ਸਕੂਲਾਂ ਵਿੱਚ ਪੜ੍ਹਾਏ ਜਾ ਰਹੇ ਕੰਪਿਊਟਰ ਵਿਸ਼ੇ ਦੇ ਗਿਆਨ ਨੂੰ ਵੱਧ ਤੋਂ ਵੱਧ ਗ੍ਰਹਿਣ ਕਰਨ ਅਤੇ ਆਪਣੇ ਜੀਵਨ ਵਿੱਚ ਕੰਪਿਊਟਰ ਟਾਈਪਿੰਗ ਕਿੱਤਾ ਅਪਣਾ ਕੇ ਸਵੈ ਰੋਜ਼ਗਾਰ ਪ੍ਰਾਪਤ ਕਰਨ ।

# ਪੰਜਾਬ ਸਬ-ਜੂਨੀਅਰ ਮੈਨ ਹਾਕੀ ਟੀਮ ਦੇ ਚੋਣ ਟਰਾਇਲ 29 ਨੂੰ

**ਜਲੰਧਰ ( ਸ਼ੈਲੀ ਐਲਬਰਟ )**- ਹਾਕੀ ਇੰਡੀਆ ਵਲੋਂ 14ਵੀਂ ਹਾਕੀ ਇੰਡੀਆ ਸਬ-ਜੂਨੀਅਰ ਮੈਨ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਚੰਡੀਗੜ੍ਹ ਵਿਖੇ 23 ਸਤੰਬਰ ਤੋਂ 3 ਅਕਤੂਬਰ ਤੱਕ ਕਰਵਾਈ ਜਾ ਰਹੀ ਹੈ। ਇਸ ਵਿੱਚ ਭਾਗ ਲੈਣ ਵਾਲੀ ਪੰਜਾਬ ਸਬ-ਜੂਨੀਅਰ ਮੈਨ ਹਾਕੀ ਟੀਮ ਦੀ ਚੋਣ ਲਈ ਚੋਣ ਟਰਾਇਲ 29 ਅਗਸਤ ਨੂੰ ਸਵੇਰੇ 8 ਵਜੇ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਜਲੰਧਰ ਵਿਖੇ ਕਰਵਾਏ ਜਾਣਗੇ। ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਦੱਸਿਆ ਕਿ ਇਨ੍ਹਾਂ ਚੋਣ ਟਰਾਇਲਾਂ ਵਿੱਚ 1-1-2008 ਤੋਂ ਬਾਅਦ ਦੇ ਜਨਮੇ ਖਿਡਾਰੀ ਭਾਗ ਲੈ ਸਕਦੇ ਹਨ। ਇਨ੍ਹਾਂ ਚੋਣ ਟਰਾਇਲਾਂ ਵਿੱਚ ਭਾਗ ਲੈਣ ਵਾਲੇ ਖਿਡਾਰੀ ਚੋਣ ਟਰਾਇਲਾਂ ਸਮੇਂ ਆਪਣੇ ਅਸਲ ਆਧਾਰ ਕਾਰਡ ਨਾਲ ਲੈ ਕੇ ਆਉਣ। ਅਸਲ ਆਧਾਰ ਕਾਰਡ ਨਾ ਹੋਣ ਦੀ ਸੂਰਤ ਵਿੱਚ ਖਿਡਾਰੀ ਨੂੰ ਚੋਣ ਟਰਾਇਲਾਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।

# ਅਗਾਂਹਵਧੂ ਤੇ ਉਤਸ਼ਾਹੀ ਸ਼ਖ਼ਸੀਅਤ ਜਤਿੰਦਰ ਸਿੰਘ ਖਾਲਸਾ



**ਫਗਵਾੜਾ (ਡਾ ਰਮਨ)**- ਜਤਿੰਦਰ ਸਿੰਘ ਖਾਲਸਾ ਇਲਾਕਾ ਫਗਵਾੜਾ ਦੀ ਉੱਘੀ ਅਤੇ ਜਾਣੀ ਪਛਾਣੀ ਸ਼ਖ਼ਸੀਅਤ ਹਨ। ਉਹ ਸਿਹਤ, ਸਿੱਖਿਆ, ਵਾਤਾਵਰਣ ਅਤੇ ਸਾਹਿਤਕ ਗਤੀਵਿਧੀਆਂ ਦੇ ਨਾਲ ਨਾਲ ਮਹਾਨ ਕੀਰਤਨ ਦਰਬਾਰਾਂ ਅਤੇ ਨਗਰ ਕੀਰਤਨ ਦਰਬਾਰਾਂ ਦਾ ਆਯੋਜਨ ਕਰਵਾ ਕੇ ਵੱਖ-ਵੱਖ ਵਰਗਾਂ ਦੀ ਸੇਵਾ ਕਰ ਰਹੇ ਹਨ। ਕਰੋਨਾ ਵਾਇਰਸ ਮਹਾਂਮਾਰੀ ਦੌਰਾਨ ਵੀ ਲੋੜਵੰਦਾਂ ਲਈ ਲੰਗਰ, ਆਰਥਿਕ ਸਹਾਇਤਾ ਅਤੇ ਰਾਸ਼ਨ ਦੀ ਸੇਵਾ ਕਰਕੇ ਆਪਣਾ ਬਣਦਾ ਯੋਗਦਾਨ ਪਾਉਂਦੇ ਰਹੇ। ਅੱਜਕੱਲ੍ਹ ਵਾਤਾਵਰਣ ਦੀ ਸੰਭਾਲ ਲਈ ਵੱਖ-ਵੱਖ ਪਾਰਕਾਂ, ਖਾਲੀ ਜਗ੍ਹਾਂ ਅਤੇ ਇਤਿਹਾਸਕ ਸਥਾਨਾਂ 'ਤੇ ਬੂਟੇ ਲਗਾ ਕੇ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ। ਸੰਗੀਤ ਅਤੇ ਗੁਰਬਾਣੀ ਕੀਰਤਨ ਨਾਲ ਅਥਾਹ ਪਿਆਰ ਕਰਨ ਵਾਲੇ, ਵਾਤਾਵਰਣ ਦੀ ਸੰਭਾਲ ਅਤੇ ਹਰਿਆਲੀ ਲਈ ਬੂਟੇ ਲਗਾਉਣਾ, ਕੁਦਰਤ ਨਾਲ ਅਥਾਹ ਪਿਆਰ, ਬਹੁਤ ਹੀ ਪਿਆਰੀ ਰੂਹ ਖਾਲਸਾ ਹਰ ਵਿਅਕਤੀ ਨੂੰ ਪਹਿਲੀ ਮਿਲਣੀ ਦੌਰਾਨ ਹੀ ਆਪਣਾ ਬਣਾ ਲੈਂਦੇ ਹਨ। ਹਰ ਵਿਅਕਤੀ ਦੇ ਕੰਮ ਆਉਣਾ ਉਨ੍ਹਾਂ ਦੇ ਸੁਭਾਅ ਵਿੱਚ ਹੈ । ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਵਿਖੇ ਕਰਵਾਏ ਜਾਂਦੇ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਉਂਦੇ ਹਨ। ਸੰਨ 1971 ਈਸਵੀ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਹੰਬੜਾਂ ਵਿੱਚ ਬ੍ਰਹਮਾ ਸਿੰਘ ਹੈਡਮਾਸਟਰ ਅਤੇ ਮਾਤਾ ਗੁਰਬਖ਼ਸ਼ ਕੌਰ ਦੇ ਘਰ ਜਨਮੇ ਜਤਿੰਦਰ ਸਿੰਘ ਖਾਲਸਾ ਨੇ ਆਪਣੀ ਪੜ੍ਹਾਈ ਦੌਰਾਨ ਹੀ ਅਨੇਕਾਂ ਸਾਹਿਤਕ, ਧਾਰਮਿਕ ਅਤੇ ਸਮਾਜ ਸੁਧਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਉਹ ਕਾਲਜ ਸਮੇਂ ਹੀ ਪੰਜਾਬੀ ਸਾਹਿਤ ਸਭਾ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਸ੍ਰੀ ਗੁਰੂ ਰਵਿਦਾਸ ਐਸੋਸੀਏਸ਼ਨ ਅਤੇ ਐਨ.ਐਸ.ਐਸ. ਦੇ ਸਰਗਰਮ ਮੈਂਬਰ ਰਹੇ ਹਨ। ਉਹ ਅੰਤਰ ਕਾਲਜ ਗਰੁੱਪ ਸ਼ਬਦ ਗਾਇਨ, ਕੁਇਜ਼, ਨਾਟਕ ਅਤੇ ਕਵਿਤਾ ਆਦਿ ਮੁਕਾਬਲਿਆ ਵਿੱਚ ਇਨਾਮ ਜਿੱਤ ਕੇ ਕਾਲਜ ਦਾ ਨਾਮ ਰੌਸ਼ਨ ਕਰਦੇ ਰਹੇ ਹਨ। ਅੱਜਕੱਲ੍ਹ ਉਹ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਦੇ ਚੇਅਰਮੈਨ, ਬਾਬਾ ਜ਼ੋਰਾਵਰ ਸਿੰਘ-ਬਾਬਾ ਫਤਿਹ ਸਿੰਘ ਵੈਲਫੇਅਰ ਸੁਸਾਇਟੀ (ਰਜਿ) ਦੇ ਪ੍ਰਧਾਨ, ਬਾਬਾ ਸੰਗਤ ਸਿੰਘ ਖਾਲਸਾ ਦਲ (ਰਜਿ) ਪੰਜਾਬ ਦੇ ਮੀਤ ਪ੍ਰਧਾਨ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੈਲਫੇਅਰ ਸੁਸਾਇਟੀ ਫਗਵਾੜਾ ਦੇ ਪ੍ਰਧਾਨ, ਪ੍ਰਾਈਵੇਟ ਕਾਲਜ ਨਾਨ-ਟੀਚਿੰਗ ਇੰਪਲਾਈਜ਼ ਯੂਨੀਅਨ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਪ੍ਰਧਾਨ ਵਜੋਂ ਆਪਣੀਆਂ ਸੇਵਾਵਾਂ ਪੂਰੀ ਤਨਦੇਹੀ ਨਾਲ ਨਿਭਾ ਰਹੇ ਹਨ। ਖਾਲਸਾ ਨੂੰ ਹੁਣ ਤੱਕ ਕਈ ਇਨਾਮਾਂ ਸਨਮਾਨਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੂੰ ਸਨਮਾਨਿਤ ਕਰਨ ਵਾਲੀਆਂ ਸੰਸਥਾਵਾਂ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਮੀਰੀ ਪੀਰੀ ਇੰਟਰਨੈਸ਼ਨਲ ਢਾਡੀ ਸਭਾ ਪੰਜਾਬ, ਨਿਸ਼ਚੈ ਇਕ ਕਾਫਲਾ ਲੁਧਿਆਣਾ, ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਗੁਰਮਿਤ ਸੰਗੀਤ ਅਕੈਡਮੀ ਜਲੰਧਰ, ਸ੍ਰੀ ਗੁਰੂ ਤੇਗ ਬਹਾਦਰ ਦਲ ਫਗਵਾੜਾ ਆਦਿ ਦੇ ਨਾਮ ਪ੍ਰਮੁੱਖ ਹਨ। ਸਮਾਜ ਅਤੇ ਸਿਖਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਕਾਰਜਾਂ ਲਈ ਉਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ ਸਿੱਖਿਆ ਵਿਭਾਗ ਸਲਾਹਕਾਰ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਜਾ ਚੁੱਕਾ ਹੈ।ਇਸੇ ਤਰ੍ਹਾਂ ਸਰਬ ਸੰਮਤੀ ਨਾਲ ਮੈਂਬਰ ਪੰਚਾਇਤ ਵੀ ਚੁਣਿਆ ਜਾ ਚੁੱਕਾ ਹੈ। ਅੱਜਕੱਲ ਖਾਲਸਾ ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਫਗਵਾੜਾ ਵਿਖੇ ਪ੍ਰਬੰਧਕੀ ਬਲਾਕ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ ।

ਖਾਲਸਾ ਨੂੰ ਆਪਣੇ ਪਰਵਾਰ ਧਰਮ ਪਤਨੀ ਅਧਿਆਪਕਾ ਪਰਮਿੰਦਰ ਕੌਰ ਖਾਲਸਾ ਅਤੇ ਬੇਟੀਆਂ ਹਰਸ਼ਦੀਪ ਕੌਰ ਅਤੇ ਸੁਖਲੀਨ ਕੌਰ ਵਲੋਂ ਪੂਰਨ ਸਹਿਯੋਗ ਮਿਲਦਾ ਹੈ। ਨਵੇਂ ਅਤੇ ਗੁਣੀ ਰਾਗੀ / ਢਾਡੀ ਜਥਿਆਂ ਨੂੰ ਸੰਗਤ ਦੇ ਰੂ-ਬ-ਰੂ ਕਰਵਾ ਕੇ ਉਨ੍ਹਾਂ ਨੂੰ ਸਥਾਪਿਤ ਕਰਨਾ ਉਨ੍ਹਾਂ ਦੇ ਜੀਵਨ ਦੇ ਮਨੋਰਥਾਂ ਵਿੱਚ ਸ਼ਾਮਿਲ ਹੈ। ਖਾਲਸਾ ਕੀਰਤਨ ਦਰਬਾਰਾਂ ਅਤੇ ਧਾਰਮਿਕ ਸਮਾਗਮਾਂ ਵਿੱਚ ਸਟੇਜ ਸਕੱਤਰ ਦੀ ਬਾਖੂਬੀ ਸੇਵਾ ਨਿਭਾਉਂਦੇ ਹਨ।

29-AUG-PAGE-1.qxd 8/28/2024 10:33 PM Page 2



# ਕੂੜੇ ਦੇ ਲੱਗੇ ਢੇਰਾਂ ਨੂੰ ਲੈ ਕੇ ਲੋਕਾਂ ਨੇ ਨਗਰ ਕੌਂਸਲ ਵਿਰੁੱਧ ਦਿੱਤਾ ਰੋਸ ਧਰਨਾ

## * ਈ ਓ ਵੱਲੋਂ ਸਮੱਸਿਆ ਦਾ ਜਲਦ ਹੱਲ ਕਰਨ ਦੇ ਦਿੱਤੇ ਭਰੋਸੇ ਮਗਰੋਂ ਧਰਨਾ ਚੁੱਕਿਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ਼ਹਿਰ ਧਾਰੀਵਾਲ ਦੇ ਸ਼ਮਸ਼ਾਨਘਾਟ ਦੇ ਸਾਹਮਣੇ ਮੁਹੱਲਾ ਗੋਪਾਲ ਨਗਰ ਕੋਲ ਪਿਛਲੇ ਲੰਮੇ ਸਮੇਂ ਤੋਂ ਨਗਰ ਕੌਂਸਲ ਵੱਲੋਂ ਲਗਾਏ ਕੂੜੇ ਦੇ ਵੱਡੇ-ਵੱਡੇ ਢੇਰ ਸੜਕ ਵਿੱਚ ਖਿਲਰਨ ਕਾਰਨ ਸ਼ਹਿਰ ਵਾਸੀਆਂ ਅਤੇ ਇਥੋਂ ਲੰਘਣ ਵਾਲੇ ਇਲਾਕੇ ਦੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨ ਪੈਂਦਾ ਹੈ। ਇਸ ਮੱਸਿਆ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਜੋਤੀ ਮਹਾਜਨ ਅਤੇ ਭਾਜਪਾ ਆਗੂ ਨਵਨੀਤ ਵਿੱਜ ਦੀ ਅਗਵਾਈ ਹੇਠ ਸ਼ਹਿਰ ਵਾਸੀਆਂ ਨੇ ਸ਼ਹਿਰ ਵਿੱਚੋਂ ਲੰਘਦੇ ਮੁੱਖ ਮਾਰਗ ਉਪਰ ਅਪਰਬਾਰੀ ਦੋਆਬ ਨਹਿਰ ਦੇ ਪੁੱਲ 'ਤੇ ਉਪਰ ਨਗਰ ਕੌਂਸਲ ਧਾਰੀਵਾਲ ਦੇ ਵਿਰੁੱਧ ਰੋਸ ਧਰਨਾ ਦਿੱਤਾ ਅਤੇ ਕਰੀਬ ਇਕ ਘੰਟਾ ਆਵਾਜਾਈ ਠੱਪ ਰੱਖੀ ਗਈ। ਇਸ ਰੋਸ ਧਰਨੇ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਕਾਦੀਆ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਭਾਜਪਾ ਮੰਡਲ ਪ੍ਰਧਾਨ ਜੋਤੀ ਮਹਾਜਨ ਭਾਜਪਾ ਆਗੂ ਨਵਨੀਤ ਵਿੱਜ ਨੇ ਕਿਹਾ ਕਿ ਪਿਛਲੇ ਕਾਫੀ ਸਮੇਂਤੋਂ ਨਗਰ ਕੌਂਸਲ ਵੱਲੋਂ ਸ਼ਹਿਰ ਦਾ ਕੂੜਾ ਚੁੱਕ ਕੇ ਸ਼ਮਸ਼ਾਨਘਾਟ ਦੇ ਸਾਹਮਣੇ ਕੂੜੇ ਦੇ ਵੱਡੇ-ਵੱਡੇ ਢੇਰ ਲਗਾਏ ਜਾ ਰਹੇ ਹਨ, ਜਿਸ ਕਾਰਨ ਸ਼ਮਸ਼ਾਨਘਾਟ ਦਾ ਰਸਤਾ ਵੀ ਬੰਦ ਹੋ ਗਿਆ ਹੈ। ਇਲਾਕੇ ਦੇ ਲੋਕਾਂ ਅਤੇ ਸ਼ਮਸ਼ਾਨਘਾਟ ਨੂੰ ਜਾਣ ਵਾਲਿਆਂ ਨੂੰ ਲਈ ਇਹ ਕੂੜੇ ਦੇ ਢੇਰ ਵੱਡੀ ਮੁਸੀਬਤ ਬਣੇ ਹੋਏ ਹਨ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਕਿਹਾ ਕਿ ਨਗਰ ਕੌਂਸਲ ਧਾਰੀਵਾਲ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਇਸ ਮੌਕੇ ਭਾਜਪਾ ਵਰਕਰਾਂ ਤੇ ਸ਼੍ਰੋਮਣੀ ਅਕਾਲੀਦਲ ਦੇ ਆਗੂ ਗੁਰਇਕਬਾਲ ਸਿੰਘ ਮਾਹਲ ਵੱਲੋਂ ਧਰਨਾ ਸਥਾਨ 'ਤੇ ਪਹੁੰਚੇ ਨਗਰ ਕੌਂਸਲ ਧਾਰੀਵਾਲ ਦੀ ਈਓ ਕਿਰਨ ਮਹਾਜਨ ਨੂੰ ਮੰਗ ਪੱਤਰ ਦਿੱਤਾ ਗਿਆ ਜਿਸ 'ਤੇ ਈਓ ਵਲੋਂ ਸਮੱਸਿਆ ਦਾ ਜਲਦ ਹੱਲ ਕਰਨ ਦੇ ਦਿੱਤੇ ਭਰੋਸੇ ਮਗਰੋਂ ਧਰਨਾ ਚੁੱਕਿਆ ਗਿਆ।

ਧਰਨੇ ਵਿੱਚ ਉੱਕਤ ਆਗੂਆਂ ਤੋਂ ਇਲਾਵਾ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਧਾਨ ਬ੍ਰਹਮ ਦੱਤ ਸ਼ਰਮਾ, ਸ਼ਿਵਸੈਨਾ ਹਿੰਦੁਸਤਾਨ ਦੇ ਆਗੂ ਰੋਹਿਤ ਅਬਰੋਲ, ਅਮਿਤ ਸੂਦ, ਰਾਜੀਵ ਮਹਾਜਨ, ਭਾਜਪਾ ਦਿਹਾਤੀ ਮੰਡਲ ਧਾਰੀਵਾਲ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਜਾਪੂਵਾਲ, ਜਸਬੀਰ ਸਿੰਘ, ਗਗਨਦੀਪ ਸਿੰਘ, ਸੁਨੰਦਨ ਸ਼ਰਮਾ, ਕੈਪਟਨ ਯਸ਼ਪਾਲ, ਦੀਪਕ ਮਹਾਜਨ, ਹਿਤੇਸ਼ ਮਹਾਜਨ, ਸੰਨੀ ਮਹਾਜਨ, ਅਜੇ ਮਹਾਜਨ, ਕਪਿਲ, ਸੰਜੀਵ ਮਹਾਜਨ, ਰੋਸ਼ਨ ਕੋਹਲੀ, ਜਗਜੀਤ, ਜਤਿੰਦਰ ਪਾਲ ਸਿੰਘ, ਸੁਖਵਿੰਦਰ ਸੁੱਖ, ਕੁਲਦੀਪ ਬਲੱਗਣ, ਸਾਨੂ ਮਹਾਜਨ, ਸਾਹਿਲ ਨੰਦਾ, ਰੌਣਕੀ ਰਾਮ ਆਦਿ ਸ਼ਾਮਲ ਸਨ।

# ਕੋਟ ਟੋਡਰ ਮੱਲ ਦੀਆਂ ਗਲੀਆਂ 'ਚ ਲੋਕਾਂ ਪਨੀਰੀ ਲਾ ਕੇ ਕੀਤਾ ਰੋਸ ਪ੍ਰਦਰਸ਼ਨ



ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)-ਪਿੰਡ ਕੋਟ ਟੋਡਰ ਮੱਲ ਵਿਚ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਛੱਪੜ ਦਾ ਗੰਦਾ ਪਾਣੀ ਗਲੀਆਂ ਵਿੱਚ ਖੜ੍ਹਾ ਹੋਣ ਕਰਕੇ ਪਿੰਡ ਦਿਆਂ ਲੋਕਾਂ ਵੱਲੋਂ ਝੋਨੇ ਦੀ ਪਨੀਰੀ ਲਾ ਕੇ ਰੋਸ਼ ਪ੍ਰਦਰਸਨ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਹਰਵੰਤ ਸਿੰਘ ਨੇ ਦੱਸਿਆ ਕਿ ਸਬ ਹੈਲਥ ਸੈਂਟਰ ਕੋਟ ਟੋਡਰ ਮੱਲ ਦੇ ਨਜ਼ਦੀਕ ਪਿੰਡ ਦੀਆਂ ਗਲੀਆਂ ਵਿੱਚ ਛੱਪੜ ਦਾ ਗੰਦਾ ਪਾਣੀ ਕਈ ਮਹੀਨਿਆਂ ਤੋਂ ਖੜ੍ਹਾ ਹੈ ਜਿਸ ਕਾਰਨ ਹਸਪਤਾਲ, ਆਂਗਨਵਾੜੀ ਸੈਂਟਰ ਅਤੇ ਗੁਰਦੁਆਰਾ ਸਾਹਿਬ ਨੂੰ ਜਾਣ ਦਾ ਇਹ ਮੇਨ ਰਸਤਾ ਗੋਡੇ ਗੋਡੇ ਪਾਣੀ ਖਲੋਣ ਕਾਰਨ ਬੰਦ ਪਿਆ ਹੈ ਅਤੇ ਜਿਨ੍ਹਾਂ ਨੂੰ ਮਜਬੂਰੀ ਵੱਸ ਲੰਘਣਾ ਪੈਂਦਾ ਹੈ ਉਹ ਖਾਰਸ਼ ਆਦਿ ਬੀਮਾਰੀਆਂ ਤੋਂ ਪੀੜਤ ਹਨ।ਉਨ੍ਹਾਂ ਦੱਸਿਆ ਕਿ ਅੱਜ ਪਿੰਡ ਵਾਸੀਆਂ ਵੱਲੋਂ ਗਲੀਆਂ ਵਿੱਚ ਖਲੋਤੇ ਗੰਦੇ ਪਾਣੀ ਵਿੱਚ ਝੋਨੇ ਦੀ ਪਨੀਰੀ ਲਾ ਕੇ ਆਪਣੇ ਰੋਸ਼ ਦਾ ਵਿਖਾਵਾ ਕੀਤਾ ਗਿਆ।ਉਨ੍ਹਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਬੇਨਤੀ ਕੀਤੀ ਕਿ ਬੀਡੀਪੀਓ ਕਾਹਨੂੰਵਾਨ ਨਾਲ ਗੱਲਬਾਤ ਕਰਕੇ ਪਿੰਡ ਕੋਟ ਟੋਡਰ ਮੱਲ ਦੀਆਂ ਗਲੀਆਂ ਵਿੱਚ ਖਲੋਤੇ ਗੰਦੇ ਪਾਣੀ ਦਾ ਨਿਕਾਸ ਕੀਤਾ ਜਾਵੇ ਤਾਂ ਜੋ ਬੀਮਾਰੀ ਫੈਲਣ ਤੋਂ ਬਚਾ ਹੋ ਸਕੇ। ਕੁਝ ਨੇ ਦੱਬੀ ਆਵਾਜ਼ ਵਿਚ ਕਿਹਾ ਕਿ ਛੱਪੜ ਤਾਂ ਲੋਕਾਂ ਨੇ ਮੱਲ ਲਏ ਹਨ, ਪਾਣੀ ਗਲੀਆਂ ਵਿੱਚ ਖੜ੍ਹਾ ਨਾ ਹੋਵੇ ਤਾਂ ਕਿਥੇ ਜਾਵੇ? ਇਸ ਮੌਕੇ ਨਿਸ਼ਾਨ ਸਿੰਘ ਨੰਬਰਦਾਰ, ਹਰਪਿੰਦਰ ਸਿੰਘ, ਸੁਲੱਖਣ ਸਿੰਘ ਕਾਮਰੇਡ, ਗੁਰਿੰਦਰ ਸਿੰਘ, ਸੁਖਵਿੰਦਰ ਸਿੰਘ, ਹਰਦਿਆਲ ਸਿੰਘ, ਅਮਰਜੀਤ ਕੌਰ, ਅਜੀਤ ਕੌਰ, ਹਰਜਿੰਦਰ ਕੌਰ, ਮਨਜੀਤ ਕੌਰ ਅਤੇ ਹਰਜੀਤ ਕੌਰ ਆਦਿ ਹਾਜ਼ਰ ਹੋਏ ਜਦੋਂ ਇਸ ਸਬੰਧੀ ਪੰਚਾਇਤ ਸਕੱਤਰ ਦਿਲਬਾਗ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਜਲਦੀ ਤੋਂ ਜਲਦੀ ਇਸ ਮੁਸ਼ਕਲ ਦਾ ਹੱਲ ਕਰ ਦਿੱਤਾ ਜਾਵੇਗਾ।

# ਜਮਹੂਰੀ ਕਿਸਾਨ ਸਭਾ ਪੰਜਾਬ ਨੇ ਮੁੱਖ ਮੰਤਰੀ ਮਾਨ ਨੂੰ ਭੇਜਿਆ ਮੰਗ ਪੱਤਰ



ਪਠਾਨਕੋਟ (ਦਵਿੰਦਰ ਸਿੰਘ ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਪਠਾਨਕੋਟ ਵੱਲੋਂ ਸੂਬਾ ਕਮੇਟੀ ਪੰਜਾਬ ਦੇ ਫੈਸਲੇ ਅਨੁਸਾਰ ਸਹਿਕਾਰਤਾ ਤਹਿਤ ਪੰਜਾਬ ਵਿੱਚ ਕੋਆਪਰੇਟਿਵ ਅਦਾਰਿਆਂ ਦੀ ਮਾੜੀਆਂ ਹਾਲਤਾਂ ਨੂੰ ਚੁਸਤ ਦਰੁਸਤ ਕਰਨ ਲਈ, ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਪਠਾਨਕੋਟ ਰਾਹੀਂ ਮੰਗ ਪੱਤਰ ਮਾਨਯੋਗ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਗਿਆ।ਸਹਿਕਾਰਤਾ ਵਿਭਾਗ ਵਿੱਚ ਇਸ ਵੇਲੇ ਸੱਤ ਆਈਏਐੱਸ ਅਧਿਕਾਰੀ ਅਤੇ ਵੱਡੇ ਅਫਸਰਾਂ ਦੇ ਤਾਇਨਾਤ ਹੋਣ ਦੇ ਬਾਵਜੂਦ ਕਰੋੜਾਂ ਰੁਪਏ ਦੇ ਘਪਲੇ ਹੋ ਰਹੇ ਹਨ।ਜਮਹੂਰੀ ਕਿਸਾਨ ਸਭਾ ਪੰਜਾਬ ਇਨ੍ਹਾਂ ਅਦਾਰਿਆਂ ਨੂੰ ਮੁੜ ਲੀਹਾਂ ਤੇ ਲਿਆਉਣ ਅਤੇ ਲੋਕ ਪੱਖੀ ਬਣਾਉਣ ਲਈ ਯਤਨਸ਼ੀਲ ਹੈ ਅਤੇ ਮੰਗ ਕਰਦੀ ਹੈ ਕਿ ਪੰਜਾਬ ਸਰਕਾਰ ਪਹਿਲ ਦੇ ਆਧਾਰ 'ਤੇ ਸੋਚ ਵਿਚਾਰ ਕੇ ਸਹਿਕਾਰਤਾ ਵਿਭਾਗ ਵਿੱਚ ਆਉਂਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ।ਅਫਸਰਾਂ ਦੀ ਮਿਲੀਭੁਗਤ ਨਾਲ ਸਹਿਕਾਰੀ ਖੇਤੀਬਾੜੀ ਸਭਾਵਾਂ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਭ੍ਰਿਸ਼ਟਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਇਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣ।95% ਸਹਿਕਾਰੀ ਸਭਾਵਾਂ ਡੁੱਬਣ ਕਿਨਾਰੇ ਹਨ।ਇਨ੍ਹਾਂ ਨੂੰ ਬਣਾਉਣ ਲਈ ਸਰਕਾਰੀ ਅਤੇ ਰਾਜਸੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ ਤਾਂ ਕਿ ਸਭਾਵਾਂ ਦੀਆਂ ਕਮੇਟੀਆਂ ਖ਼ੁਦਮੁਖ਼ਤਿਆਰੀ ਨਾਲ ਫੈਸਲੇ ਲੈਣ।ਸਭਾਵਾਂ ਨੂੰ ਖੇਤੀ ਸੰਦ ਖ਼ਰੀਦਣ ਲਈ 90% ਸਬਸਿਡੀ ਤੇ ਕਰਜ਼ੇ ਦਿੱਤੇ ਜਾਣ।ਮਜ਼ਦੂਰਾਂ ਨੂੰ ਵੀ ਮੈਂਬਰ ਬਣਾਇਆ ਜਾਵੇ। ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਬੰਦ ਪਈਆਂ ਕੋਆਪਰੇਟਿਵ ਗੰਨਾ ਮਿੱਲਾਂ ਤੁਰੰਤ ਚਲਾਈਆਂ ਜਾਣ, ਗੰਨਾ ਪੀੜਨ ਦੀ ਸਮੱਰਥਾ ਵਧਾਈ ਜਾਵੇ, ਮਾਰਕਫੈੱਡ ਕਿਸਾਨਾਂ ਅਤੇ ਆਮ ਲੋਕਾਂ ਲਈ ਅਹਿਮ ਅਦਾਰਾ ਹੈ ਇਸ ਅਦਾਰੇ ਨੂੰ ਕਿਸਾਨੀ ਵਰਤੋਂ ਦੀਆਂ ਵਸਤਾਂ, ਖ਼ਾਦਾਂ, ਕੀੜੇ ਮਾਰਨ, ਨਦੀਨਨਾਸ਼ਕ ਦਵਾਈਆਂ, ਸੰਦਾਂ ਦਾ ਸਸਤੇ ਭਾਅ ਪ੍ਰਬੰਧ ਕਰਨਾ ਚਾਹੀਦਾ ਹੈ।ਰੋਸ ਪ੍ਰਦਰਸ਼ਨ ਦੀ ਪ੍ਰਧਾਨਗੀ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਰਘੁਵੀਰ ਸਿੰਘ ਧਲੋਰੀਆ ਨੇ ਕੀਤੀ।ਉਪਰੋਕਤ ਤੋਂ ਇਲਾਵਾ ਜਨਰਲ ਸਕੱਤਰ ਬਲਵੰਤ ਘੋਹ, ਬਲਵੀਰ ਸਿੰਘ ਬੇਗੀ, ਸਰਦਾਰ ਰਛਪਾਲ ਸਿੰਘ, ਦਰਸ਼ਨ ਸਿੰਘ ਜਿਆਣੀ, ਬਲਕਾਰ ਚੰਦ, ਰਨਜੀਤ ਸਿੰਘ, ਸੁਖਦੇਵ ਸਿੰਘ ਆਦਿ ਆਗੂਆਂ ਵਿਚਾਰ ਰੱਖੇ।

# ਕਾਮਰੇਡ ਅਮਰੀਕ ਸਿੰਘ ਦੀ ਮਿੱਠੀ ਯਾਦ 'ਚ ਸ਼ਰਧਾਂਜਲੀ ਸਮਾਗਮ



ਚੋਹਲਾ ਸਾਹਿਬ (ਰਮਨ ਚੱਢਾ)-ਕਾਮਰੇਡ ਅਮਰੀਕ ਸਿੰਘ ਸਾਨੂੰ 19 ਅਗਸਤ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਭਾਈ ਅਦਲੀ ਚੋਹਲਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਰਾਗੀ ਸਿੰਘਾਂ ਨੇ ਆਪਣੇ ਕੀਰਤਨ ਰਾਹੀਂ ਸ਼ਰਧਾ ਦੇ ਫੁੱਲ ਭੇਟ ਕੀਤੇ।ਉਪਰੰਤ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਪਰਿਵਾਰ ਨਾਲ ਹਮਦਰਦੀ ਅਤੇ ਦੁੱਖ ਸਾਂਝਾ ਕੀਤਾ।ਸ਼ਰਧਾ ਦੇ ਫੁੱਲ ਭੇਟ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੀ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਦੱਸਿਆ ਕਿ ਕਾਮਰੇਡ ਅਮਰੀਕ ਸਿੰਘ ਕਮਿਊਨਿਸਟ ਪਾਰਟੀ ਦੇ ਏਰੀਆ ਕਮੇਟੀ ਮੈਂਬਰ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਸਰਗਰਮ ਆਗੂ ਸਨ।ਉਨ੍ਹਾਂ ਕਿਹਾ ਕਿ ਤੁਰ ਤਾਂ ਸਾਰਿਆਂ ਨੇ ਜਾਣਾ ਹੈ ਪਰ ਕੁੱਝ ਲੋਕ ਕਾਮਰੇਡ ਅਮਰੀਕ ਸਿੰਘ ਵਰਗੇ ਹੁੰਦੇ ਹਨ ਜੋ ਸਮਾਜ ਵਿੱਚ ਸਦੀਵੀ ਪੈੜਾਂ ਪਾ ਜਾਂਦੇ ਹਨ ।ਅਮਰੀਕ ਸਿੰਘ ਸੰਘਰਸ਼ ਦੌਰਾਨ ਕਦੇ ਡੋਲੇ ਨਹੀਂ, ਹਮੇਸ਼ਾ ਮੋਹਰਲੀਆਂ ਕਤਾਰਾਂ ਵਿੱਚ ਰਹੇ ਅਤੇ ਜ਼ਿੰਦਗੀ ਲੋਕਾਂ ਦੇ ਲੇਖੇ ਲਾ ਦਿੱਤੀ ਅਤੇ ਆਖਰੀ ਸਾਹ ਤੱਕ ਸੰਘਰਸ਼ ਦੇ ਪਾਂਧੀ ਰਹੇ।ਕਾਮਰੇਡ ਅਮਰੀਕ ਸਿੰਘ ਨੇ ਆਪਣੀ ਧਰਮ ਪਤਨੀ ਸੁਰਜੀਤ ਕੌਰ, ਬੇਟਾ ਗੁਰਵਿੰਦਰ ਸਿੰਘ ਅਤੇ ਛੋਟਾ ਭਰਾ ਕਾਮਰੇਡ ਗੁਰਪਾਲ ਸਿੰਘ ਫੌਜੀ ਨੂੰ ਵੀ ਇਨਕਲਾਬੀ ਗੁੜ੍ਹਤੀ ਦੇ ਕੇ ਲੋਕ ਲਹਿਰ ਵੱਲ ਤੋਰਿਆ।ਕਾਮਰੇਡ ਅਮਰੀਕ ਸਿੰਘ ਦੀ ਮੌਤ ਦਾ ਜਿੰਨਾ ਨਾ ਪੂਰਾ ਹੋਣ ਵਾਲਾ ਘਾਟਾ ਪਰਿਵਾਰ ਨੂੰ ਪਿਆ ਹੈ ਉਨਾ ਹੀ ਕਿਰਤੀਆਂ ਦਾ ਕਾਫਲਾ ਵੀ ਇੱਕ ਸਹਿਯੋਗੀ ਤੋਂ ਵਿਰਵਾ ਹੋ ਗਿਆ ਹੈ।ਇਸ ਸ਼ਰਧਾਂਜਲੀ ਸਮਾਗਮ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ, ਕਿਸਾਨ ਸਭਾ ਦੇ ਆਗੂ ਕਾਮਰੇਡ ਪਰਮਜੀਤ ਸਿੰਘ ਚੋਹਲਾ ਸਾਹਿਬ, ਕਾਮਰੇਡ ਰਜਿੰਦਰ ਸਿੰਘ ਚੋਹਲਾ ਸਾਹਿਬ, ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਕਾਮਰੇਡ ਜਤਿੰਦਰ ਸਿੰਘ ਢੋਟੀਆਂ, ਪੰਜਾਬ ਖੇਤ ਮਜ਼ਦੂਰ ਸਭਾ ਦੇ ਬਲਾਕ ਪ੍ਰਧਾਨ ਕਾਮਰੇਡ ਬੂਟਾ ਸਿੰਘ ਢੋਟੀਆਂ, ਕਾਮਰੇਡ ਰਸ਼ਪਾਲ ਸਿੰਘ ਚੋਹਲਾ ਸਾਹਿਬ, ਪੰਜਾਬ ਇਸਤਰੀ ਸਭਾ ਦੀ ਆਗੂ ਬਲਜੀਤ ਕੌਰ ਚੋਹਲਾ ਸਾਹਿਬ ਆਦਿ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

# ਸਰਕਾਰੀ ਹਸਪਤਾਲ 'ਚ ਡਾਕਟਰਾਂ ਦੀ ਘਾਟ ਨੂੰ ਲੈ ਕੇ ਰੋਸ ਮਾਰਚ



ਕਲਾਨੌਰ (ਮਨਦੀਪ ਕੋਹਲੀ)-ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਦੀਆਂ ਅਤੇ ਹੋਰ ਸਰਕਾਰੀ ਦਫਤਰਾਂ ਵਿੱਚ ਖਾਲੀ ਪੋਸਟਾਂ ਦੀ ਪੂਰਤੀ ਦੀ ਮੰਗ ਨੂੰ ਲੈ ਕੇ ਹਸਪਤਾਲ ਦੇ ਸਾਹਮਣੇ ਹਸਪਤਾਲ ਸਕੂਲ ਤੇ ਸਰਕਾਰੀ ਦਫਤਰ ਬਚਾਓ ਮੋਰਚਾ ਕਲਾਨੌਰ ਵੱਲੋਂ ਵਿਸ਼ਾਲ ਧਰਨਾ ਦਿੱਤਾ ਗਿਆ। ਧਰਨੇ ਤੋਂ ਪਹਿਲਾਂ ਸ਼ਿਵ ਮੰਦਿਰ ਤੋਂ ਸ਼ੁਰੂ ਹੋ ਕੇ ਬਾਜ਼ਾਰਾਂ ਵਿੱਚ ਰੋਸ ਮਾਰਚ ਕੀਤਾ ਗਿਆ।

ਧਰਨੇ ਨੂੰ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਹੋਇਆਂ ਸਰਕਾਰ ਪਾਸੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਤੇ ਹੋਰ ਸਟਾਫ ਇਲਾਵਾ ਦੂਸਰੇ ਸਰਕਾਰੀ ਦਫਤਰਾਂ ਵਿੱਚ ਵੀ ਖਾਲੀ ਆਸਾਮੀਆਂ ਭਰੀਆਂ ਜਾਣ ਕਿਉਂਕਿ ਕਲਾਨੌਰ ਦਾ ਹਸਪਤਾਲ ਲਗਭਗ 100 ਤੋਂ ਵੱਧ ਪਿੰਡਾਂ ਨੂੰ ਸਿਹਤ ਸਿਹਤ ਸਭਾਵਾਂ ਪ੍ਰਦਾਨ ਕਰ ਰਿਹਾ ਹੈ। ਡਾਕਟਰਾਂ ਤੇ ਹੋਰ ਸਟਾਫ ਦੀ ਘਾਟ ਕਾਰਨ ਇਹ ਸਵਾਵਾਂ ਠੱਕ ਹੋ ਕੇ ਰਹਿ ਗਈਆਂ ਹਨ।

ਧਰਨੇ ਵਿੱਚ ਮਨਜੀਤ ਸਿੰਘ ਅਦਾਲਤਪੁਰ, ਰਜਿੰਦਰ ਸਿੰਘ ਖੁਸ਼ੀਪੁਰ, ਸਤਨਾਮ ਸਿੰਘ, ਅਰਜਨਜੀਤ ਅੌਜਲਾ, ਦਿਲਬਾਗ ਸਿੰਘ ਕਲਾਨੌਰ, ਚਰਨਜੀਤ ਸਿੰਘ ਕਲਾਨੌਰ, ਸੁਖਵਿੰਦਰ ਸਿੰਘ ਸ਼ਿੰਦਾ ਕਲਾਨੌਰ, ਮਨਜੀਤ ਸਿੰਘ, ਪ੍ਰਤਾਪ ਸਿੰਘ ਦਲੇਰਪੁਰ, ਬਲਰਾਜ ਸਿੰਘ ਬਿਸ਼ਨਕੋਟ, ਗੁਰਜੀਤ ਸਿੰਘ ਬੁਲਾਰੀਆ, ਦਲਜੀਤ ਸਿੰਘ ਤਲਵੰਡੀ, ਗੁਰਦੀਪ ਸਿੰਘ, ਜਰਨੈਲ ਸਿੰਘ, ਗੁਰਦੀਪ ਸਿੰਘ ਅਦਾਲਤਪੁਰ ਸ਼ਾਮਿਲ ਸਨ।

# ਜੁਆਇੰਟ ਫੋਰਮ ਪੰਜਾਬ ਤੇ ਏਕਤਾ ਮੰਚ ਪੰਜਾਬ ਸਰਕਲ ਗੁਰਦਾਸਪੁਰ ਦੇ ਆਗੂਆਂ ਦੀ ਮੀਟਿੰਗ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਜੁਆਇੰਟ ਫੋਰਮ ਪੰਜਾਬ ਅਤੇ ਏਕਤਾ ਮੰਚ ਪੰਜਾਬ ਸਰਕਲ ਗੁਰਦਾਸਪੁਰ ਦੇ ਸਮੂਹ ਜਥੇਬੰਦੀਆਂ ਦੇ ਆਗੂਆਂ ਦੀ ਮੀਟਿੰਗ ਗੁਰੂ ਨਾਨਕ ਪਾਰਕ ਵਿੱਚ ਸਾਥੀ ਬਲਵਿੰਦਰ ਸਿੰਘ ਉਦੀਪੁਰ, ਸੰਜੀਵ ਸੈਣੀ, ਦਿਲਬਾਗ ਸਿੰਘ ਬੁੱਟਰ ਦੀ ਸਾਂਝੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਜਿਸ ਵਿੱਚ ਸੀਨੀਅਰ ਆਗੂ ਗੁਰਵੇਲ ਸਿੰਘ ਬੱਲਪੁਰੀਆ ਸਕੱਤਰ ਏਕਤਾ ਮੰਚ ਪੰਜਾਬ ਉਚੇਚੇ ਤੌਰ 'ਤੇ ਸ਼ਾਮਿਲ ਹੋਏ।ਬੱਲਪੁਰੀਆ ਨੇ ਦੱਸਿਆ ਕਿ ਜੁਆਇੰਟ ਫੋਰਮ ਅਤੇ ਏਕਤਾ ਮੰਚ ਪੰਜਾਬ ਵਲੋਂ ਤਿੱਖਾ ਸੰਘਰਸ਼ ਦਿੱਤਾ ਗਿਆ ਜਿਸ ਵਿੱਚ ਵਰਕ ਟੂ ਰੂਲ ਅਧੀਨ ਕੰਮ ਕੀਤਾ ਜਾਵੇ ਅਤੇ ਮਿਤੀ 1/9/24 ਨੂੰ ਬਿਜਲੀ ਮੰਤਰੀ ਦੀ ਕੋਠੀ ਨਿਊ ਅੰਮ੍ਰਿਤਸਰ ਵਿਖੇ ਰੋਸ ਧਰਨਾ ਦਿੱਤਾ ਜਾਵੇਗਾ ਅਤੇ ਰੋਸ ਮਾਰਚ ਕੀਤਾ ਜਾਵੇਗਾ।

ਆਗੂਆਂ ਵੱਲੋਂ ਦੱਸਿਆ ਕਿ ਗੁਰਦਾਸਪੁਰ ਸਰਕਲ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਕਿ ਮੰਡਲ ਵਾਈਜ ਸਰਕਲ ਗੁਰਦਾਸਪੁਰ ਵਿੱਚੋਂ ਅੱਠ ਬੱਸਾਂ ਲੈ ਕੇ ਧਰਨੇ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ ਅਤੇ ਸੂਬਾ ਪੱਧਰ ਦਾ ਵਿਸ਼ਾਲ ਧਰਨਾ ਦਿੱਤਾ ਜਾਵੇ।ਜੇਕਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਫਿਰ ਵੀ ਨਾ ਮੰਨੀ ਤਾਂ ਫਿਰ 10,11,12/9/24 ਨੂੰ ਤਿੰਨ ਦਿਨ ਸਮੂਹਿਕ ਛੁੱਟੀ ਦੇ ਕੇ ਮੰਡਲਾਂ ਦੇ ਗੇਟਾਂ ਅੱਗੇ ਧਰਨੇ ਦਿੱਤੇ ਜਾਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਹੋਵੇਗੀ।

ਇਸ ਮੌਕੇ ਸੀਨੀਅਰ ਆਗੂ ਜਸਵਿੰਦਰ ਸਿੰਘ, ਹਰਜੀਤ ਸਿੰਘ, ਮਨਜੀਤ ਸਿੰਘ ਸੈਣੀ, ਸੰਜੀਵ ਸ਼ਰਮਾ, ਲਖਵਿੰਦਰ ਸਿੰਘ ਸੈਣੀ, ਬਲਜੀਤ ਸਿੰਘ ਸਰੂਪ ਵਾਲੀ, ਸਾਬ ਸਿੰਘ, ਸੁਖਵਿੰਦਰ ਸਿੰਘ ਗਿੱਲ, ਤਰਲੋਕ ਸਿੰਘ ਖੁੰਡੀ, ਬਲਵਿੰਦਰ ਸਿੰਘ ਬਾਜਵਾ, ਰਣਧੀਰ ਸਿੰਘ ਆਦਿ ਸਾਥੀ ਹਾਜ਼ਰ ਸਨ।

# ਜੇ. ਈ. ਕੌਂਸਲ ਨੇ ਨਿਗਰਾਨ ਇੰਜੀਨੀਅਰ ਨੂੰ ਸੌਂਪਿਆ ਮੰਗ ਪੱਤਰ



ਗੁਰਦਾਸਪੁਰ (ਜਨਕ ਮਹਾਜਨ)-ਪਾਵਰਕਾਮ ਮੈਨੇਜਮੈਂਟ ਮਨੁੱਖੀ ਅਧਿਕਾਰ ਦੀ ਉਲੰਘਣਾ ਕਰਦੇ ਹੋਏ ਜੂਨੀਅਰ ਇੰਜੀਨੀਅਰ ਨੂੰ ਐਤਵਾਰ ਵਾਲੇ ਦਿਨ ਚੈਕਿੰਗ ਦੇ ਹੁਕਮ ਜਾਰੀ ਕਰ ਰਹੀ ਜਿਸ ਨੂੰ ਸਹਿਨ ਨਹੀਂ ਕੀਤਾ ਜਾਵੇਗਾ ਕਿਉਂਕਿ ਪਹਿਲਾਂ ਹੀ ਨਾ-ਮਾਤਰ ਸਟਾਫ ਨਾਲ 24 ਘੰਟੇ ਡਿਊਟੀ ਲਈ ਹਾਜ਼ਰ ਹੋ ਕੇ ਜੇ. ਈ. ਨਿਰਵਿਘਨ ਬਿਜਲੀ ਸਪਲਾਈ ਬਹਾਲ ਰੱਖ ਰਹੇ ਹਨ। ਜੇ. ਈ. ਨੂੰ ਹਫਤੇ ਵਿੱਚ ਇੱਕ ਰੈਸਟ ਨਾ ਦੇਣਾ ਅਤੇ ਛੁੱਟੀ ਵਾਲੇ ਦਿਨ ਵੀ ਚੈਕਿੰਗ ਲਈ ਕਹਿਣਾ ਨਾ ਮਨੁੱਖੀ ਅਧਿਕਾਰਾਂ ਅਤੇ ਕਿਰਤ ਕਾਨੂੰਨਾਂ ਦੀ ਉਲੰਘਣਾ ਹੈ। ਜੇ. ਈ. ਕੌਂਸਲ ਮੈਂਬਰ ਅੱਗੇ ਤੋਂ ਅਜਿਹੇ ਹੁਕਮਾਂ ਦਾ ਬਾਈਕਾਟ ਕਰਨਗੇ ਜਿਸ ਬਾਬਤ ਮੈਨੇਜਮੈਂਟ ਨੂੰ ਪੱਤਰ ਲਿਖ ਦਿੱਤਾ ਗਿਆ ਹੈ। ਇਹ ਜਾਣਕਾਰੀ ਗੁਰਦਾਸਪੁਰ ਮੰਡਲ ਪ੍ਰਧਾਨ ਇੰਜੀਨੀਅਰ ਸੁਖਦੇਵ ਸਿੰਘ ਕਾਲਾ ਨੰਗਲ ਨੇ ਮੀਟਿੰਗ ਤੋਂ ਬਾਅਦ ਦਿੱਤੀ। ਮੀਟਿੰਗ ਵਿੱਚ ਹਾਜ਼ਰ ਵੱਡੀ ਗਿਣਤੀ ਵਿੱਚ ਜੇ. ਈ. ਨੇ ਸੰਬੋਧਨ ਕਰਦਿਆਂ ਕਿਹਾ ਕਿ ਜੇ. ਈ. ਕੌਂਸਲ ਬਾਰਡਰ ਜ਼ੋਨ ਜਨਰਲ ਸਕੱਤਰ ਇੰਜੀਨੀਅਰ ਵਿਮਲ ਕੁਮਾਰ, ਜ਼ਿਲ੍ਹਾ ਪ੍ਰਧਾਨ ਇੰਜ. ਜਤਿੰਦਰ ਸ਼ਰਮਾ ਨੇ ਕਿਹਾ ਕਿ ਪਾਵਰਕਾਮ ਵੱਲੋਂ ਜਲਦਬਾਜ਼ੀ ਨਾਲ ਅਧੂਰਾ ਸਾਫਟਵੇਅਰ ਈ. ਆਰ. ਪੀ. ਲਾਗੂ ਕੀਤਾ ਗਿਆ ਹੈ ਜਿਸ ਦੀ ਅਸੀਂ ਪੁਰਜ਼ੋਰ ਨਿੰਦਾ ਕਰਦੇ ਹਾਂ। ਇਸ ਸਾਫਟਵੇਅਰ ਇਲੈਕਟ੍ਰੀਕਲ ਇੰਜੀਨੀਅਰ ਦੀ ਰਾਏ ਲੈਣ ਤੋਂ ਬਗੈਰ ਤਿਆਰ ਕਰਵਾ ਕੇ ਲਾਗੂ ਕਰ ਦਿੱਤਾ ਗਿਆ ਹੈ।

ਇੰਜੀਨੀਅਰ ਵਿਮਲ ਕੁਮਾਰ ਨੇ ਦੱਸਿਆ ਕਿ ਜਿੱਥੇ ਜੇ. ਈ. ਕੋਲ ਬੈਠਣ ਲਈ ਜਗ੍ਹਾ ਅਤੇ ਲੋੜੀਂਦਾ ਫਰਨੀਚਰ ਤੱਕ ਨਹੀਂ ਉਥੇ ਅਜਿਹੇ ਹਾਲਾਤ ਵਿੱਚ ਬਿਨ੍ਹਾਂ ਕੰਪਿਊਟਰ ਇਸ ਨੂੰ ਲਾਗੂ ਕਰਨ ਦੀ ਕਿਹਾ ਜਾ ਰਿਹਾ ਹੈ।

ਜੇ. ਈ. ਵਿਮਲ ਕੁਮਾਰ ਅਤੇ ਜਤਿੰਦਰ ਸ਼ਰਮਾ ਨੇ ਮੀਟਿੰਗ ਤੋਂ ਬਾਅਦ ਜਸਵਿੰਦਰ ਸਿੰਘ ਵਿਰਦੀ ਨਿਗਰਾਨ ਇੰਜੀਨੀਅਰ ਹਲਕਾ ਗੁਰਦਾਸਪੁਰ ਨੂੰ ਈ. ਆਰ. ਪੀ. ਦੀਆਂ ਕਮੀਆਂ ਅਤੇ ਲਾਗੂ ਕਰਨ ਲਈ ਲੋੜੀਂਦੇ ਲੈਪਟਾਪ ਦੇਣ ਬਾਰੇ ਲਿਖਤੀ ਪੱਤਰ ਦਿੱਤਾ। ਇੰਜੀਨੀਅਰ ਵਿਰਦੀ ਵੱਲੋਂ ਸਿਫਾਰਸ਼ਾਂ ਸਹਿਤ ਮੰਗ ਪੱਤਰ ਮੁੱਖ ਇੰਜੀਨੀਅਰ ਬਾਰਡਰ ਨੂੰ ਭੇਜਣ ਦਾ ਭਰੋਸਾ ਦਿੱਤਾ ਗਿਆ।

# ਜਨਮ ਅਸ਼ਟਮੀ ਮੌਕੇ ਬੋਨੀ ਨੇ ਸਾਥੀਆਂ ਸਮੇਤ ਲਕਸ਼ਮੀ ਨਾਰਾਇਣ ਮੰਦਰ ਮੱਥਾ ਟੇਕਿਆ



ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਵਿੱਤਰ ਤਿਉਹਾਰ ਮੌਕੇ ਵਿਧਾਨ ਸਭਾ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਤੇ ਭਾਰਤੀ ਜਨਤਾ ਪਾਰਟੀ ਦੇ ਓਬੀਸੀ ਸੈੱਲ ਪੰਜਾਬ ਦੇ ਪ੍ਰਧਾਨ ਤੇ ਸੀਨੀਅਰ ਆਗੂ ਅਮਰਪਾਲ ਸਿੰਘ ਬੋਨੀ ਅਜਨਾਲਾ ਆਪਣੇ ਸਾਥੀਆਂ ਸਮੇਤ ਨਵੀਂ ਆਬਾਦੀ ਵਿਖੇ ਸਥਿਤ ਮੰਦਰ ਸ੍ਰੀ ਲਕਸ਼ਮੀ ਨਰਾਇਣ ਵਿਖੇ ਮੱਥਾ ਟੇਕਿਆ।

ਉਨ੍ਹਾਂ ਨੇ ਕਥਾਵਾਚਕ ਅਚਾਰਿਆ ਕਮਲ ਕ੍ਰਿਸ਼ਨ ਭਾਰਦਵਾਜ ਕੋਲੋਂ ਅਸ਼ੀਰਵਾਦ ਤੇ ਸਨਮਾਨ ਪ੍ਰਾਪਤ ਕੀਤਾ।ਸੰਗਤ ਵਿੱਚ ਬੈਠ ਕੇ ਹਾਜ਼ਰੀ ਲਗਵਾਈ ਅਤੇ ਸ਼੍ਰੀ ਕ੍ਰਿਸ਼ਨ ਦੀ ਮਹਿਮਾ ਦਾ ਗੁਣਗਾਨ ਸੁਣ ਕੇ ਅਨੰਦ ਪ੍ਰਾਪਤ ਕੀਤਾ।ਇਸ ਮੌਕੇ ਮੰਦਰ ਦੇ ਸੁਆਮੀ ਪੰਡਿਤ ਸੱਤ ਪ੍ਰਕਾਸ਼ ਸ਼ਰਮਾ, ਉਨ੍ਹਾਂ ਦੇ ਨਾਲ ਵਾਰਡ ਨੰਬਰ 7 ਦੇ ਭਾਰਤੀ ਜਨਤਾ ਪਾਰਟੀ ਦੇ ਨਵਨਿਯੁਕਤ ਇੰਚਾਰਜ ਯੂਥ ਆਗੂ ਅੰਕੁਸ਼ ਕੁਮਾਰ ਸ਼ਰਮਾ ਬੰਟੀ, ਸ਼ਾਮ ਸੁੰਦਰ ਦੀਵਾਨਾ, ਸੱਤਪਾਲ ਸ਼ਰਮਾ ਬੱਬੀ, ਮੋਹਿਤ ਕੁਮਾਰ, ਸੰਦੀਪ ਕੁਮਾਰ, ਰਾਕੇਸ਼ ਕੁਮਾਰ, ਨਿਆਮਤ, ਹਤਿੰਦਰ ਸਿੰਘ ਬੱਬਰ ਅਜਨਾਲਾ, ਰਾਜਿੰਦਰ ਕੁਮਾਰ, ਬਬਲੂ ਸ਼ਾਹ, ਅਜੈ ਕੁਮਾਰ, ਕੁਲਦੀਪ ਕੁਮਾਰ, ਰਾਜੀਵ ਕੁਮਾਰ, ਪ੍ਰੇਮ ਕੁਮਾਰ ਆਦਿ ਹਾਜ਼ਰ ਸਨ।

# ਐੱਸ ਡੀ ਐੱਮ ਭਿੱਖੀਵਿੰਡ ਨੇ ਸੇਫ ਸਕੂਲ ਵਾਹਨ ਪਾਲਿਸੀ ਸੰਬੰਧੀ ਸਕੂਲ ਪ੍ਰਿੰਸੀਪਲਾਂ ਨਾਲ ਕੀਤੀ ਮੀਟਿੰਗ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਉਪ ਮੰਡਲ ਮੈਜਿਸਟਰੇਟ ਭਿੱਖੀਵਿੰਡ ਕਿਰਪਾਲ ਵੀਰ ਸਿੰਘ ਵੱਲੋਂ ਸੇਫ ਸਕੂਲ ਵਾਹਨ ਪਾਲਿਸੀ ਸੰਬੰਧੀ ਇਲਾਕੇ ਦੇ ਸਮੂਹ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲਾਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਨੇ ਮੀਟਿੰਗ 'ਚ ਹਾਜ਼ਰ ਸਮੂਹ ਸਕੂਲਾਂ ਦੇ ਮੁਖੀਆਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਜਾਰੀ ਹੋਈਆਂ ਹਦਾਇਤਾਂ ਦੀਆਂ ਇੰਨ-ਬਿੰਨ ਪਾਲਣਾ ਕਰਨ ਦੇ ਆਦੇਸ਼ ਦਿੱਤੇ।ਇਸ ਮੌਕੇ ਸਕੂਲ ਮੁਖੀਆਂ ਨੂੰ ਮਾਣਯੋਗ ਹਾਈਕੋਰਟ ਵੱਲੋਂ ਜਾਰੀ ਹੋਈਆਂ ਹਦਾਇਤਾਂ ਸੰਬੰਧੀ ਜਾਣਕਾਰੀ ਦਿੰਦਿਆਂ ਐੱਸਡੀਐੱਮ ਭਿੱਖੀਵਿੰਡ ਨੇ ਕਿਹਾ ਕਿ ਸਕੂਲ ਬੱਸ ਦੇ ਡਰਾਈਵਰ ਦਾ ਯੂਨੀਫ਼ਾਰਮ ਵਿੱਚ ਹੋਣਾ ਲਾਜ਼ਮੀ ਹੈ।ਬੱਸ ਵਿੱਚ ਸੀਸੀਟੀਵੀ ਕੈਮਰੇ ਲੱਗੇ ਹੋਣੇ ਚਾਹੀਦੇ ਹਨ ਤੇ ਵਿਦਿਆਰਥਣਾਂ ਲਈ ਲੇਡੀ ਅਟੈਂਡੈਂਟ ਦਾ ਬੱਸ ਵਿੱਚ ਹੋਣਾ ਲਾਜ਼ਮੀ ਹੈ।ਇਸ ਤੋਂ ਇਲਾਵਾ ਸਕੂਲ ਵੈਨ 'ਚ ਅੱਗ ਬੁਝਾਊ ਯੰਤਰ, ਮੁੱਢਲੀ ਸਹਾਇਤਾ ਕਿੱਟ, ਸਕੂਲ ਵੈਨ ਤੇ ਸਕੂਲ ਦਾ ਨਾਮ ਅਤੇ ਫੋਨ ਨੰਬਰ ਲਿਖਿਆ ਹੋਣਾ ਆਦਿ ਲਾਜ਼ਮੀ ਹੈ।ਉਨ੍ਹਾਂ ਨੇ ਮੀਟਿੰਗ ਵਿੱਚ ਹਾਜ਼ਰ ਸਮੂਹ ਸਕੂਲਾਂ ਦੇ ਮੁਖੀਆਂ ਨੂੰ ਬੱਸਾਂ ਲਈ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਜਾਰੀ ਹੋਈਆਂ ਸ਼ਰਤਾਂ ਨੂੰ ਜਲਦ ਤੋਂ ਜਲਦ ਪੂਰਾ ਕਰਨ ਦੀ ਅਪੀਲ ਕੀਤੀ।ਇਸ ਮੌਕੇ ਉਨ੍ਹਾਂ ਨੇ ਸਕੂਲ ਪ੍ਰਿੰਸੀਪਲਾਂ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਚੈਕਿੰਗ ਦੌਰਾਨ ਸਕੂਲ ਬੱਸ ਵਿੱਚ ਕੋਈ ਵੀ ਕਮੀ ਪਾਈ ਗਈ ਤਾਂ ਸੰਬੰਧਤ ਸਕੂਲ ਪ੍ਰਿੰਸੀਪਲ ਅਤੇ ਡਰਾਈਵਰ ਖਿਲਾਫ ਬਨਦੀ ਕਾਰਵਾਈ ਕੀਤੀ ਜਾਵੇਗੀ।ਮੀਟਿੰਗ ਵਿੱਚ ਪ੍ਰਾਈਵੇਟ ਸਕੂਲਾਂ ਦੇ ਮੁਖੀ ਤੇ ਐੱਸਡੀਐੱਮ ਸਮੇਤ ਦਫਤਰ ਦਾ ਸਟਾਫ ਹਾਜ਼ਰ ਸੀ।

# ਰਿਟਾਇਰ ਬ੍ਰਿਗੇਡੀਅਰ ਦਵਿੰਦਰ ਕੌਰ ਦਾ ਦਿਹਾਂਤ



ਤਰਨਤਾਰਨ (ਪ੍ਰਿਤਪਾਲ ਸਿੰਘ)-ਪੰਜਾਬ ਪੁਲਸ ਦੇ ਏਆਈਜੀ ਸੂਬਾ ਸਿੰਘ ਰੰਧਾਵਾ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦ ਰਿਸ਼ਤੇਦਾਰੀ ਵਿੱਚ ਸਤਿਕਾਰਤ ਵੱਡੇ ਭੈਣ ਰਿਟਾਇਰ ਬ੍ਰਿਗੇਡੀਅਰ ਦਵਿੰਦਰ ਕੌਰ ਦਾ ਦਿਹਾਂਤ ਹੋ ਗਿਆ।ਦਵਿੰਦਰ ਕੌਰ ਦੀ ਆਤਮਿਕ ਸ਼ਾਂਤੀ ਵਾਸਤੇ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਆਰੰਭ ਕਰਵਾਏ ਗਏ ਜਿਨ੍ਹਾਂ ਦਾ ਭੋਗ ਅਤੇ ਅੰਤਿਮ ਅਰਦਾਸ 30 ਅਗਸਤ ਸ਼ੁੱਕਰਵਾਰ ਨੂੰ ਦੁਪਹਿਰ 2 ਵਜੇ ਤੋਂ 12 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਨਾਨਕ ਪ੍ਰਕਾਸ਼, ਗਾਰਡਨ ਇਨਕਲੇਵ ਖਾਨਕੋਟ ਅੰਮ੍ਰਿਤਸਰ ਵਿਖੇ ਹੋਵੇਗੀ।ਏਆਈਜੀ ਸੂਬਾ ਸਿੰਘ ਰੰਧਾਵਾ ਨੇ ਦੱਸਿਆ ਕਿ ਦਵਿੰਦਰ ਕੌਰ ਜਿੱਥੇ ਪਰਿਵਾਰਕ ਤੌਰ ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ ਉੱਥੇ ਸਮਾਜ ਸੇਵਾ ਨੂੰ ਵੀ ਪੂਰੀ ਤਰ੍ਹਾਂ ਸਮਰਪਿਤ ਸਨ।ਉਨ੍ਹਾਂ ਦੇ ਦਿਹਾਂਤ ਨਾਲ ਇਲਾਕੇ ਨੂੰ ਵੱਡਾ ਘਾਟਾ ਪਿਆ ਹੈ।ਰਿਟਾਇਰ ਬ੍ਰਿਗੇਡੀਅਰ ਦਵਿੰਦਰ ਕੌਰ ਦੀ ਦੇ ਦਿਹਾਂਤ 'ਤੇ ਪੰਜਾਬ ਦੇ ਡੀਜੀਪੀ ਗੌਰਵ ਯਾਦਵ, ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਹਰਭਜਨ ਸਿੰਘ ਈਟੀਓ, ਕੁਲਦੀਪ ਸਿੰਘ ਧਾਲੀਵਾਲ, ਪੁਲਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ, ਪ੍ਰੈੱਸ ਕਲੱਬ ਤਰਨਤਾਰਨ ਦੇ ਪ੍ਰਧਾਨ ਧਰਮਵੀਰ ਸਿੰਘ ਮਲਹਾਰ, ਚੇਅਰਮੈਨ ਗੁਰਸੇਵ ਸਿੰਘ ਔਲਖ, ਹਰਜਿੰਦਰ ਸਿੰਘ ਢਿੱਲੋਂ ਨੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

# ਜਾਲ੍ਹੀ ਭਰਤੀ ਮਾਮਲਾ : ਪੀ ਯੂ ਦੇ ਸਕਿਉਰਿਟੀ ਸੁਪਰਵਾਈਜ਼ਰ ਨੂੰ ਵਿਜੀਲੈਂਸ ਨੇ ਕੀਤਾ ਗ੍ਰਿਫ਼ਤਾਰ

ਪਟਿਆਲਾ (ਰਾਜਿੰਦਰ ਸਿੰਘ ਥਿੰਦ) ਪੰਜਾਬੀ ਯੂਨੀਵਰਸਿਟੀ ਵਿਚ ਜਾਅਲੀ ਭਰਤੀ ਮਾਮਲੇ 'ਚ ਵਿਜੀਲੈਂਸ ਬਿਊਰੋ ਨੇ ਸਿਕਉਰਿਟੀ ਸੁਪਰਵਾਈਜ਼ਰ ਨੂੰ ਗ੍ਰਿਫਤਾਰ ਕੀਤਾ ਹੈ।ਸਕਿਉਰਿਟੀ ਸੁਪਰਵਾਈਜ਼ਰ ਵੱਲੋਂ ਵਿਦੇਸ਼ ਗਏ ਆਪਣੇ ਲੜਕੇ ਤੇ ਘਰ ਵਿਚ ਸਫ਼ਾਈ ਦਾ ਕੰਮ ਕਰਨ ਵਾਲੀ ਔਰਤ ਨੂੰ ਭਰਤੀ ਕਰਕੇ ਤਨਖਾਹ ਦੇ ਨਾਂਅ 'ਤੇ ਲੱਖਾਂ ਰੁਪਏ ਦਾ ਘਪਲਾ ਕੀਤਾ ਗਿਆ ਹੈ।ਦੱਸਣਾ ਬਣਦਾ ਹੈ ਕਿ ਇਸ ਮਾਮਲੇ ਦਾ ਖੁਲਾਸਾ ਹੋਣ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਵਲੋਂ ਜਾਂਚ ਕਰਨ ਤੋਂ ਬਾਅਦ ਮਾਮਲਾ ਵਿਜੀਲੈਂਸ ਨੂੰ ਸੌਂਪਿਆ ਗਿਆ।ਵਿਜੀਲੈਂਸ ਦੀ ਪੜਤਾਲ 'ਚ ਸਿਕਉਰਿਟੀ ਸੁਪਰਵਾਈਜ਼ਰ ਰੁਪਿੰਦਰ ਸਿੰਘ ਵੱਲੋਂ ਕੀਤੇ ਘਪਲੇ ਦੇ ਸਬੂਤ ਸਾਹਮਣੇ ਆਏ ਤੇ ਮਾਮਲਾ ਦਰਜ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ।ਪੜਤਾਲ ਦੌਰਾਨ ਸਾਹਮਣੇ ਆਇਆ ਕਿ ਸਾਲ 2011 ਤੋਂ ਸਾਲ 2021 ਤੱਕ ਪੰਜਾਬੀ ਯੂਨੀਵਰਸਿਟੀ ਵੱਲੋਂ ਈ ਟੈਂਡਰ ਅਤੇ ਮੈਨੂਅਲ ਪ੍ਰਨਾਲੀ ਰਾਹੀਂ ਠੇਕੇਦਾਰੀ ਸਿਸਟਮ 'ਚ ਸਕਿਊਰਿਟੀ ਗਾਰਡ ਅਤੇ ਸਫਾਈ ਸੇਵਕ ਆਦਿ ਰੱਖੇ ਗਏ ਸਨ।ਅਸਾਮੀਆਂ ਭਰਨ ਲਈ ਯੂਨੀਵਰਸਿਟੀ ਵਾਈਸ ਚਾਂਸਲਰ ਵੱਲੋਂ ਕਮੇਟੀ ਗਠਿਤ ਕੀਤੀ ਗਈ, ਜਿਸ ਵਿੱਚ ਚੇਅਰਮੈਨ ਡੀਨ ਅਕਾਦਮਿਕ ਮਾਮਲੇ ਜਦੋਂਕਿ ਰਜਿਸਟਰਾਰ, ਵਿੱਤ ਅਫ਼ਸਰ, ਸਕਿਊਰਿਟੀ ਅਫਸਰ ਤੇ ਇੰਚਾਰਜ ਕੈਂਪਸ ਅਪਕੀਤ ਮੈਂਬਰ ਸਨ।ਕਮੇਟੀ ਦੀ ਸਿਫ਼ਾਰਸ਼ 'ਤੇ ਵਾਇਸ ਚਾਂਸਲਰ ਵੱਲੋਂ ਦਿੱਤੀ ਪ੍ਰਵਾਨਗੀ 'ਤੇ ਪੰਜ ਫਰਮਾਂ ਨਾਲ ਐਗਰੀਮੈਂਟ ਕੀਤਾ ਗਿਆ।

ਵਿਜੀਲੈਂਸ ਦੀ ਜਾਂਚ ਅਨੁਸਾਰ ਰੁਪਿੰਦਰ ਸਿੰਘ ਸਕਿਊਰਿਟੀ ਸੁਪਰਵਾਈਜ਼ਰ ਵੱਲੋਂ ਹੀ ਆਪਣੇ ਲੜਕੇ ਅਤੇ ਘਰ ਵਿਚ ਸਾਫ ਸਫਾਈ ਦਾ ਕੰਮ ਕਰਨ ਵਾਲੀ ਔਰਤ ਦੇ ਭਰਤੀ ਸਬੰਧੀ ਫਾਰਮ ਭਰ ਕੇ ਉਕਤ ਦੋਹਾਂ ਨੂੰ ਭਰਤੀ ਕਰਵਾ ਲਿਆ।ਸਕਿਊਰਿਟੀ ਸੁਪਰਵਾਈਜ਼ਰ ਵਲੋਂ ਹੀ ਡੇਲੀ ਡਿਊਟੀ ਜਾਂ ਕੱਚਾ ਰਜਿਸਟਰ ਵਿੱਚ ਸੁਰੱਖਿਆ ਕ੍ਰਮਚਾਰੀਆਂ ਦੇ ਡਿਊਟੀ ਪੁਆਇੰਟ ਤੇ ਸਮਾਂ ਸੀਮਾ ਤੈਅ ਕਰਕੇ ਕ੍ਰਮਚਾਰੀਆਂ ਦੇ ਹਸਤਾਖਰ ਕਰਾਏ ਜਾਂਦੇ ਸਨ, ਜਿਸ ਦੇ ਅਧਾਰ 'ਤੇ ਉਨ੍ਹਾਂ ਇਨ੍ਹਾਂ ਸੁਰੱਖਿਆ ਕ੍ਰਮਚਾਰੀਆਂ ਦੀਆਂ ਹਾਜ਼ਰੀਆਂ ਨੂੰ ਪੰਜਾਬੀ ਯੂਨੀਵਰਸਿਟੀ ਦੇ ਸਰਕਾਰੀ ਰਜਿਸਟਰ ਵਿਚ ਦਰਜ ਕਰਕੇ ਸਬੰਧਤ ਫਰਮਾਂ ਨੂੰ ਭੇਜਦਾ ਸੀ।

ਵਿਜੀਲੈਂਸ ਦੀ ਜਾਂਚ ਅਨੁਸਾਰ ਸਕਿਊਰਿਟੀ ਸੁਪਰਵਾਈਜ਼ਰ ਰੁਪਿੰਦਰ ਸਿੰਘ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਆਪਣੇ ਲੜਕੇ ਤੇ ਘਰ ਵਿੱਚ ਸਫ਼ਾਈ ਕਰਨ ਵਾਲੀ ਔਰਤ ਦੀ ਭਰਤੀ ਸਬੰਧੀ ਦਸਤਾਵੇਜ਼ ਤਿਆਰ ਕੀਤੇ ਗਏ।ਡੇਲੀ ਡਿਊਟੀ ਰਜਿਸਟਰ ਵਿੱਚ ਆਪ ਹੀ ਦਸਤਖਤ ਕੀਤੇ ਗਏ ਤੇ ਫਰਮਾਂ ਨੂੰ ਆਪਣੇ ਦਸਤਖ਼ਤਾਂ ਹੇਠ ਇਨ੍ਹਾਂ ਦੀਆਂ ਹਾਜ਼ਰੀ ਰਿਪੋਰਟਾਂ ਭੇਜਣ ਅਤੇ ਇਨਾਂ ਦੇ ਖਾਤਿਆਂ ਵਿਚ ਫਰਮਾਂ ਵਲੋਂ ਤਨਖਾਹ ਦੇ ਰੂਪ ਵਿਚ ਟਰਾਂਸਫਰ ਹੋਈ ਕੁੱਲ ਰਕਮ 8 ਲੱਖ 22 ਹਜ਼ਾਰ 609 ਰੁਪਏ ਨੂੰ ਆਪ ਹੀ ਕਢਵਾ ਲਈ।


## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਚੱਲ/ਅਚੱਲ ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਿਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਿਟਿਡ) ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ, 2002 {2002 ਦਾ 54} ਤਹਿਤ ਅਤੇ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸ੍ਰੀ ਅਰਜੁਨ ਵਿਸ਼ਕਰਮਾ ਪੁੱਤਰ ਸ੍ਰੀ ਰਾਮ ਵਿਸ਼ਕਰਮਾ ਵਾਸੀ 75, ਪਠਾਨਕੋਟ ਰੋਡ, ਨੇੜੇ ਬਾਈਪਾਸ, ਜਲੰਧਰ-1, ਜਲੰਧਰ, ਪੰਜਾਬ-144004 (2) ਸ੍ਰੀ ਘਣ ਬਹਾਦਰ ਪੁੱਤਰ ਰਾਮ ਬਹਾਦਰ ਵਾਸੀ 75, ਇੰਡਸਟਰੀਅਲ ਅਸਟੇਟ, ਜਲੰਧਰ-1, ਜਲੰਧਰ, ਰੇਰੂ, ਪੰਜਾਬ-144012 (3) ਸ੍ਰੀ ਬੀਰੂ ਵਿਸ਼ਕਰਮਾ ਪੁੱਤਰ ਪੂਰਨ ਵਿਸ਼ਕਰਮਾ ਵਾਸੀ 63, ਟਾਈਪ-5, ਰੇਲ ਕੋਚ ਫੈਕਟਰੀ, ਸਟੇਸ਼ਨ ਕਪੂਰਥਲਾ, ਪੰਜਾਬ-144602 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ (4) ਸ੍ਰੀ ਰਵੀ ਵਿਸ਼ਕਰਮ ਪੁੱਤਰ ਲੀਲਾ ਰਾਮ ਵਿਸ਼ਕਰਮਾ, ਕੁਆਰਟਰ ਨੰ. 12, ਟਾਈਪ-5, ਰੇਲ ਕੋਚ ਫੈਕਟਰੀ ਕਪੂਰਥਲਾ, ਪੰਜਾਬ-144602 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਐੱਚ ਐੱਲ/050611000024 'ਚ ਰੁਪਏ 21,57,303.40, ਡਿਮਾਂਡ ਨੋਟਿਸ ਦੀ ਮਿਤੀ 'ਤੇ ਬਕਾਇਆ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕਰਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ ਮਿਤੀ 15-04-2024 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਿਟਿਡ ਵੱਲੋਂ ਐੱਚ ਐੱਲ/050611000024 'ਚ ਰੁਪਏ 21,57,303.40 ਬਕਾਇਆ ਰਕਮ 01.04.2024 ਤੋਂ ਭਵਿੱਖੀ ਵਿਆਜ ਵਸੂਲ ਕੀਤੀ ਜਾਵੇਗੀ।

### ਅਚੱਲ ਜਾਇਦਾਦ ਦਾ ਵੇਰਵਾ

ਪ੍ਰਾਇਮਰੀ ਸਕਿਊਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ: ਬੈਨਾਮਾ ਦਸਤਾਵੇਜ਼ ਨੰ. 2021-22/30/1/920 ਮਿਤੀ 28-06-2021 ਅਨੁਸਾਰ ਸ੍ਰੀ ਅਰਜੁਨ ਵਿਸ਼ਕਰਮਾ ਪੁੱਤਰ ਸ੍ਰੀ ਰਾਮ ਵਿਸ਼ਕਰਮਾ ਦੀ ਮਾਲਕੀ ਵਾਲੀ ਜਾਇਦਾਦ ਰਕਬਾ 03 ਮਰਲਾ ਢੁੱਡੀਆਂਵਾਲ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਤ ਸਭ ਕੁਝ।

ਮਿਤੀ : 28.08.2024 ਸਥਾਨ : ਕਪੂਰਥਲਾ (ਅਧਿਕਾਰਤ ਅਫਸਰ)



## AXIS BANK LTD.

ਰਿਟੇਲ ਐੱਸਟਸ ਸੈਂਟਰ : ਐਕਸਿਸ ਬੈਂਕ ਲਿਮਿਟਿਡ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਰਿਟੇਲ ਐਸਟਸ ਸੈਂਟਰ : ਐਕਸਿਸ ਬੈਂਕ ਲਿਮਿਟਿਡ, ਤੀਜੀ ਮੰਜ਼ਲ, ਐੱਸ ਸੀ ਓ 367-368, ਆਕਾਸ਼ ਇੰਸਟੀਚਿਊਟ ਦੇ ਉਪਰ, ਸੈਕਟਰ 34 ਏ, ਚੰਡੀਗੜ੍ਹ-160022-ਕਾਰਪੋਰੇਟ ਦਫਤਰ : ਤੀਜੀ ਮੰਜ਼ਲ, ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025, ਰਜਿ.ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ ਐਲਿਸਬ੍ਰਿਜ, ਅਹਿਮਦਾਬਾਦ-380006

### ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਿਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ, 2002 ਅਤੇ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ, ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਸ/ ਪਤਾ / ਸਹਿ-ਕਰਜ਼ਦਾਰ ਅਤੇ ਗਰੰਟਰ/ਰਹਿਣਕਾਰ ਦਾ ਨਾਂਅ/ਕਾਨੂੰਨੀ ਵਾਰਸ/ ਪਤਾ | ਐੱਨ ਪੀ ਏ ਮਿਤੀ / ਡਿਮਾਂਡ ਨੋਟਿਸ ਦੀ ਮਿਤੀ / ਕਰਜ਼ਾ ਰਕਮ / ਡਿਮਾਂਡ ਨੋਟਿਸ ਅਨੁਸਾਰ ਬਕਾਇਆ ਰਕਮ |
|---|---|---|
| 1 | 1. ਮੈਸਰਜ਼ ਜਗਦੰਬੇ ਟਰੇਡਿੰਗ ਕੰਪਨੀ (ਰਾਹੀਂ ਇਸ ਦੇ ਮਾਲਕ) ਮੰਡੀ ਸੁਰ ਸਿੰਘ, ਐੱਮ ਸੀ ਬੀ ਨੋਟੀਫਾਈਡ ਏਰੀਆ, ਭਿੱਖੀਵਿੰਡ, ਜ਼ਿਲ੍ਹਾ ਤਰਨ ਤਾਰਨ-143302 | 29 ਜੁਲਾਈ 2024 / 02 ਅਗਸਤ 2024 |
| | 2. ਯੋਗੇਸ਼ ਕੁਮਾਰ ਪੁੱਤਰ ਕੁਲਦੀਪ ਕੁਮਾਰ ਉਰਫ ਕੁਲਦੀਪ ਕੁਮਾਰ (ਮਾਲਕ) ਮਕਾਨ ਨੰ. 206, ਖਾਲੜਾ ਰੋਡ, ਕਰਮ ਸਿੰਘ ਵਾਲੀ ਗਲੀ, ਭਿੱਖੀਵਿੰਡ, ਜ਼ਿਲ੍ਹਾ ਤਰਨ ਤਾਰਨ-143303, 3. ਕਮਲੇਸ਼ ਰਾਣੀ ਪਤਨੀ ਕੁਲਦੀਪ ਕੁਮਾਰ (ਗਰੰਟਰ) ਖਾਲੜਾ ਰੋਡ, ਕਰਮ ਸਿੰਘ ਵਾਲੀ ਗਲੀ, ਭਿੱਖੀਵਿੰਡ, ਜ਼ਿਲ੍ਹਾ ਤਰਨ ਤਾਰਨ-143303 | ਰੁਪਏ 45,00,000/- (ਰੁਪਏ ਪੰਜਤਾਲੀ ਲੱਖ ਕੇਵਲ) / ਰੁਪਏ 46,21,189/- (ਰੁਪਏ ਛਿਆਲੀ ਲੱਖ ਇੱਕੀ ਹਜ਼ਾਰ ਇੱਕ ਸੌ ਉਨਾਨਵੇਂ ਕੇਵਲ) |
| | ਸਕਿਓਰਡ ਐੱਸਟਸ ਦਾ ਜਾਇਦਾਦੀ ਪਤਾ : ਬੈਨਾਮਾ ਨੰ. 1742 ਮਿਤੀ 14/11/2021 ਅਨੁਸਾਰ ਕਮਲੇਸ਼ ਰਾਣੀ ਪਤਨੀ ਕੁਲਦੀਪ ਕੁਮਾਰ ਦੇ ਨਾਂਅ ਰਿਹਾਇਸ਼ੀ ਜਾਇਦਾਦ ਰਕਬਾ 00 ਕਨਾਲ 16 ਮਰਲਾ, ਜਮ੍ਹਾਂਬੰਦੀ ਸਾਲ 2006-2007, ਖੱਤਾ ਖਤੌਨੀ ਨੰ. 34, ਕਿੱਲਾ ਨੰ. 75//18/2 ਮਿਨ ਭਿੱਖੀਵਿੰਡ ਖੇਤਰ 'ਚ ਸਥਿਤ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਪਲਾਟ, ਪੱਛਮ : ਗਲੀ, ਉੱਤਰ : ਪ੍ਰੇਮ ਲਾਲ ਦੀ ਮਾਲਕੀ, ਦੱਖਣ : ਦਿਆਲ ਸਿੰਘ ਅਤੇ ਤਰਲੋਕ ਸਿੰਘ ਦੀ ਮਾਲਕੀ। | |
| 2 | ਮਾਂ ਸਰਸਵਤੀ ਫਰੂਟ ਐਂਡ ਵੈਜੀਟੇਬਲ ਕੰਪਨੀ ਰਾਹੀਂ ਇਸ ਦੇ ਮਾਲਕ ਸਬਜ਼ੀ ਮੰਡੀ ਪਾਤੜਾਂ, ਚੁਨਾਗਰਾ ਰੋਡ, ਪਟਿਆਲਾ, ਪੰਜਾਬ -147105 | 23 ਨਵੰਬਰ 2023 / 02 ਅਗਸਤ 2024 |
| | (2) ਸ੍ਰੀ ਪੰਕਜ ਜਿੰਦਲ (ਹੁਣ ਮ੍ਰਿਤਕ) ਪੁੱਤਰ ਸ੍ਰੀ ਕੇਵਲ ਕ੍ਰਿਸ਼ਨ ਜਿੰਦਲ ਰਾਹੀਂ ਇਸ ਦੇ ਸਾਰੇ ਕਾਨੂੰਨੀ ਵਾਰਿਸ, ਵਾਰਡ ਨੰ. 8, ਲਾਖ ਵਾਲੀ ਬਸਤੀਨਾ, ਪਟਿਆਲਾ, ਪੰਜਾਬ-147105 (3) ਸ੍ਰੀ ਕੇਵਲ ਕ੍ਰਿਸ਼ਨ ਜਿੰਦਲ ਪੁੱਤਰ ਸ੍ਰੀ ਸ਼ਾਮ ਲਾਲ, ਵਾਰਡ ਨੰ. 8, ਲਾਖ ਵਾਲੀ ਬਸਤੀਨਾ ਪਟਿਆਲਾ, ਪੰਜਾਬ-147105, (4) ਸ੍ਰੀਮਤੀ ਪ੍ਰਿਯੰਕਾ ਜਿੰਦਲ ਪਤਨੀ ਸ੍ਰੀ ਪੰਕਜ ਜਿੰਦਲ (ਕਾਨੂੰਨੀ ਵਾਰਿਸ), ਵਾਰਡ ਨੰ 8, ਲਾਖ ਵਾਲੀ ਬਸਤੀਨਾ, ਪਟਿਆਲਾ, ਪੰਜਾਬ-147105 (5) ਕ੍ਰਿਸ਼ਕਾ ਜਿੰਦਲ ਪੁੱਤਰੀ ਸ੍ਰੀ ਪੰਕਜ ਜਿੰਦਲ (ਕਾਨੂੰਨੀ ਵਾਰਿਸ) ਰਾਹੀਂ ਇਸ ਦੇ ਕੁਦਰਤੀ ਗਾਰਡੀਅਨ, ਵਾਰਡ ਨੰ. 8, ਲਾਖ ਵਾਲੀ ਬਸਤੀਨਾ, ਪਟਿਆਲਾ, ਪੰਜਾਬ-147105 (6) ਵਿਵਨ ਜਿੰਦਲ ਪੁੱਤਰ ਸ੍ਰੀ ਪੰਕਜ ਜਿੰਦਲ (ਕਾਨੂੰਨੀ ਵਾਰਿਸ) ਰਾਹੀਂ ਇਸ ਦੇ ਕੁਦਰਤੀ ਗਾਰਡੀਅਨ, ਵਾਰਡ ਨੰ. 8, ਲਾਖ ਵਾਲੀ ਬਸਤੀਨਾ, ਪਟਿਆਲਾ, ਪੰਜਾਬ-147105 (7) ਸ੍ਰੀਮਤੀ ਕਮਲੇਸ਼ ਰਾਣੀ ਮਾਤਾ ਸ੍ਰੀ ਪੰਕਜ ਜਿੰਦਲ (ਕਾਨੂੰਨੀ ਵਾਰਿਸ) ਵਾਰਡ ਨੰ. 8, ਲਾਖ ਵਾਲੀ ਬਸਤੀਨਾ, ਪਟਿਆਲਾ, ਪੰਜਾਬ-147105 | ਰੁਪਏ 15,90,000/- (ਰੁਪਏ ਪੰਦਰਾਂ ਲੱਖ ਨੱਬੇ ਹਜ਼ਾਰ ਕੇਵਲ) / ਰੁਪਏ 18,25,136/- (ਰੁਪਏ ਅਠਾਰਾਂ ਲੱਖ ਪੰਜੀ ਹਜ਼ਾਰ ਇੱਕ ਸੌ ਛੱਤੀ ਕੇਵਲ) |
| | ਸਕਿਓਰਡ ਐੱਸਟਸ ਦਾ ਜਾਇਦਾਦੀ ਪਤਾ : ਤਬਾਦਲਾ ਬੈਨਾਮਾ ਨੰ. 3318 ਮਿਤੀ 16-3-2016 ਕੇਵਲ ਕ੍ਰਿਸ਼ਨ ਦੇ ਨਾਂਅ ਜਾਇਦਾਦ/ਮਕਾਨ ਰਕਬਾ 12'×18' ਜੋ ਕਿ 24 ਵਰਗ ਗਜ਼ ਲਾਖ ਵਾਲੀ ਬਸਤੀ ਵਿਖੇ ਸਥਿਤ, ਤਹਿਸੀਲ ਪਾਤੜਾਂ, ਸਾਈਜ਼ 24 ਵਰਗ ਗਜ਼ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਬਾਹੀ ਗਲੀ, ਉੱਤਰ : ਨਾਨਕ ਚੰਦ, ਪੱਛਮ : ਬਾਹੀ ਮਨੀਸ਼ ਕੁਮਾਰ, ਦੱਖਣ : ਕੇਵਲ ਕ੍ਰਿਸ਼ਨ। ਜਾਇਦਾਦ/ਮਕਾਨ ਰਕਬਾ 00 ਕਨਾਲ-3-1/2 ਮਰਲਾ, ਬੈਨਾਮਾ ਨੰ. 2037 ਮਿਤੀ 24.12.1996, ਖੇਵਟ/ਖਤੌਨੀ ਨੰ. 408/1279, ਖਸਰਾ ਨੰ. 56//21/1 (0-7) ਕਿੱਤੇ 1, ਕੁੱਲ 00 ਕਨਾਲ-07 ਮਰਲਾ ਜੋ ਕਿ ਸਾਈਜ਼ 36'×50' ਜੋ ਕਿ 200 ਵਰਗ ਗਜ਼ ਜਿਸ ਵਿੱਚੋਂ ਧਰਮਪਾਲ ਪੁੱਤਰ ਸ਼ਿਆਮ ਲਾਲ 1/2 ਹਿੱਸਾ ਜੋ ਕਿ 00 ਕਨਾਲ-3-1/2 ਮਰਲਾ ਅਤੇ ਕੇਵਲ ਕ੍ਰਿਸ਼ਨ ਪੁੱਤਰ ਸ਼ਿਆਮ ਲਾਲ 1/2 ਹਿੱਸਾ ਜੋ 00 ਕਨਾਲ-3-1/2 ਮਰਲਾ, ਇਸ ਤੋਂ ਬਾਅਦ ਧਰਮਪਾਲ ਨੇ ਆਪਣਾ ਹਿੱਸਾ ਜੀਵਨ ਕੁਮਾਰ ਸ਼ਿਆਮ ਲਾਲ ਨੂੰ ਤਬਦੀਲ ਕੀਤਾ, 1/2 ਹਿੱਸਾ ਜੋ ਕਿ 00 ਕਨਾਲ-3-1/2 ਮਰਲਾ, ਤਬਾਦਲਾ ਨੰ. 24082, ਤਬਾਦਲਾ ਬੈਨਾਮਾ ਨੰ. 2152 ਮਿਤੀ 28.12.2013 ਫਿਰ ਕੇਵਲ ਕ੍ਰਿਸ਼ਨ ਪੁੱਤਰ ਸ਼ਿਆਮ ਲਾਲ ਦਾ ਬਾਕੀ ਹਿੱਸਾ 1/2 ਹਿੱਸਾ ਜੋ ਕਿ 00 ਕਨਾਲ-3-1/2 ਮਰਲਾ, ਜੋ ਕਿ ਸਾਈਜ਼ 18×50 ਜੋ ਕਿ 100 ਵਰਗ ਗਜ਼ ਪਾਤੜਾਂ ਵਿਖੇ ਸਥਿਤ, ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ ਸਭ ਕੁਝ। ਜਮ੍ਹਾਂਬੰਦੀ ਸਾਲ 2016-2017 ਅਨੁਸਾਰ ਖੇਵਟ ਖਤੌਨੀ ਨੰ. 809/2089, ਖਸਰਾ ਨੰ. 56//21/1 (0-7) ਕਿੱਤੇ 1 ਕੁੱਲ 00 ਕਨਾਲ-07 ਮਰਲਾ ਜਿਸ ਵਿੱਚੋਂ ਕੇਵਲ ਕ੍ਰਿਸ਼ਨ ਦੀ ਮਾਲਕੀ 1/2 ਹਿੱਸਾ ਜੋ ਕਿ 00 ਕਨਾਲ-3-1/2 ਮਰਲਾ, ਪੂਰਬ : 18'+18'-0" (ਐੱਚ/ਓ ਜੀਵਨ ਕੁਮਾਰ) ਉੱਤਰ : 39'-6" (ਸੜਕ), ਪੱਛਮ : 18'+18-0" (ਐੱਚ/ਓ ਧਰਮਪਾਲ ਅਤੇ ਹੋਰ) ਦੱਖਣ : 12'+22'-6"+5'-0" (ਐੱਚ/ਓ ਧਰਮਪਾਲ ਅਤੇ ਹੋਰ। | |

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਦੇ ਸਕਿਓਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ। ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਓਰਡ ਕ੍ਰੈਡਿਟਸ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਓਰਡ ਐੱਸਟਸ ਨੂੰ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 29.08-2024, ਸਥਾਨ : ਅੰਮ੍ਰਿਤਸਰ/ਪਟਿਆਲਾ — ਸਹੀ/-ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਿਟਿਡ



## ਉੱਤਰ ਰੇਲਵੇ

### ਖੁਲੀ ਟੈਂਡਰ ਸੂਚਨਾ

ਉਪ ਮੁੱਖ ਵਿਦੁਤ ਇੰਜੀਨੀਅਰ/ਟੀ.ਆਰ.ਡੀ., ਉ.ਰੇ. ਫਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ ਆਖਰੀ ਮਿਤੀ 19.09.2024 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਅਪਣੀ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ 19.09.2024 ਨੂੰ 15.00 ਵਜੇ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹੈ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਟੈਂਡਰ ਦੀ ਕੀਮਤ (₹) | ਟੈਂਡਰ ਪੂਰਾ ਕਰਨ ਦੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 604-C ਟੀ.ਆਰ.ਡੀ. ਫ਼ਿਰੋਜ਼ਪੁਰ 2024-25 | ADEN/UHP ਦੇ ਤਹਿਤ MNVL ਅਤੇ SNGR ਵਿਚ ਯਾਤਰੀ ਪਲੇਟਫਾਰਮ ਨੰਬਰ-1 ਦੇ ਸਬੰਧ ਵਿਚ ਵਿਸਤਾਰ ਅਤੇ ਵਡੋਤਰੀ ਵਿਚ ਟੀਆਰਡੀ ਕੰਮ ਅਤੇ JAT-SVDK ਖੰਡ ਉਤੇ ਬਜਾਲਟਾ ਵਿਚ ਪਲੇਟਫਾਰਮ ਨੰਬਰ-1 ਅਤੇ 2 ਅਤੇ 2.44 ਮੀਟਰ ਦੇ ਐਫ ਓਬੀ ਨੂੰ ਵਧਾਣ ਦਾ ਕੰਮ। | ₹ 51,02,912.55 | ਸਿਫ਼ਰ | 19.09.2024 15:00 ਵਜੇ ਤਕ | 1,02,100/- | 06 ਮਹੀਨੇ | 19.09.2024 15:00 ਵਜੇ ਦੇ ਬਾਦ | www.ireps.gov.in |

ਟਿਪਣੀ : # ਟੈਂਡਰਕਰਤਾ ਕ੍ਰਿਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਗ਼ੈਰ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੈਂਟ ਗੇਟਵੇ ਦੇ ਦੁਵਾਰਾ ਤੋਂ ਨਕਦ ਵਿਚ ਜਾਂ ਭਾਰਤ ਦੇ ਕਿਸੀ ਅਨੁਸੂਚਿਤ ਵਾਣਿਜਿਕ ਬੈਂਕ ਤੋਂ ਬੈਂਕ ਗਰੰਟੀ ਬਾਂਡ ਦੇ ਰੂਪ ਵਿਚ ਜਾਂ ਟੈਂਡਰ ਦਸਤਾਵੇਜ਼ਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਧ ਹੈ। ਬੋਲੀ ਦੀ ਵੈਧਤਾ ਸਮੇਂ ਦੇ ਬਾਦ 90 ਦਿਨਾਂ ਦੇ ਲਈ ਅਪੂਰਣ ਅਤੇ ਅਮਾਨਯ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸਦੇ ਲਈ ਠੇਕੇਦਾਰ ਦਾ ਰੇਲਵੇ ਉਤੇ ਕੋਈ ਦਾਵਾ ਨਹੀਂ ਹੋਵੇਗਾ। ਨੰ: 604ਸੀ-ਟੀ.ਆਰ.ਡੀ.ਫ਼ਿਰੋਜ਼ਪੁਰ-2024-25 ਮਿਤੀ : 27.08.2024 — 2655/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਵਿਸ਼ੇਸ਼ ਰੇਲਗੱਡੀ ਦੇ ਪਰਿਚਾਲਨ ਅਵੱਧੀ ਵਿਚ ਵਿਸਤਾਰ

ਗ੍ਰਿਸ਼ਮਕਾਲ-2024 ਦੇ ਦੋਰਾਨ ਯਾਤਰੀਆਂ ਦੀ ਜ਼ਿਆਦਾ ਗਿਣਤੀ ਨੂੰ ਦੇਖਦੇ ਹੋਏ ਰੇਲਵੇ ਦੁਵਾਰਾ ਹੇਠਾ ਲਿਖੀ ਵਿਸ਼ੇਸ਼ ਰੇਲਗੱਡੀ ਦੀ ਪਰਿਚਾਲਨ ਅਵੱਧੀ ਨੂੰ ਵਧਾਣ ਦਾ ਫੈਸਲਾ ਲਿਤਾ ਗਿਆ ਹੈ, ਜਿਨ੍ਹਾਂ ਦਾ ਵੇਰਵਾ ਹੇਠਾ ਅਨੁਸਾਰ ਹੈ :-

| ਰੇਲਗੱਡੀ ਨੰਬਰ | ਤੋਂ | ਤਕ | ਪ੍ਰਸਥਾਨ ਦੇ ਦਿਨ | ਪਹਿਲਾ ਅਧਿਸੂਚਤ | ਵਿਸਤਾਰਿਤ ਸਮਾਂ |
|---|---|---|---|---|---|
| 05193 | ਛਪਰਾ | ਸ਼ਹੀਦ ਕਪਤਾਨ ਤੁਸ਼ਾਰ ਮਹਾਜਨ | ਸ਼ਨੀਵਾਰ | 31.08.24 | 28.09.24 ਤਕ |
| 05194 | ਸ਼ਹੀਦ ਕਪਤਾਨ ਤੁਸ਼ਾਰ ਮਹਾਜਨ | ਛਪਰਾ | ਸੋਮਵਾਰ | 02.09.24 | 30.09.24 ਤਕ |

• ਹੋਰ ਵੇਰਵੇ ਪਹਿਲਾ ਵਾਂਗ ਰਹਿਣਗੇ।

ਪੂਰੀ ਜਾਣਕਾਰੀ ਦੇ ਲਈ ਕ੍ਰਿਪਾ ਰੇਲਮਦਦ ਹੈਲਪਲਾਈਨ ਨੰ: 139 ਡਾਯਲ ਕਰੋ ਜਾਂ ਰੇਲਗੱਡੀ ਪੁਛਤਾਛ ਵੇਬਸਾਈਟ www.enquiry.indianrail.gov.in ਦੇਖੋ।

ਰੇਲਮਦ ਵੇਬਸਾਈਟ : www.railmadad.indianrailways.gov.in ਦੇਖੋ ਅਤੇ ਰੇਲਮਦਦ ਏਪ ਡਾਊਨਲੋਡ ਕਰੋ।

2669/2024 — ਉਤੇ ਸਾਨੂੰ ਫਾਲੋ ਕਰੋ — ਰੇਲਮਦਦ ਹੈਲਪਲਾਈਨ ਨੰ: 139 — ਉੱਤਰ ਰੇਲਵੇ — ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ.:- 158-2024-25-ADEN-II-ASR & 159-2024-25-ADEN-I-ASR & 160 & 161-2024-25-ADEN-JUC ਤਾਰੀਕ 26.08.2024

ਮੰਡਲ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 17.09.2024 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲਾ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 23.08.2024, 26.08.2024 | 03.09.2024 | 17.09.2024 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | ਵਿਗਿਆਪਨ ਮੁੱਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੀਡਿਟੀ | ਸਮਾਪਤੀ ਦਾ ਸਮਾਂ |
|---|---|---|---|---|---|---|
| 1 | 158-2024-25-ADEN-II-ASR | ਸਹਾਇਕ ਮੰਡਲ ਇੰਜੀਨੀਅਰ ਸੈਕਿੰਡ/ਅੰਮ੍ਰਿਤਸਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀਵੇ/ ਬਿਆਸ ਸੈਕਸ਼ਨ ਵਿਚ ਟ੍ਰੈਕ ਮੁਰੰਮਤ ਅਤੇ ਰਖਰਖਾਅ ਨਾਲ ਜੁੜੇ ਵਖ-ਵਖ ਪ੍ਰਕਾਰ ਦੇ ਕੰਮ ਕਰਨ ਲਈ। ਸਮਾਨ ਨੇਚਰ ਦਾ ਕੰਮ: "ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਦੇ ਉਠਾਨ ਦੀ ਜਾਂਚ/ ਛਨਾਈ, ਡਿਸਟ੍ਰੈਸਿੰਗ, ਟ੍ਰੈਕ ਮੇਂਟਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਨਾਲ ਟਰਨ ਆਊਟ ਨਵੀਨੀਕਰਨ ਦਾ ਕੰਮ। | 59,99,710.51/- | 1,20,000/- | 60 Days | 12 ਮਹੀਨੇ |
| 2 | 159-2024-25-ADEN-I-ASR | ਸਹਾਇਕ ਮੰਡਲ ਇੰਜੀਨੀਅਰ ਫਸਟ/ਅੰਮ੍ਰਿਤਸਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀਵੇ/ ਬਿਆਸ ਸੈਕਸ਼ਨ ਵਿਚ ਟ੍ਰੈਕ ਮੁਰੰਮਤ ਅਤੇ ਰਖਰਖਾਅ ਨਾਲ ਜੁੜੇ ਵਖ-ਵਖ ਪ੍ਰਕਾਰ ਦੇ ਕੰਮ ਕਰਨ ਲਈ। ਸਮਾਨ ਨੇਚਰ ਦਾ ਕੰਮ: "ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਦੇ ਉਠਾਨ ਦੀ ਜਾਂਚ/ ਛਨਾਈ, ਡਿਸਟ੍ਰੈਸਿੰਗ, ਟ੍ਰੈਕ ਮੇਂਟਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਨਾਲ ਟਰਨ ਆਊਟ ਨਵੀਨੀਕਰਨ ਦਾ ਕੰਮ। | 59,99,456.94/- | 1,20,000/- | 60 Days | 12 ਮਹੀਨੇ |
| 3 | 160-2024-25-ADEN-JUC | ਸਹਾਇਕ ਮੰਡਲ ਇੰਜੀਨੀਅਰ ਜਲੰਧਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀਵੇ/ ਨਕੋਦਰ ਸੈਕਸ਼ਨ ਵਿਚ ਟ੍ਰੈਕ ਮੁਰੰਮਤ ਅਤੇ ਰਖਰਖਾਅ ਨਾਲ ਜੁੜੇ ਵਖ-ਵਖ ਪ੍ਰਕਾਰ ਦੇ ਕੰਮ ਕਰਨ ਲਈ। ਸਮਾਨ ਨੇਚਰ ਦਾ ਕੰਮ: "ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਦੇ ਉਠਾਨ ਦੀ ਜਾਂਚ/ ਛਨਾਈ, ਡਿਸਟ੍ਰੈਸਿੰਗ, ਟ੍ਰੈਕ ਮੇਂਟਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਨਾਲ ਟਰਨ ਆਊਟ ਨਵੀਨੀਕਰਨ ਦਾ ਕੰਮ। | 59,99,780.93/- | 1,20,000/- | 60 Days | 12 ਮਹੀਨੇ |
| 4 | 161-2024-25-ADEN-JUC | ਸਹਾਇਕ ਮੰਡਲ ਇੰਜੀਨੀਅਰ ਜਲੰਧਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀਵੇ/ ਜਲੰਧਰ ਸੈਕਸ਼ਨ ਵਿਚ ਟ੍ਰੈਕ ਮੁਰੰਮਤ ਅਤੇ ਰਖਰਖਾਅ ਨਾਲ ਜੁੜੇ ਵਖ-ਵਖ ਪ੍ਰਕਾਰ ਦੇ ਕੰਮ ਕਰਨ ਲਈ। ਸਮਾਨ ਨੇਚਰ ਦਾ ਕੰਮ: "ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲ ਨਵੀਨੀਕਰਨ/ਪੂਰਾ ਫਿਟਿੰਗ ਨਵੀਨੀਕਰਨ/ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਦੇ ਉਠਾਨ ਦੀ ਜਾਂਚ/ ਛਨਾਈ, ਡਿਸਟ੍ਰੈਸਿੰਗ, ਟ੍ਰੈਕ ਮੇਂਟਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਨਾਲ ਟਰਨ ਆਊਟ ਨਵੀਨੀਕਰਨ ਦਾ ਕੰਮ। | 59,99,994.81/- | 1,20,000/- | 60 Days | 12 ਮਹੀਨੇ |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। — 2657/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# 'ਈ ਪੰਜਾਬ ਪੋਰਟਲ ਦੀ ਖ਼ਰਾਬੀ ਕਾਰਨ ਬਦਲੀਆਂ 'ਚ ਹੋਈ ਪ੍ਰੇਸ਼ਾਨੀ ਲਈ ਅਧਿਆਪਕਾਂ ਨੂੰ ਹੋਰ ਸਮਾਂ ਦਿੱਤਾ ਜਾਵੇ'




**ਮਹਿਤਪੁਰ/ਜਲੰਧਰ (ਰਾਜਾ, ਰਜੇਸ਼ ਥਾਪਾ)** ਗੌਰਮਿੰਟ ਟੀਚਰਜ ਯੂਨੀਅਨ ਪੰਜਾਬ (ਵਿਗਿਆਨਿਕ) ਨੇ ਅਧਿਆਪਕਾਂ ਦਾ ਡਾਟਾ ਮਿਸਮੈਚ ਹੋਣ ਅਤੇ ਈ-ਪੰਜਾਬ ਪੋਰਟਲ ਦੀ ਖ਼ਰਾਬੀ ਕਾਰਨ ਪ੍ਰੇਸ਼ਾਨ ਰਹੇ ਅਧਿਆਪਕਾਂ ਲਈ ਬਦਲੀ ਸੰਬੰਧੀ ਡਾਟਾ ਠੀਕ ਕਰਨ ਲਈ ਹੋਰ ਸਮਾਂ ਤੇ ਈ-ਪੰਜਾਬ ਪੋਰਟਲ ਦੀ ਪ੍ਰਕਿਰਿਆ 'ਤੇ ਸੁਧਾਰ ਦੀ ਮੰਗ ਕੀਤੀ ਹੈ।ਜਥੇਬੰਦੀ ਦੇ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ, ਜਨਰਲ ਸਕੱਤਰ ਸੁਰਿੰਦਰ ਕੰਬੋਜ, ਵਿੱਤ ਸਕੱਤਰ ਸੋਮ ਸਿੰਘ, ਐਨ ਡੀ ਤਿਵਾੜੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਵਿਭਾਗ ਵੱਲੋਂ ਮਿਸਮੈਚ ਡਾਟਾ ਸਹੀ ਕਰਨ ਲਈ ਸਮਾਂ ਤਾਂ ਦਿੱਤਾ ਗਿਆ, ਪਰ ਈ-ਪੰਜਾਬ ਪੋਰਟਲ ਨਾ ਚੱਲਣ ਕਾਰਨ ਸੈਂਕੜੇ ਅਧਿਆਪਕ ਮਿਸਮੈਚ ਡਾਟਾ ਦਰੁਸਤ ਕਰਨ ਤੋਂ ਵਾਂਝੇ ਰਹਿ ਗਏ ਹਨ। ਇਸ ਤੋਂ ਇਲਾਵਾ 26 ਤਰੀਕ ਨੂੰ ਪੋਰਟਲ ਨਾ ਚੱਲਣ ਕਾਰਨ ਜਿਨਾਂ ਅਧਿਆਪਕਾਂ ਦਾ ਡਾਟਾ ਠੀਕ ਵੀ ਸੀ ਉਹ ਆਪਣੀ ਸਟੇਸ਼ਨ ਚੋਇਸ ਵੀ ਨਹੀਂ ਕਰ ਸਕੇ ਕਿਉਂਕਿ 26 ਤਰੀਕ ਨੂੰ ਬਾਅਦ ਦੁਪਹਿਰ ਤੋਂ ਹੀ ਪੋਰਟਲ ਤਕਨੀਕੀ ਖਰਾਬੀ ਕਾਰਨ ਬੰਦ ਹੋ ਗਿਆ ਸੀ। ਇਸ ਕਰਕੇ ਇਸ ਪ੍ਰੇਸ਼ਾਨੀ ਦੇ ਚਲਦਿਆਂ ਅੱਜ ਵੀ ਬਹੁਤ ਸਾਰੇ ਅਧਿਆਪਕ ਡਾਇਰੈਕਟਰ ਸਕੂਲ ਐਜੂਕੇਸ਼ਨ ਦੇ ਦਫਤਰ ਮੁਹਾਲੀ ਵਿਖੇ ਐਮ ਆਈ ਐਸ.ਕੁਆਰਡੀਨੇਟਰ ਨਾਲ ਰਾਬਤਾ ਕਰਨ ਲਈ ਸਵੇਰੇ ਹੀ ਪਹੁੰਚ ਗਏ ਪਰ ਉਸ ਦਫ਼ਤਰ ਵੱਲੋਂ ਲਾਰਿਆਂ ਤੋਂ ਇਲਾਵਾ ਕੁਝ ਨਹੀਂ ਦਿੱਤਾ ਗਿਆ। ਜਥੇਬੰਦੀ ਮੰਗ ਕਰਦੀ ਹੈ ਕਿ ਈ ਪੰਜਾਬ ਪੋਰਟਲ ਨੂੰ ਠੀਕ ਕੀਤਾ ਜਾਵੇ ਅਤੇ ਅਧਿਆਪਕਾਂ ਨੂੰ ਆਪਣਾ ਡਾਟਾ ਠੀਕ ਕਰਨ ਲਈ ਹੋਰ ਸਮਾਂ ਦਿੱਤਾ ਜਾਵੇ।ਇਸ ਮੌਕੇ ਗੁਰਜੀਤ ਸਿੰਘ ਮੁਹਾਲੀ, ਕੰਵਲਜੀਤ ਸਿੰਘ ਸੰਗੋਵਾਲ, ਜਤਿੰਦਰ ਸਿੰਘ ਸੋਨੀ, ਪਰਗਟ ਸਿੰਘ ਜੰਬਰ, ਗੁਰਪ੍ਰੀਤ ਸਿੰਘ ਸੰਧੂ, ਜਰਨੈਲ ਸਿੰਘ ਜੰਡਾਲੀ, ਲਾਲ ਚੰਦ ਨਵਾਂ ਸ਼ਹਿਰ, ਸੁੱਚਾ ਸਿੰਘ ਰੋਪੜ, ਜਗਤਾਰ ਸਿੰਘ ਫਤਿਹਗੜ੍ਹ ਸਾਹਿਬ, ਗੁਰਮੀਤ ਸਿੰਘ ਖਾਲਸਾ ਆਦਿ ਆਗੂ ਹਾਜ਼ਰ ਸਨ।

# ਹਰੇਕ ਮਹੀਨੇ ਦੀ 9 ਤੇ 23 ਤਰੀਕ ਨੂੰ ਹਾਈ ਰਿਸਕ ਗਰਭਵਤੀ ਔਰਤਾਂ ਦੀ ਮਾਹਰ ਡਾਕਟਰ ਤੋਂ ਕਰਵਾਈ ਜਾਵੇ ਜਾਂਚ : ਡਾ. ਰਮਨ ਗੁਪਤਾ

**ਜਲੰਧਰ ( ਸ਼ੈਲੀ ਐਲਬਰਟ )**-ਕਾਰਜਕਾਰੀ ਸਿਵਲ ਸਰਜਨ ਡਾ. ਜੋਤੀ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮੰਗਲਵਾਰ ਨੂੰ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਰਮਨ ਗੁਪਤਾ ਦੀ ਅਗਵਾਈ ਹੇਠ ਮੈਟਰਨਲ ਡੈੱਥ ਰੀਵਿਊ (ਐਮ.ਡੀ.ਆਰ) ਮੀਟਿੰਗ ਹੋਈ। ਜਿਸ ਵਿੱਚ ਅਗਸਤ ਮਹੀਨੇ ਦੌਰਾਨ ਹੋਈਆਂ ਮੌਤਾਂ ਦਾ ਰੀਵਿਊ ਕੀਤਾ ਗਿਆ। ਮੈਟਰਨਲ ਡੈੱਥਸ ਉਹ ਕੇਸ ਹੁੰਦੇ ਹਨ ਜਿਨ੍ਹਾਂ ਵਿੱਚ ਗਰਭਵਤੀ ਦੀ ਮੌਤ ਗਰਭ ਅਵਸਥਾ ਦੌਰਾਨ, ਜਣੇਪੇ ਦੌਰਾਨ ਜਾਂ ਜਣੇਪੇ ਦੇ 42 ਦਿਨਾਂ ਦੇ ਅੰਦਰ ਹੋਈ ਹੋਵੇ।। ਮੀਟਿੰਗ ਦੌਰਾਨ ਡਾ. ਰਮਨ ਗੁਪਤਾ ਵੱਲੋਂ ਜ਼ਿਲ੍ਹੇ ਦੀਆਂ ਹੋਈਆਂ ਇਹ ਮੌਤਾਂ ਹੋਣ ਦੇ ਕਾਰਨਾਂ ਦੀ ਸਮੀਖਿਆ ਕੀਤੀ ਗਈ ਅਤੇ ਭਵਿੱਖ ਵਿੱਚ ਉਨ੍ਹਾਂ ਕਾਰਨਾਂ ਨੂੰ ਦੂਰ ਕਰਨ ਦੇ ਲਈ ਜ਼ਰੂਰੀ ਉਪਰਾਲੇ ਕਰਨ ਦੀ ਹਦਾਇਤ ਕੀਤੀ ਗਈ। ਉਨ੍ਹਾਂ ਕਿਹਾ ਕਿ ਗਰਭਵਤੀ ਔਰਤਾਂ ਦਾ ਸੌ ਫੀਸਦੀ ਐਂਟੀਨੇਟਲ ਚੈੱਕਅਪ ਅਤੇ ਲੋੜੀਂਦੇ ਸਾਰੇ ਮੈਡੀਕਲ ਟੈਸਟ ਕਰਵਾਉਣੇ ਯਕੀਨੀ ਬਣਾਏ ਜਾਣ। ਉਨ੍ਹਾਂ ਕਿਹਾ ਕਿ ਏ.ਐਨ.ਐਮਜ਼ ਅਤੇ ਆਸ਼ਾ ਵਰਕਰਜ਼ ਦਾ ਹੋਮ ਵਿਜ਼ਿਟ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਲੋਕਾਂ ਨੂੰ ਸੰਸਥਾਗਤ ਜਣੇਪੇ ਕਰਵਾਉਣ ਲਈ ਵੱਧ ਤੋਂ ਵੱਧ ਜਾਗਰੂਕ ਕਰਦੇ ਹੋਏ ਸਰਕਾਰੀ ਹਸਪਤਾਲ ਵਿੱਚ ਹੀ ਗਰਭਵਤੀ ਔਰਤਾਂ ਦੀ ਡਿਲਿਵਰੀ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ। ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਰਮਨ ਗੁਪਤਾ ਨੇ ਦੱਸਿਆ ਕਿ ਸਾਲ 2023-24 ਦੌਰਾਨ ਸੂਬੇ ਵਿੱਚ ਮੈਟਰਨਲ ਮੋਰਟੇਲਿਟੀ ਰੇਟ 105 ਹੈ ਅਤੇ ਜਲੰਧਰ ਜਿਲ੍ਹੇ ਵਿੱਚ ਮੈਟਰਨਲ ਮੋਰਟੇਲਿਟੀ ਰੇਟ 86 ਹੈ । ਉਨ੍ਹਾਂ ਆਸ਼ਾ ਵਰਕਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਹਰੇਕ ਮਹੀਨੇ ਦੀ 9 ਅਤੇ 23 ਤਰੀਕ ਨੂੰ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ (ਪੀ.ਐਮ.ਐਸ.ਐਮ.ਏ.) ਤਹਿਤ ਹਰੇਕ ਹਾਈ ਰਿਸਕ ਗਰਭਵਤੀ ਔਰਤ ਦਾ ਔਰਤਾਂ ਦੇ ਮਾਹਰ ਡਾਕਟਰ ਤੋਂ ਮੁਆਇਨਾ ਕਰਵਾਉਣ ਦੇ ਨਾਲ-ਨਾਲ ਮੈਡੀਕਲ ਸਪੈਸ਼ਲਿਸਟ ਡਾਕਟਰ ਨੂੰ ਚੈੱਕ ਕਰਵਾਇਆ ਜਾਵੇ। ਇਸ ਮੌਕੇ ਐਸ.ਐਮ.ਓ. ਗਾਇਨੀ ਡਾ. ਵਰਿੰਦਰ ਕੌਰ ਥਿੰਦ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਗੁਰਦੀਪ ਸਿੰਘ ਅਤੇ ਸਿਹਤ ਸਟਾਫ ਮੌਜੂਦ ਸੀ।

# ਪ੍ਰਿੰਸੀਪਲ ਇੰਦਰਜੀਤ ਕੌਰ ਨੇ ਗੌਰਮਿੰਟ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੰਬੇਲੀ ਦਾ ਚਾਰਜ ਸੰਭਾਲਿਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪ੍ਰਿੰਸੀਪਲ ਇੰਦਰਜੀਤ ਕੌਰ ਪਤਨੀ ਡਾਕਟਰ ਜਸਵੰਤ ਸਿੰਘ (ਸੀਨੀਅਰ ਮੈਡੀਕਲ ਅਫਸਰ ਮਾਹਿਲਪੁਰ) ਨੇ ਗੌਰਮਿੰਟ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੰਬੇਲੀ, ਸਕੂਲ ਵਿਖੇ ਬਤੌਰ ਪ੍ਰਿੰਸੀਪਲ ਜੁਆਇਨ ਕੀਤਾ। ਇਹ ਅੱਠ ਮਹੀਨੇ ਤੋਂ ਸੀਟ ਖਾਲੀ ਸੀ।ਉਹਨਾਂ ਨੇ ਸਕੂਲ ਸਟਾਫ਼ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਜਾਣਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਵਿਦਿਆਰਥੀਆਂ ਨੂੰ ਸਹੀ ਤੇ ਮਿਆਰੀ ਸਿੱਖਿਆ ਦੇਣ ਲਈ ਸਟਾਫ ਤੋਂ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ 'ਤੇ ਡਾਕਟਰ ਜਸਵੰਤ ਸਿੰਘ ਸੀਨੀਅਰ ਮੈਡੀਕਲ ਅਫਸਰ ਮਾਹਿਲਪੁਰ, ਬਲਾਕ ਨੋਡਲ ਅਫਸਰ ਪ੍ਰਿੰਸੀਪਲ ਕਿਰਪਾਲ ਸਿੰਘ (ਜੀ.ਐਸ.ਐਸ. ਐਸ. ਪੱਦੀ ਸੂਰਾ ਸਿੰਘ), ਅਤੇ ਜੀ.ਐਸ.ਐਸ.ਐਸ. ਬੱਡਾ ਸਟਾਫ਼ ਮਨਜੀਤ ਸਿੰਘ (ਲੈਕਚਰਾਰ ਰਾਜਨੀਤੀ ਵਿਗਿਆਨ), ਪਰਮਿੰਦਰ ਸਿੰਘ (ਸਮਾਜਿਕ ਵਿਗਿਆਨ ਅਧਿਆਪਕ), ਅਜੈ ਕੁਮਾਰ (ਸਾਇੰਸ ਮਾਸਟਰ), ਸ਼੍ਰੀਮਤੀ ਸੁਨੀਤਾ ਕੁਮਾਰੀ (ਹਿੰਦੀ ਅਧਿਆਪਕਾ), ਸ਼੍ਰੀਮਤੀ ਸੰਦੀਪ ਕੌਰ ਅਤੇ ਸ਼੍ਰੀਮਤੀ ਗੀਟਾ ਰਾਣੀ (ਕੰਪਿਊਟਰ ਫੈਕਲਟੀ), ਜੀ.ਐਸ.ਐਸ. ਐਸ. ਬੰਬੇਲੀ ਸਟਾਫ਼ ਸੰਤੋਖ ਸਿੰਘ (ਲੈਕਚਰਾਰ ਪੰਜਾਬੀ), ਸ਼੍ਰੀਮਤੀ ਸਵਿਤਾ ਕੁਮਾਰੀ (ਲੈਕਚਰਾਰ ਇਤਿਹਾਸ), ਸ਼੍ਰੀਮਤੀ ਕੁਮਾਰੀ ਨੀਲਮ (ਪੰਜਾਬੀ ਅਧਿਆਪਕਾ), ਸੰਜੀਵ ਕੁਮਾਰ (ਅੰਗਰੇਜ਼ੀ ਅਧਿਆਪਕ), ਸ਼੍ਰੀਮਤੀ ਵਿਪਨ ਬਾਲਾ (ਸਾਇੰਸ ਅਧਿਆਪਕਾ), ਸ਼੍ਰੀਮਤੀ ਨਵਜੋਤ ਕੌਰ (ਗਣਿਤ ਅਧਿਆਪਕਾ), ਸੁਖਵਿੰਦਰ ਪਾਲ, (ਐਸ.ਐਸ.ਟੀ ਅਧਿਆਪਕ) ਸ਼੍ਰੀਮਤੀ ਪਰਮਜੀਤ ਕੌਰ, (ਗਣਿਤ ਅਧਿਆਪਕਾ) ਰਵੀ ਕੁਮਾਰ (ਸਾਇੰਸ ਅਧਿਆਪਕ), ਸ਼੍ਰੀਮਤੀ ਬਲਬੀਰ ਕੌਰ (ਹਿੰਦੀ ਅਧਿਆਪਕਾ), ਕਮਲਜੀਤ ਕੌਰ(ਸਰੀਰਕ ਸਿੱਖਿਆ ਅਧਿਆਪਕਾ), ਮਨਦੀਪ ਕੌਰ (ਕੰਪਿਊਟਰ ਸਾਇੰਸ ਅਧਿਆਪਕ), ਬੇਅੰਤ ਸਿੰਘ, ਕੰਪਿਊਟਰ ਫੈਕਲਟੀ, ਸਾਹਿਬ ਸਿੰਘ (ਦਫਤਰ ਕਲਰਕ), ਪਰਮਿੰਦਰ ਸਿੰਘ (ਵਿਗਿਆਨ ਪ੍ਰਯੋਗਸ਼ਾਲਾ ਸਹਾਇਕ), ਅਮਨਦੀਪ ਸਿੰਘ, (ਟੈਲੀ ਸੰਚਾਰ ਅਧਿਆਪਕ), ਜਤਿੰਦਰ ਸਿੰਘ ਰਾਣਾ (ਕੈਂਪਸ ਮੈਨੇਜਰ) ਅਤੇ ਸ਼੍ਰੀ ਚਾਂਦੀ ਲਾਲ (ਸੇਵਾਦਾਰ), ਸ਼੍ਰੀਮਤੀ ਜਗੀਰ ਕੌਰ (ਸਫਾਈ ਸੇਵਕ) ਸੁਖਵਿੰਦਰ ਪਾਲ (ਸੇਵਾਦਾਰ) ਹਾਜ਼ਰ ਸਨ।

# ਪਿੰਡ ਪੱਧਰ 'ਤੇ ਖੋਲ੍ਹੇ ਗਏ ਲੀਗਲ ਏਡ ਕਲੀਨਿਕ ਹੋਣਗੇ ਦੁਬਾਰਾ ਸ਼ੁਰੂ

**ਨਵਾਂਸ਼ਹਿਰ(ਮਨੋਜ ਲਾਡੀ)** ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ ਏ ਐਸ ਨਗਰ ਤੋਂ ਪ੍ਰਾਪਤ ਹੁਕਮਾਂ ਤਹਿਤ ਜ਼ਿਲ੍ਹਾ ਅਤੇ ਸੈਸ਼ਨ ਜੱਜ ਮਾਣਯੋਗ ਪ੍ਰੀਆ ਸੂਦ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪਿੰਡ ਪੱਧਰ 'ਤੇ ਖੋਲ੍ਹੇ ਗਏ ਲੀਗਲ ਏਡ ਕਲੀਨਿਕ, ਜੋ ਕਿ ਕਰੋਨਾ ਕਾਲ ਦੌਰਾਨ ਬੰਦ ਕਰ ਦਿੱਤੇ ਗਏ ਸਨ, ਉਹਨਾਂ ਨੂੰ ਦੁਬਾਰਾ ਚਾਲੂ ਕੀਤਾ ਜਾਵੇਗਾ। ਜਿੱਥੋਂ ਲੋਕ ਮੁਫ਼ਤ ਕਾਨੂੰਨੀ ਸੇਵਾਵਾਂ ਤੋਂ ਇਲਾਵਾ ਹੋਰ ਲਾਭਪਾਤਰੀ ਸਕੀਮਾਂ ਦੀ ਜਾਣਕਾਰੀ ਹਾਸਿਲ ਕਰਨਗੇ।ਇਹ ਜਾਣਕਾਰੀ ਡਾ. ਅਮਨਦੀਪ ਸਿਵਲ ਜੱਜ (ਸੀਨੀਅਰ ਡਵੀਜ਼ਨ) ਸੀ ਜੇ ਐਮ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਵਲੋਂ ਅਥਾਰਟੀ ਦੇ ਪੈਰਾ ਲੀਗਲ ਵਲੰਟੀਅਰਾਂ ਨਾਲ ਪਹਿਲੀ ਬੈਠਕ ਦੌਰਾਨ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ ਜਲਦੀ ਹੀ ਲੀਗਲ ਏਡ ਕਲੀਨਿਕ ਸ਼ੁਰੂ ਕੀਤੇ ਜਾਣਗੇ, ਜਿੱਥੇ ਹਫ਼ਤੇ ਦੇ ਦੋ ਦਿਨ ਪੈਰਾ ਲੀਗਲ ਵਲੰਟੀਅਰ ਸੇਵਾਵਾਂ ਦੇਣਗੇ।

ਇਸ ਮੌਕੇ ਵਾਸਦੇਵ ਪਰਦੇਸੀ, ਦੇਸ ਰਾਜ ਬਾਲੀ, ਬਲਦੇਵ ਭਾਰਤੀ, ਵੀਨਾ ਸ਼ਰਮਾ, ਰੋਹਿਤ ਜਾਂਗੜਾ,ਸਾਗਰ ਘਈ, ਵਿਜੇ ਰਾਣਾ, ਜਸਵਿੰਦਰ ਕੌਰ, ਅਵਤਾਰ ਸਿੰਘ ਚੁੰਬਰ, ਹਰਭਜਨ ਸਿੰਘ ਅਤੇ ਪਰਮਜੀਤ ਕੌਰ ਆਦਿ ਹਾਜ਼ਰ ਸਨ।

# ਅਹੀਆਪੁਰ ਟਾਂਡਾ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਿਹਾੜੇ ਤੇ ਸਲਾਨਾ ਭੰਡਾਰਾ



**ਟਾਂਡਾ ਉੜਮੁੜ, ( ਜਸਵਿੰਦਰ ਸੰਧ, ਉਂਕਾਰ ਸਿੰਘ )**-ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਾਵਨ ਦਿਹਾੜੇ ਤੇ ਜਸਰਾ ਗੋਤ ਜਠੇਰੇ ਪ੍ਰਬੰਧਕ ਕਮੇਟੀ ਵੱਲੋਂ ਸਲਾਨਾ ਭੰਡਾਰਾ ਸ੍ਰੀ ਰਾਮ ਮੰਦਰ ਅਹੀਆਪੁਰ ਵਿਖੇ ਧੂਮਧਾਮ ਨਾਲ ਮਨਾਇਆ ਗਿਆ। ਕਮੇਟੀ ਪ੍ਰਧਾਨ ਵਿਪਨ ਜਸਰਾ, ਉਪ ਪ੍ਰਧਾਨ ਚੀਨੂੰ ਜਸਰਾ, ਕੈਸ਼ੀਅਰ ਵਿਕਾਸ ਜਸਰਾ ਦੀ ਅਗਵਾਈ ਤੇ ਸਮੂਹ ਪ੍ਰਬੰਧਕ ਸੇਵਾਦਾਰਾਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਲਾਨਾ ਭੰਡਾਰੇ ਵਿੱਚ ਪੰਜਾਬ ਭਰ ਚੋਂ ਜਸਰਾ ਗੋਤ ਦੇ ਪਰਵਾਰ ਨਾਲ ਸੰਬੰਧਤ ਸੰਗਤਾਂ ਨੇ ਭਾਗ ਲਿਆ। ਇਸ ਮੌਕੇ ਪਵਿੱਤਰ ਅਸਥਾਨ 'ਤੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ ਉਪਰੰਤ ਗਾਇਕ ਕਲਾਕਾਰ ਦੀਪਕ ਕਲੋਆ ਤੇ ਸ਼ਿਵ ਭਗਤ ਜੰਗਮ ਮੰਡਲੀ ਨੇ ਪ੍ਰਭੂ ਦੀ ਮਹਿਮਾ ਦਾ ਗੁਣਗਾਣ ਕੀਤਾ।ਇਸ ਸਮਾਗਮ ਵਿੱਚ ਹਾਜ਼ਰੀ ਲਗਵਾਉਣ ਲਈ ਪਹੁੰਚੇ ਵਿਧਾਇਕ ਜਸਵੀਰ ਸਿੰਘ ਰਾਜਾ ਤੇ ਚੇਅਰਮੈਨ ਨਗਰ ਸੁਧਾਰ ਸਭਾ ਹੁਸ਼ਿਆਰਪੁਰ ਹਰਮੀਤ ਸਿੰਘ ਔਲਖ ਨੇ ਪ੍ਰਬੰਧਕ ਸੇਵਾਦਾਰਾਂ ਨੂੰ ਸਲਾਨਾ ਭੰਡਾਰੇ ਦੀ ਮੁਬਾਰਕਬਾਦ ਦਿੰਦੇ ਹੋਏ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਵਿਪਨ ਜਸਰਾ ਅਤੇ ਪ੍ਰਵਾਸੀ ਭਾਰਤੀ ਟਿੰਮੀ ਜਸਰਾ ਦੀ ਅਗਵਾਈ ਵਿੱਚ ਸਮੂਹ ਸੇਵਾਦਾਰਾਂ ਵੱਲੋਂ ਪਹੁੰਚੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸ਼ਿਵ ਸੈਨਾ ਉੱਤਰ ਭਾਰਤ ਦੇ ਪ੍ਰਧਾਨ ਮਿੱਕੀ ਪੰਡਿਤ, ਗਗਨ ਭੱਟੀ, ਸਤੀਸ਼ ਪਾਸੀ, ਹਰੀ ਕ੍ਰਿਸ਼ਨ ਸੈਣੀ, ਪ੍ਰੇਮ ਪਡਵਾਲ, ਰਾਜਨ ਸੋਂਧੀ, ਹੈਰੀ ਜਾਜਾ, ਸਚਿਨ ਪੁਰੀ, ਪ੍ਰੇਮ ਪਡਵਾਲ, ਮਹਿੰਦਰ ਅਹੀਆਪੁਰੀ ਰਾਮ ਰਕਸ਼ਪਾਲ ਜਸਰਾ, ਰਾਜੇਸ਼ ਰਾਜੂ ਜਸਰਾ, ਪਿਊਸ਼ ਚਾਵਲਾ, ਬੌਬੀ ਜਸਰਾ, ਨਰੇਸ਼ ਜਸਰਾ ਫਿਰੋਜ਼ਪੁਰ, ਅਨਿਲ ਜਸਰਾ ਲੁਧਿਆਣਾ, ਵਿੱਕੀ ਜਸਰਾ, ਕੁਮਾਰ ਗੌਰਵ ਜਸਰਾ ਹੁਸ਼ਿਆਰਪੁਰ, ਅਜੇ ਜਸਰਾ, ਸੁਰਯੰਸ ਜਸਰਾ, ਕਰਨ ਜਸਰਾ, ਪੰਡਿਤ ਸਬੋਧ ਸ਼ਾਸਤਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੇਵਾਦਾਰ ਤੇ ਸੰਗਤਾਂ ਹਾਜ਼ਰ ਸਨ।

# 9 ਨੂੰ ਸੂਬੇ ਦੇ ਸਾਰੇ ਸਰਕਾਰੀ ਹਸਪਤਾਲਾਂ 'ਚ ਸਿਹਤ ਸੇਵਾਵਾਂ ਪੂਰੀ ਤਰ੍ਹਾਂ ਠੱਪ ਕਰਨ ਦਾ ਫੈਸਲਾ

**ਨਵਾਂਸ਼ਹਿਰ, ( ਮਨੋਜ ਲਾਡੀ )**- ਪੀ . ਸੀ. ਐੱਮ. ਐੱਸ ਯੂਨੀਅਨ ਦੇ ਸਥਾਨਕ ਪ੍ਰਧਾਨ ਅਤੇ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਪੀ. ਸੀ. ਐੱਮ. ਐੱਸ. ਏ. ਪੰਜਾਬ ਨੇ 6ਵੀਂ ਸੀ. ਪੀ. ਸੀ. ਦੇ ਬਕਾਏ ਅਤੇ ਹੋਰ ਮੰਗਾਂ ਨੂੰ ਲੈ ਕੇ 9 ਸਤੰਬਰ ਨੂੰ ਸੂਬੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿਚ ਅਣਮਿੱਥੇ ਸਮੇਂ ਲਈ ਹੜਤਾਲ ਕਰ ਕੇ ਸਿਹਤ ਸੇਵਾਵਾਂ ਨੂੰ ਪੂਰੀ ਤਰ੍ਹਾਂ ਠੱਪ ਕਰਨ ਦਾ ਫੈਸਲਾ ਕੀਤਾ ਗਿਆ ।ਉਨ੍ਹਾਂ ਕਿਹਾ ਕਿ ਹਸਪਤਾਲਾਂ ਵਿੱਚ ਖਾਲੀ ਪਈਆਂ ਅਸਾਮੀਆਂ ਉੱਤੇ ਡਾਕਟਰਾਂ ਦੀ ਭਰਤੀ ਦੀ ਮੰਗ ਉੱਤੇ ਭਾਵੇਂ ਸਰਕਾਰ ਨੇ 4 ਸਾਲਾਂ ਦੇ ਲੰਮੇ ਅਰਸੇ ਮਗਰੋਂ 400 ਰੈਗੂਲਰ ਡਾਕਟਰਾਂ ਦੀ ਭਰਤੀ ਕਰਨ ਦਾ ਸ਼ਲਾਘਾਯੋਗ ਫੈਸਲਾ ਲਿਆ ਹੈ ਪਰ ਇਸ ਦੇ ਮੁਕਾਬਲੇ ਮੈਡੀਕਲ ਅਫਸਰਾਂ ਦੀ ਖੱਜਲ- ਖੁਆਰੀ ਅਜਿਹੇ 'ਚ ਹਰ ਸਾਲ ਮੁਹਿੰਮ ਚਲਾਉਣ ਦੀ ਲੋੜ ਹੈ ਤਾਂ ਜੇ ਹਸਪਤਾਲਾਂ ਨੂੰ ਡਾਕਟਰਾਂ ਦੀ ਘਾਟ ਦਾ ਸਾਹਮਣਾ ਨਾ ਕਰਨਾ ਪਵੇ, ਜਿਸ ਨਾਲ ਲੋਕਾਂ ਨੂੰ ਉਪਲੱਬਧ ਸਿਹਤ ਸਹੂਲਤਾਂ ਪ੍ਰਭਾਵਿਤ ਹੁੰਦੀਆਂ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਗੁਆਂਢੀ ਰਾਜਾ ਦੀ ਤਰਜ਼ 'ਤੇ ਡਾਕਟਰਾਂ ਦੀਆਂ ਸਮੇਂ ਸਿਰ ਤਰੱਕੀਆਂ ਦਿੱਤੀਆਂ ਜਾਣ, ਤਨਖਾਹ ਅਤੇ ਭੱਤੇ 'ਚ ਔਖੀਆਂ ਡਿਊਟੀਆਂ ਦੇ ਬਦਲੇ 'ਚ ਵਾਧਾ ਕੀਤਾ ਜਾਵੇ ਤਾਂ ਜੋ ਡਾਕਟਰ ਸਰਕਾਰੀ ਸਿਸਟਮ 'ਚ ਉਤਸ਼ਾਹ ਨਾਲ ਕੰਮ ਕਰ ਸਕਣ।ਉਨ੍ਹਾਂ ਦੱਸਿਆ ਕਿ 27 ਅਗਸਤ ਨੂੰ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਦੇ ਪ੍ਰਸ਼ਾਸਨਿਕ ਸਕੱਤਰ ਵੱਲੋਂ ਮੀਟਿੰਗ ਸੱਦੀ ਗਈ ਸੀ। ਜੇਕਰ ਮੀਟਿੰਗ 'ਚ ਸਾਰਥਕ ਨਤੀਜੇ ਨਾ ਨਿਕਲੇ ਤਾਂ ਪੀ . ਸੀ. ਐੱਮ ਐੱਸ .ਏ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਜਾਣ ਦਾ ਫੈਸਲਾ ਲਿਆ ਜਾਵੇਗਾ। ?

# ਸਾਂਝਾ ਕਿਸਾਨ ਮਜ਼ਦੂਰ ਮੋਰਚਾ ਪੰਜਾਬ ਤਹਿਸੀਲ ਨਵਾਂਸ਼ਹਿਰ ਇਕਾਈ ਦੇ ਆਗੂਆਂ ਦੀ ਮੀਟਿੰਗ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਅੱਜ ਇੱਥੇ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਪੰਜਾਬ ਦੀਪ ਤਹਿਸੀਲ ਨਵਾਂਸ਼ਹਿਰ ਦੀ ਇਕਾਈ ਦੇ ਆਗੂਆਂ ਦੀ ਮੀਟਿੰਗ ਸਾਥੀ ਸੁਰਜੀਤ ਮਲਪੁਰੀ ਦੀ ਅਗਵਾਈ ਹੇਠ ਹੋਈ। ਇਸ ਮੌਕੇ ਸਾਥੀ ਕਰਨ ਸਿੰਘ ਰਾਣਾ ਜਨ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਪੰਜਾਬ ਨੇ ਕਿਹਾ ਕਿ ਇਸ ਵੇਲੇ ਪੰਜਾਬ ਵਿੱਚ ਆਮ ਲੋਕਾਂ ਦੇ ਮਸਲਿਆਂ ਤੇ ਕੋਈ ਸਿਆਸੀ ਧਿਰ ਗੱਲ ਨਹੀਂ ਕਰ ਰਹੀ ਬਿਨਾਂ ਵਜ੍ਹਾ ਦੇ ਮੁੱਦੇ ਉਭਾਰ ਕੇ ਲੋਕਾਂ ਨੂੰ ਭੰਬਲਭੂਸੇ ਵਿੱਚ ਪਾ ਰਹੇ ਹਨ ਅਜਿਹੇ ਹਾਲਾਤ ਨੂੰ ਮੁੱਖ ਰੱਖਦੇ ਹੋਏ ਜਥੇਬੰਦੀ ਪੰਜ ਸਤੰਬਰ ਨੂੰ ਜ਼ਿਲ੍ਹ ਪੱਧਰੀ ਕਨਵੈਂਸ਼ਨ ਬਲਾਚੌਰ ਵਿਖੇ ਕਰਨ ਜਾ ਰਹੀ ਹੈ ਜਿਸ ਵਿੱਚ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਮੁਲਾਜ਼ਮਾਂ, ਇਸਤਰੀਆਂ ਅਤੇ ਹੋਰ ਕਿਰਤੀ ਲੋਕਾਂ ਦੀਆਂ ਭਖਦੀਆਂ ਮੰਗਾਂ 'ਤੇ ਵਿਚਾਰ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਕਨਵੈਂਸ਼ਨ ਵਿੱਚ ਭਵਿੱਖੀ ਸੰਘਰਸ਼ਾਂ ਦੀ ਯੋਜਨਾਬੰਦੀ ਕੀਤੀ ਜਾਵੇਗੀ। ਇਸ ਮੌਕੇ ਕਨਵੈਂਸ਼ਨ ਭਾਈ ਲਾਲੋ ਲੋਕ ਮੰਚ ਪੰਜਾਬ ਦੀ ਸਥਾਪਨਾ 'ਤੇ ਵੀ ਵਿਚਾਰ ਕਰੇਗੀ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਬਲਾਚੌਰ ਕਨਵੈਂਸ਼ਨ ਨੂੰ ਸਫਲ ਬਣਾਉਣ ਲਈ ਸਾਰੇ ਆਗੂ ਪੂਰੀ ਸ਼ਕਤੀ ਨਾਲ ਕੰਮ ਕਰਨਗੇ ਤਾਂ ਕਿ ਕਨਵੈਂਸ਼ਨ ਵਿੱਚ ਲੋਕ ਮੰਗਾਂ ਨੂੰ ਉਭਾਰਿਆ ਜਾ ਸਕੇ। ਇਸ ਮੌਕੇ ਬੀਬੀ ਚਰਨਜੀਤ ਕੌਰ ਨਵਾਂਸ਼ਹਿਰ, ਬੀਬੀ ਨਿਰਮਲਾ ਦੇਵੀ, ਪਿਆਰਾ ਲਾਲ ਮੰਗੂਪੁਰ, ਕਿਰਨ ਸੂਰਾਪੁਰ, ਰਮਨਦੀਪ ਚੂਹੜਪੁਰ, ਸੁਰਜੀਤ ਕੁਮਾਰ, ਪ੍ਰੇਮ ਲਤਾ, ਪਾਲ ਸਿੰਘ, ਬਲਬੀਰ ਸਿੰਘ ਭੀਣ, ਸੁਖਵਿੰਦਰ ਸਿੰਘ ਸੂਰਾਪੁਰ, ਦਿਲਪ੍ਰੀਤ ਮੋਹਨ ਸਿੰਘ ਸੂਰਾਪੁਰ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ

# ਰਣਜੀਤ ਸਿੰਘ ਕੋਹਾੜ ਨੂੰ ਗਹਿਰਾ ਸਦਮਾ, ਭਰਾ ਦਾ ਦੇਹਾਂਤ



**ਮਹਿਤਪੁਰ (ਰਾਜਾ)**- ਬੀਤੀ ਰਾਤ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਰਣਜੀਤ ਸਿੰਘ ਕੋਹਾੜ ਪਿੰਡ ਰਾਏਪੁਰ ਅਰਾਈਆਂ ਦੇ ਵੱਡੇ ਭਰਾ ਸੁਰਜੀਤ ਸਿੰਘ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਹ ਗੁਰੂ ਚਰਨਾਂ ਵਿੱਚ ਜਾ ਬਿਰਾਜੇ ।ਇਸ ਮੌਕੇ ਰਣਜੀਤ ਸਿੰਘ ਨੇ ਦੱਸਿਆ ਕਿ ਸੁਰਜੀਤ ਸਿੰਘ ਦੀ ਉਮਰ 52 ਸਾਲ ਸੀ, ਰਾਤ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਹਸਪਤਾਲ ਪਹੁੰਚਾਇਆ ਗਿਆ, ਪਰ ਉਹ ਆਪਣੇ ਸਵਾਸ ਛੱਡ ਚੁੱਕੇ ਸਨ। ਉਹ ਆਪਣੇ ਪਿੱਛੇ ਪਤਨੀ, ਬੇਟਾ ਅਤੇ ਬੇਟੀ ਛੱਡ ਗਏ।

ਅੱਜ ਉਹਨਾਂ ਦੇ ਸਸਕਾਰ ਮੌਕੇ ਰਾਜਨੀਤਿਕ, ਧਾਰਮਿਕ, ਸਮਾਜਿਕ ਤੇ ਕਿਸਾਨ ਜਥੇਬੰਦੀਆਂ ਪਹੁੰਚੀਆਂ। ਉਹਨਾਂ ਦੀ ਆਤਮਿਕ ਸ਼ਾਂਤੀ ਲਈ 4 ਸਤੰਬਰ ਨੂੰ ਉਹਨਾਂ ਦੇ ਗ੍ਰਹਿ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

# ਸਕੂਲ 'ਚ ਰੁੱਖ ਲਗਾ ਕੇ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ

**ਫਗਵਾੜਾ (ਡਾ. ਰਮਨ)**-ਜਨਮ ਅਸ਼ਟਮੀ ਦੇ ਮੌਕੇ ਮੈਪਲ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਛੋਟੇ-ਛੋਟੇ ਬੱਚਿਆਂ ਨੇ ਸ੍ਰੀ ਕ੍ਰਿਸ਼ਨ ਦੇ ਕੱਪੜੇ ਪਹਿਨ ਕੇ ਪ੍ਰੋਗਰਾਮ ਪੇਸ਼ ਕੀਤਾ ਅਤੇ ਸ੍ਰੀ ਕ੍ਰਿਸ਼ਨ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਮੌਕੇ ਕਿੰਡਰ ਗਾਰਡਨ ਦੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਅਤੇ ਬੱਚਿਆਂ ਨਾਲ ਕ੍ਰਿਸ਼ਨ ਦਾ ਸੰਦੇਸ਼ ਸਾਂਝਾ ਕੀਤਾ। ਵੱਖ-ਵੱਖ ਭਾਰਤੀ ਪਹਿਰਾਵੇ ਵਿੱਚ ਆਪਣੇ ਫੈਂਸੀ ਡਰੈੱਸ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਪ੍ਰਾਇਮਰੀ ਅਤੇ ਮਿਡਲ ਸੈਕੰਡਰੀ ਜਮਾਤਾਂ ਦੇ ਲੜਕੇ-ਲੜਕੀਆਂ ਨੇ ਸਕੂਲ ਦੇ ਵਿਹੜੇ ਵਿੱਚ ਪੌਦੇ ਲਗਾਏ ਅਤੇ ਸਕੂਲ ਨੂੰ ਹਰਿਆ-ਭਰਿਆ ਰੱਖਣ ਦੀ ਸਹੁੰ ਚੁੱਕੀ। ਸਕੂਲ ਦੀ ਮੁੱਖ ਅਧਿਆਪਕਾ ਮਨਦੀਪ ਕੌਰ ਬੱਚਿਆਂ ਨੂੰ ਜਨਮ ਅਸ਼ਟਮੀ ਦੀ ਵਧਾਈ ਦਿੱਤੀ। ਇਸ ਮੌਕੇ ਸਕੂਲ ਵਿੱਚ ਵੱਖ-ਵੱਖ ਥਾਵਾਂ 'ਤੇ ਪੌਦੇ ਲਗਾਏ ਗਏ ਅਤੇ ਬੱਚਿਆਂ ਨੂੰ ਉਨ੍ਹਾਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਦਿੱਤੀ ਗਈ। ਅੰਤ ਵਿੱਚ ਪ੍ਰਿੰਸੀਪਲ ਨੇ ਸਕੂਲ ਮੈਨੇਜਮੈਂਟ ਵੱਲੋਂ ਸਮੂਹ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਜਨਮ ਅਸ਼ਟਮੀ ਦੀ ਵਧਾਈ ਦਿੱਤੀ

# ਐਸ ਸੀ ਸਿਖਿਆਰਥੀਆਂ ਲਈ ਮੁਫ਼ਤ ਡੇਅਰੀ ਸਿਖਲਾਈ ਕੋਰਸ ਦਾ ਪਹਿਲਾ ਬੈਚ 2 ਤੋਂ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )**-ਡੇਅਰੀ ਵਿਕਾਸ ਵਿਭਾਗ, ਪੰਜਾਬ ਵੱਲੋਂ ਐਸ ਸੀ ਸਿਖਿਆਰਥੀਆਂ ਲਈ ਮੁਫ਼ਤ ਡੇਅਰੀ ਸਿਖਲਾਈ ਕੋਰਸ 2 ਸਤੰਬਰ ਤੋਂ ਡੇਅਰੀ ਸਿਖਲਾਈ ਕੇਂਦਰ ਫਗਵਾੜਾ ਵਿਖੇ ਚਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਯੁਕਤ ਡਾਇਰੈਕਟਰ ਕਸ਼ਮੀਰ ਸਿੰਘ ਨੇ ਦੱਸਿਆ ਕਿ ਇਸ ਸਿਖਲਾਈ ਦੌਰਾਨ ਸਿਖਿਆਰਥੀਆਂ ਨੂੰ 3500 ਰੁਪਏ ਵਜ਼ੀਫਾ ਵੀ ਦਿੱਤਾ ਜਾਵੇਗਾ। ਇਸ ਸਿਖਲਾਈ ਪ੍ਰੋਗਰਾਮ ਵਿਚ ਦੁਧਾਰੂ ਪਸ਼ੂਆਂ ਦੀ ਖ਼ਰੀਦ ਤੋਂ ਲੈ ਕੇ ਰੱਖ-ਰਖਾਅ, ਖਾਧ-ਖੁਰਾਕ, ਨਸਲ ਸੁਧਾਰ, ਸਾਂਭ-ਸੰਭਾਲ ਅਤੇ ਸੁਚੱਜੇ ਮੰਡੀਕਰਨ ਦੀਆਂ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਿਖਿਆਰਥੀਆਂ ਦੀ ਚੋਣ ਜ਼ਿਲ੍ਹਾ ਲੈਵਲ ਕਮੇਟੀ ਵੱਲੋਂ ਕੀਤੀ ਜਾਵੇਗੀ।ਇਸ ਸਬੰਧੀ ਅਨੁਸੂਚਿਤ ਜਾਤੀ ਦੇ ਵਿਅਕਤੀ (ਮਰਦ/ਔਰਤ) ਜਿਨ੍ਹਾਂ ਦੀ ਉਮਰ 18 ਤੋਂ 50 ਸਾਲ ਦੇ ਵਿਚ ਹੋਵੇ, ਪੰਜਵੀਂ ਪਾਸ ਹੋਵੇ, ਪੇਂਡੂ ਪਿਛੋਕੜ ਨਾਲ ਸਬੰਧ ਰੱਖਦਾ ਹੋਵੇ 30 ਅਗਸਤ ਤੱਕ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਮਿੰਨੀ ਸਕੱਤਰੇਤ, ਚੌਥੀ ਮੰਜ਼ਲ, ਕਮਰਾ ਨੰਬਰ 439 ਵਿਖੇ ਆਪਣਾ ਆਧਾਰ ਕਾਰਡ, ਯੋਗਤਾ ਸਰਟੀਫਿਕੇਟ, ਅਨੁਸੂਚਿਤ ਜਾਤੀ ਸਰਟੀਫਿਕੇਟ ਲੈ ਕੇ ਫਾਰਮ ਭਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਉਪਰੰਤ ਉਮੀਦਵਾਰਾਂ ਨੂੰ 2, 5 ਅਤੇ 10 ਦੁਧਾਰੂ ਪਸ਼ੂਆਂ ਦੀ ਖ਼ਰੀਦ 'ਤੇ 33 ਫੀਸਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਵਿਭਾਗ ਵੱਲੋਂ ਐਨ.ਐਲ.ਐਮ ਸਕੀਮ ਅਧੀਨ ਦੁਧਾਰੂ ਪਸ਼ੂਆਂ ਦੇ ਬੀਮੇ 'ਤੇ 70 ਫੀਸਦੀ ਤੱਕ ਸਬਸਿਡੀ ਦਾ ਪ੍ਰਬੰਧ ਹੈ। ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਫੋਨ ਨੰਬਰ 01882-220025, 98722-77136 'ਤੇ ਕਿਸੇ ਵੀ ਕੰਮ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ।

# ਸ੍ਰੀ ਹਨੂਮਤ ਆਈ ਐਮ ਟੀ ਨੇ ਵਿੰਡਹੈਮ ਗਰੁੱਪ ਦੇ ਹੋਟਲ ਰਮਾਡਾ ਨਾਲ ਸਹਿਮਤੀ ਪੱਤਰ 'ਤੇ ਕੀਤੇ ਦਸਤਖਤ



**ਗੁਰਾਇਆ (ਬਿੰਦਰ ਸੁਮਨ)** ਸ੍ਰੀ ਹਨੂਮਤ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਵਲੋਂ ਹੋਟਲ ਮੈਨੇਜਮੈਂਟ ਦੇ ਵਿਦਿਆਰਥੀਆਂ ਦੇ ਹਿੱਤ 'ਚ ਇੱਕ ਹੋਰ ਵੱਡਾ ਕਦਮ ਚੁੱਕਦੇ ਹੋਏ ਇਸ ਵਾਰ ਵਿੰਡਹੈਮ ਗਰੁੱਪ ਸਿਟੀ ਸੈਂਟਰ ਜਲੰਧਰ ਦੇ ਹੋਟਲ ਰਮਾਡਾ ਨਾਲ ਇੱਕ ਸਹਿਮਤੀ ਪੱਤਰ 'ਤੇ ਦਸਤਖਤ ਕੀਤੇ ਹਨ।ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿੰਡਹੈਮ ਗਰੁੱਪ ਸਿਟੀ ਸੈਂਟਰ ਜਲੰਧਰ ਦਾ ਹੋਟਲ ਰਮਾਡਾ ਇੱਕ ਆਧੁਨਿਕ ਕਾਰੋਬਾਰੀ ਹੋਟਲ ਹੈ ਜੋ ਆਪਣੇ ਮਹਿਮਾਨਾਂ ਨੂੰ ਬਿਹਤਰੀਨ ਸਹੂਲਤਾਂ ਅਤੇ ਆਰਾਮ ਪ੍ਰਦਾਨ ਕਰਦਾ ਹੈ।ਉਨ੍ਹਾਂ ਕਿਹਾ ਕਿ ਇਸ ਸਹਿਮਤੀ ਪੱਤਰ ਦਾ ਉਦੇਸ਼ ਦੋਵਾਂ ਧਿਰਾਂ ਦਰਮਿਆਨ ਅਭਿਆਸ ਆਧਾਰਿਤ ਸਿੱਖਿਆ, ਖੋਜ ਅਤੇ ਗਿਆਨ ਦੇ ਆਦਾਨ-ਪ੍ਰਦਾਨ ਵਿੱਚ ਸਹਿਯੋਗ ਵਿਕਸਿਤ ਕਰਨਾ ਦੇ ਨਾਲ-ਨਾਲ ਆਪਸੀ ਸਮਝ ਅਤੇ ਉੱਤਮਤਾ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਵਿਕਸਤ ਖੋਜ ਅਤੇ ਗਿਆਨ ਨੂੰ ਨਾ ਸਿਰਫ਼ ਖੇਤਰੀ ਬਲਕਿ ਰਾਸ਼ਟਰੀ ਅਤੇ ਵਿਸ਼ਵ ਪੱਧਰ 'ਤੇ ਵੀ ਵਰਤਿਆ ਜਾ ਸਕੇ।ਉਹਨਾਂ ਕਿਹਾ ਕਿ ਇਹ ਸਹਿਮਤੀ ਪੱਤਰ ਸ੍ਰੀ ਹਨੂਮਤ ਆਈ ਐਮ ਟੀ ਦੇ ਵਿਦਿਆਰਥੀਆਂ ਅਤੇ ਫੈਕਲਟੀ ਦੇ ਸਰਵਪੱਖੀ, ਅਕਾਦਮਿਕ ਅਤੇ ਪੇਸ਼ੇਵਰ ਵਿਕਾਸ ਲਈ ਮਹੱਤਵਪੂਰਨ ਹੈ।ਐਮ ਓ ਯੂ 'ਤੇ ਦਸਤਖ਼ਤ ਹਿਊਮਨ ਰਿਸੋਰਸਿਸ ਅਤੇ ਟਰੇਨਿੰਗ ਹੈੱਡ ਭਾਨੂ ਸ਼ਰਮਾ ਤੋਂ ਇਲਾਵਾ ਅਕਾਦਮਿਕ ਡੀਨ ਦੀਪਕ ਠਾਕੁਰ ਦੀ ਮੌਜੂਦਗੀ ਵਿੱਚ ਕੀਤੇ ਗਏ।ਡਾ. ਸ਼ੈਲੀ ਰੇਖੀ ਸ਼ਰਮਾ ਦੇ ਅਨੁਸਾਰ, ਇਹ ਸਮਝੌਤਾ ਯੋਗ ਪ੍ਰਬੰਧਨ ਕਮੇਟੀ ਦੇ ਮਾਰਗਦਰਸ਼ਨ ਅਤੇ ਵਿਚਾਰਾਂ ਅਧੀਨ ਯਕੀਨੀ ਤੌਰ 'ਤੇ ਵਿੰਡਹੈਮ ਗਰੁੱਪ ਦੇ ਹੋਟਲ ਰਮਾਡਾ ਅਤੇ ਵੱਕਾਰੀ ਸ੍ਰੀ ਹਨੂਮਤ ਕਾਲਜ ਵਿਚਕਾਰ ਵਧੀਆ ਅਭਿਆਸਾਂ ਅਤੇ ਅਕਾਦਮਿਕ ਪ੍ਰਤਿਭਾ ਨੂੰ ਆਪਸ 'ਚ ਜੋੜਨ ਦਾ ਕੰਮ ਕਰੇਗਾ।

# ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਸਮਰਪਤ 15ਵੀਂ ਕਿਤਾਬੀ ਪ੍ਰਤੀਯੋਗਤਾ ਕਰਵਾਈ



**ਟਾਂਡਾ ਉੜਮੁੜ,(ਜਸਵਿੰਦਰ ਸੰਧੂ, ਉਂਕਾਰ ਸਿੰਘ )**-ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਬੀ. ਆਰ ਅੰਬੇਡਕਰ ਦੀ ਵਿਚਾਰਧਾਰਾ ਨੂੰ ਸਮਰਪਤ ਪ੍ਰਬੁੱਧ ਭਾਰਤ ਫਾਊਂਡੇਸ਼ਨ ਵੱਲੋਂ 15ਵੀਂ ਕਿਤਾਬੀ ਪ੍ਰਤੀਯੋਗਤਾ ਸ੍ਰੀ ਗੁਰੂ ਰਵਿਦਾਸ ਭਵਨ ਦਸ਼ਮੇਸ਼ ਨਗਰ ਟਾਂਡਾ ਵਿਖੇ ਕਰਵਾਈ ਗਈ। ਸੱਚ ਐਜੂਕੇਸ਼ਨਲ ਟਰੱਸਟ ਹੁਸ਼ਿਆਰਪੁਰ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਕਲੱਬ ਦਸ਼ਮੇਸ਼ ਨਗਰ, ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ, ਮੀਰਾ ਬਾਈ ਸਭਾ ਦਸ਼ਮੇਸ਼ ਨਗਰ ਟਾਂਡਾ ਦੇ ਸਹਿਯੋਗ ਨਾਲ ਕਰਵਾਈ ਗਈ ਇਸ ਪ੍ਰਤੀਯੋਗਤਾ ਵਿੱਚ ਵੱਖ-ਵੱਖ ਪਿੰਡਾਂ ਦੇ 43 ਵਿਦਿਆਰਥੀਆਂ ਨੇ ਹਿੱਸਾ ਲਿਆ। ਸੈਂਟਰ ਇੰਚਾਰਜ ਜਗਦੀਸ਼ ਕੁਮਾਰ ਰਿੰਕਾ, ਡਿਊਟੀ ਇੰਚਾਰਜ ਦਲਜੀਤ ਕੌਰ, ਸੁਖਚੈਨ ਸਿੰਘ, ਮਾਸਟਰ ਨਰਿੰਦਰ ਪਾਲ , ਸਰਬਜੀਤ ਸਿੰਘ, ਰਵੀ ਕੁਮਾਰ, ਮਨਦੀਪ ਦੀਪਾ ਦੀ ਰੇਖ ਰੇਖ ਵਿੱਚ ਕਰਵਾਈ ਗਈ ਇਸ ਪ੍ਰਤਿਯੋਗਤਾ ਦੌਰਾਨ ਭਾਗ ਲੈਣ ਵਾਲੇ ਬੱਚਿਆਂ ਪਾਸੋਂ ਬਾਬਾ ਸਾਹਿਬ ਡਾ. ਬੀ.ਆਰ ਅੰਬੇਡਕਰ ਦੀ ਜੀਵਨੀ ਅਤੇ ਵਿਚਾਰਧਾਰਾ ਨਾਲ ਸੰਬੰਧਤ ਸਵਾਲ ਪੁੱਛੇ ਗਏ ਜਿਸ ਜਿਸ ਦਾ ਬੱਚਿਆਂ ਨੇ ਲਿਖਤੀ ਰੂਪ ਵਿੱਚ ਬਾਖੂਬੀ ਜਵਾਬ ਦਿੱਤਾ। ਇਸ ਮੌਕੇ ਸੱਚ ਫਾਊਂਡੇਸ਼ਨ ਵਲੋਂ ਹੁਸ਼ਿਆਰਪੁਰ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਐਡਵੋਕੇਟ ਰਣਜੀਤ ਕੁਮਾਰ ਤੇ ਡਾਕਟਰ ਸੁਰਿੰਦਰ ਕੁਮਾਰ ਹੁਸ਼ਿਆਰਪੁਰ ਨੇ ਬੱਚਿਆਂ ਨੂੰ ਬਾਬਾ ਸਾਹਿਬ ਡਾਕਟਰ ਦੀਆ ਅੰਬੇਡਕਰ ਦੀ ਉਸਾਰੂ ਵਿਚਾਰਧਾਰਾ ਤੇ ਉਨ੍ਹਾਂ ਦੀ ਜੀਵਨੀ ਤੋਂ ਜਾਣੂ ਕਰਵਾਇਆ। ਇਸ ਮੌਕੇ ਕੁਲਦੀਪ ਸਿੰਘ ਸਾਬੀ, ਕਸ਼ਮੀਰ ਸਿੰਘ ਬੌਬੀ, ਨੀਰਜ ਕੁਮਾਰ, ਗਗਨਦੀਪ ਗੱਗੀ, ਗੁਰਦੀਪ ਲਾਡੀ ਕਰਮਜੀਤ ਕਾਲੂ, ਪ੍ਰਿੰਸ, ਸੋਮ ਪ੍ਰਕਾਸ਼, ਸੁਰਜੀਤ ਸਿੰਘ ਬੈਂਕ ਵਾਲੇ, ਜਸਪਾਲ ਰਾਏ, ਰਾਜ ਕੁਮਾਰ ਵੀ ਹਾਜ਼ਰ ਸਨ।

# ਡਾ. ਪ੍ਰੀਤੀ ਯਾਦਵ ਨੇ ਸਰਕਾਰੀ ਹਸਪਤਾਲ ਦੇ ਬਾਥਰੂਮਾਂ ਦੀ ਸਫ਼ਾਈ ਨਾ ਹੋਣ 'ਤੇ ਲਿਆ ਨੋਟਿਸ



**ਮੋਰਿੰਡਾ ( ਜੈਜ਼ੀ ਸਰਦਾਰ )** ਪਿਛਲੇ ਦਿਨੀਂ ਮੋਰਿੰਡਾ ਵਿੱਚ ਡਾਇਰੀਆ ਤੋਂ ਪੀੜਤ ਮਰੀਜ਼ਾ ਨੂੰ ਸਰਕਾਰੀ ਹਸਪਤਾਲ ਵਿਖੇ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਨਿਰੀਖਣ ਕਰਨ ਲਈ ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਨੇ ਸਰਕਾਰੀ ਹਸਪਤਾਲ ਦਾ ਅਚਨਚੇਤ ਦੌਰਾ ਕੀਤਾ ਅਤੇ ਮੌਕੇ 'ਤੇ ਬਾਥਰੂਮਾਂ ਦੀ ਸਫਾਈ ਨਾ ਹੋਣ 'ਤੇ ਸਖ਼ਤ ਨੋਟਿਸ ਲਿਆ।ਡਾ. ਪ੍ਰੀਤੀ ਯਾਦਵ ਨੇ ਡਾਇਰੀਆ ਤੋਂ ਪੀੜ੍ਹਤ ਮਰੀਜ਼ਾ ਨੂੰ ਮਿਲ ਰਹੀਆਂ ਸਿਹਤ ਸੇਵਾਵਾਂ ਦਾ ਨਿਰੀਖਣ ਕਰਦੇ ਹੋਏ ਮਰੀਜ਼ਾ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਗੱਲਬਾਤ ਕੀਤੀ ਜਿਸ ਉਪਰੰਤ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਸਰਕਾਰੀ ਹਸਪਤਾਲ ਵਿਖੇ ਸਿਹਤ ਸੇਵਾਵਾਂ ਤਾਂ ਵਧੀਆਂ ਮਿਲ ਰਹੀਆਂ ਹਨ ਪ੍ਰੰਤੂ ਬਾਥਰੂਮਾਂ ਦੀ ਸਫਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਮਰੀਜ਼ਾ ਦੇ ਰਿਸ਼ਤੇਦਾਰਾਂ ਵੱਲੋਂ ਕੀਤੀ ਗਈ ਸ਼ਿਕਾਇਤ ਦਾ ਸਖ਼ਤ ਨੋਟਿਸ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਐਸ ਡੀ ਐਮ ਸੁਖਪਾਲ ਸਿੰਘ ਤੇ ਐਸ ਐਮ ਓ ਡਾ. ਗੋਬਿੰਦ ਟੰਡਨ ਨੂੰ ਹਦਾਇਤ ਕਰਦਿਆਂ ਕਿਹਾ ਕਿ ਜੇਕਰ ਬਾਥਰੂਮ ਦੇ ਸੀਵਰੇਜ ਜਾਂ ਰੱਖ ਰਖਾਅ ਸੰਬੰਧੀ ਕੋਈ ਮਾਮਲਾ ਹੈ ਤਾਂ ਉਸਨੂੰ ਅੱਜ ਹੀ ਦਰੁੱਸਤ ਕੀਤਾ ਜਾਵੇ। ਉਨ੍ਹਾਂ ਐਕਸੀਅਨ ਸੀਵਰੇਜ ਬੋਰਡ ਨੂੰ ਤੁਰੰਤ ਮੌਕੇ ਉੱਤੇ ਆ ਕੇ ਬਾਥਰੂਮਾਂ ਦੀ ਸੀਵਰੇਜ ਸਪਲਾਈ ਨੂੰ ਠੀਕ ਕਰਨ ਦੇ ਹੁਕਮ ਜਾਰੀ ਕੀਤੇ।ਡਿਪਟੀ ਕਮਿਸ਼ਨਰ ਨੇ ਸਰਕਾਰੀ ਹਸਪਤਾਲ ਮੋਰਿੰਡਾ ਦੇ ਐਸ.ਐਮ.ਓ. ਦਫ਼ਤਰ ਵਿਖੇ ਦਾਖ਼ਲ ਮਰੀਜ਼ਾ ਦੀ ਹਰ ਇੱਕ ਫਾਈਲ ਦਾ ਬਰੀਕੀ ਨਾਲ ਨਿਰੀਖਣ ਕੀਤਾ ਅਤੇ ਐਸ.ਐਮ.ਓ. ਡਾ. ਗੋਬਿੰਦ ਟੰਡਨ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਡਾਇਰੀਆ ਤੋਂ ਪੀੜ੍ਹਤ ਮਰੀਜ਼ਾ ਨੂੰ ਮਿਆਰੀ ਸੇਵਾਵਾਂ ਦੇਣਾ ਯਕੀਨੀ ਕੀਤਾ ਜਾਵੇ ਅਤੇ ਜੋ ਮਰੀਜ਼ ਠੀਕ ਹੁੰਦੇ ਹਨ ਉਨ੍ਹਾਂ ਮਰੀਜ਼ਾ ਨੂੰ ਘਰ ਜਾ ਕੇ ਆਪਣੀ ਸਿਹਤ ਦਾ ਧਿਆਨ ਕਿਵੇਂ ਰੱਖਣਾ ਹੈ, ਉਸ ਸੰਬੰਧੀ ਮੁਕੰਮਲ ਜਾਣਕਾਰੀ ਦਿੱਤੀ ਜਾਵੇ।

# ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇਗਾ ਬਾਬਾ ਸ੍ਰੀ ਚੰਦ ਦਾ ਜਨਮ ਦਿਹਾੜਾ : ਬਾਬਾ ਬੇਦੀ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਗੁਰਦੁਆਰਾ ਗੁਰੂ ਨਾਨਕ ਦਰਬਾਰ ਅਸਥਾਨ ਬਾਬਾ ਸ੍ਰੀ ਚੰਦ ਜੀ ਟਾਂਡਾ ਸ੍ਰੀ ਹਰਗੋਬਿੰਦਪੁਰ ਰੋਡ ਨੇੜੇ ਪਿੰਡ ਗਿੱਲ-ਕੋਟਲੀ ਵਿਖੇ ਬੇਦੀ ਕੁਲ ਦੇ ਰੱਖਿਅਕ ਬਾਬਾ ਸ੍ਰੀ ਚੰਦ ਦਾ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇਗਾ। ਇਹ ਜਾਣਕਾਰੀ ਦਿੰਦੇ ਹੋਏ ਸਮਾਗਮ ਦੇ ਮੁੱਖ ਪ੍ਰਬੰਧਕ ਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁਖਦੇਵ ਸਿੰਘ ਜੀ ਬੇਦੀ 16ਵੀਂ ਸੰਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਦਰਬਾਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਵਾਲਿਆਂ ਨੇ ਦੱਸਿਆ ਕਿ ਸਮਾਗਮ ਦੇ ਸਬੰਧ ਵਿੱਚ ਹੋਰਨਾਂ ਸਹਿਯੋਗੀ ਸੇਵਾ ਸੋਸਾਇਟੀਆਂ, ਜਥੇਬੰਦੀਆਂ ਅਤੇ ਸੇਵਾਦਾਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਪੱਧਰੀ ਸਮਾਗਮ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਪਹਿਲਾਂ 12 ਸਤੰਬਰ ਨੂੰ ਸੰਖੇਪ ਸਮਾਗਮ ਕੀਤਾ ਜਾਵੇਗਾ ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਇਸ ਤੋਂ ਇਲਾਵਾ ਅੱਸੂ ਮਹੀਨੇ ਦੀ ਪੂਰਨਮਾਸ਼ੀ ਦੇ ਦਿਹਾੜੇ ਤੇ 18 ਸਤੰਬਰ ਨੂੰ ਸੂਬਾ ਪੱਧਰੀ ਧਾਰਮਿਕ ਸਮਾਗਮ ਕੀਤਾ ਜਾਵੇਗਾ। ਬਾਬਾ ਬੇਦੀ ਜੀ ਨੇ ਹੋਰ ਦੱਸਿਆ ਕਿ ਸਲਾਨਾ ਸਰਬ ਧਰਮ ਸੰਮੇਲਨ ਵੀ ਕਰਵਾਇਆ ਜਾਵੇਗਾ ।

ਬਾਬਾ ਬੇਦੀ ਨੇ ਹੋਰ ਦੱਸਿਆ ਕਿ ਸਮਾਗਮ ਵਿੱਚ ਸਭ ਤੋਂ ਪਹਿਲਾਂ ਸ੍ਰੀ ਸਹਿਜ ਪਾਠ ਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਭੋਗ ਪਾਏ ਜਾਣਗੇ ਉਪਰੰਤ ਧਾਰਮਿਕ ਸਮਾਗਮ ਵਿੱਚ ਸੰਤ ਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਹਰਿਆਣੇ ਵਾਲੇ, ਸੰਤ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਵਾਲੇ, ਪੰਥ ਪ੍ਰਸਿੱਧ ਰਾਗੀ ਜਥਾ ਭਾਈ ਮਨਜਿੰਦਰ ਸਿੰਘ ਰਾਏਪੁਰ ਵਾਲੇ, ਭਾਈ ਤਰਸੇਮ ਸਿੰਘ ਖਾਲਸਾ ਅੰਮ੍ਰਿਤਸਰ ਸਾਹਿਬ ਵਾਲੇ ਤੇ ਹੋਰ ਸੰਤ ਮਹਾਂਪੁਰਸ਼ ਤੇ ਰਾਗੀ ਢਾਡੀ ਜਥੇ ਪਹੁੰਚ ਕਰਕੇ ਸਮੂਹ ਸੰਗਤ ਨੂੰ ਬਾਬਾ ਸ੍ਰੀ ਚੰਦ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਉਣਗੇ।

ਇਸ ਮੌਕੇ ਗੁਰੂ ਨਾਨਕ ਮਲਟੀ ਸਪੈਸ਼ਲਟੀ ਹਸਪਤਾਲ ਘੁਮਾਣ ਵੱਲੋਂ ਮੁਫਤ ਮੈਡੀਕਲ ਚੈੱਕਅਪ ਕੈਂਪ ਵੀ ਲਗਾਇਆ ਜਾਵੇਗਾ। ਇਸ ਮੌਕੇ ਪ੍ਰਬੰਧਕ ਸੇਵਾਦਾਰਾਂ ਨੇ ਹੋਰ ਦੱਸਿਆ ਕਿ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਇਤਿਹਾਸ ਨੂੰ ਦਰਸਾਉਂਦੀ ਵਿਸ਼ੇਸ਼ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਸੁਖਵਿੰਦਰ ਸਿੰਘ ਬੇਦੀ, ਡਾ. ਸੁਖਪ੍ਰੀਤ ਸਿੰਘ ਬੇਦੀ, ਜਸ਼ਨ ਜੋਤ ਸਿੰਘ , ਕਮੇਟੀ ਪ੍ਰਧਾਨ ਨਾਜਰ ਸਿੰਘ ਸਹਿਬਾਜਪੁਰ, ਗਿਆਨੀ ਗੁਰਵੰਤ ਸਿੰਘ, ਗਿਆਨੀ ਤਰਸੇਮ ਸਿੰਘ ਮਿਆਣੀ, ਲਖਵੀਰ ਸਿੰਘ ਗਿੱਲਾਂ, ਹਰਭਜਨ ਸਿੰਘ, ਗੁਰਮੀਤ ਸਿੰਘ ਤੋਂ ਇਲਾਵਾ ਹੋਰ ਸੰਗਤਾਂ ਵੀ ਹਾਜ਼ਰ ਸਨ।

# ਗੋਇਨਕਾ ਸਕੂਲ ਖੋ-ਖੋ 'ਚ ਜੇਤੂ



**ਕਪੂਰਥਲਾ, ( ਹਨੀ )**- ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਪੰਜਾਬ ਰਾਜ ਖੇਡਾਂ ਜੋ ਕਪੂਰਥਲਾ ਦੇ ਗੁਰੂ ਨਾਨਕ ਸਟੇਡੀਅਮ ਵਿਖੇ ਕਰਵਾਈਆਂ ਜਾ ਰਹੀਆਂ ਹਨ 'ਚ ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ੋਨਲ ਪੱਧਰ (ਅੰਡਰ 19) ਦੇ ਖੋ-ਖੋ ਦੇ ਪਹਿਲੇ ਪੜਾਅ 'ਚ ਜਿੱਤ ਹਾਸਲ ਕਰ ਜਿੱਥੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ, ਉੱਥੇ ਹੀ ਜ਼ਿਲ੍ਹਾ ਪੱਧਰ 'ਤੇ ਹੋ ਰਹੀਆਂ ਖੇਡਾਂ ਵਿੱਚ ਆਪਣੀ ਥਾਂ ਬਣਾ ਲਈ ਹੈ ।ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਊਸ਼ਾ ਪਰਮਾਰ ਨੇ ਜੇਤੂ ਵਿਦਿਆਰਥਣਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਵਿਦਿਆਰਥੀ ਕਿਤਾਬੀ ਗਿਆਨ ਦੇ ਨਾਲ ਨਾਲ ਖੇਡਾਂ ਵਿੱਚ ਭਾਗ ਲੈ ਕੇ ਸਕੂਲ ਦਾ ਨਾਂ ਰੌਸ਼ਨ ਕਰ ਰਹੇ ਹਨ।

ਉਨ੍ਹਾਂ ਨੇ ਵਿਦਿਆਰਥੀਣਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਕੰਗਨਾ ਰਣੌਤ ਦੇ ਬਿਆਨ ਉਸ ਦੇ ਮਾਨਸਿਕ ਅਸੰਤੁਲਨ ਨੂੰ ਦਰਸਾਉਂਦੇ : ਬਰਸਟ

**ਚੰਡੀਗੜ੍ਹ (ਗੁਰਜੀਤ ਬਿੱਲਾ)** - ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਸਾਨ ਅੰਦੋਲਨ ਨੂੰ ਪਵਿੱਤਰ ਦੱਸਦਿਆਂ ਭਾਜਪਾ ਸੰਸਦ ਕੰਗਨਾ ਰਣੌਤ ਵੱਲੋਂ ਦਿੱਤੇ ਬਿਆਨਾਂ ਦੀ ਸਖ਼ਤ ਆਲੋਚਨਾ ਕੀਤੀ ਹੈ।ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਵੱਲੋਂ ਲਗਾਤਾਰ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਲਈ ਦਿੱਤੇ ਜਾਂਦੇ ਬਿਆਨ ਅਸਲ ਵਿੱਚ ਪੰਜਾਬ ਦੇ ਪ੍ਰਤੀ ਭਾਜਪਾ ਦੀ ਸੋਚ ਨੂੰ ਦਰਸਾਉਂਦੇ ਹਨ।ਇਹ ਕੋਈ ਪਹਿਲੀ ਘਟਨਾ ਨਹੀਂ ਹੈ।ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੁਨੀਆ ਦੇ ਇਤਿਹਾਸ ਦਾ ਪਹਿਲਾ ਅਜਿਹਾ ਅੰਦੋਲਨ ਹੈ, ਜੋ ਇਨ੍ਹੇ ਲੰਬੇ ਸਮੇਂ ਤੱਕ ਸ਼ਾਤਮਈ ਢੰਗ ਨਾਲ ਚੱਲਿਆ ਸੀ।ਇਹ ਅੰਦੋਲਨ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ ਅਤੇ ਪੰਜਾਬ ਦੇ ਹਰ ਵਰਗ ਦੇ ਲੋਕਾਂ ਦਾ ਪਵਿੱਤਰ ਅੰਦਲੋਨ ਸੀ, ਜਿਸ ਨੂੰ ਭਾਜਪਾ ਦੀ ਸ਼ਹਿ ਤੇ ਅੰਦੋਲਨ ਦੌਰਾਨ ਅਤੇ ਅੰਦਲੋਨ ਤੋਂ ਬਾਅਦ ਵੀ ਬਦਨਾਮ ਕਰਨ ਦੀਆਂ ਕੋਸ਼ਿਸ਼ਾ ਲਗਾਤਾਰ ਜਾਰੀ ਹਨ।ਇਸ ਨੂੰ ਭਾਰਤ ਹੀ ਨਹੀਂ ਸਗੋਂ ਪੂਰੀ ਦੁਨੀਆ ਦੇ ਲੋਕਾਂ ਦਾ ਸਮਰਥਣ ਮਿਲਿਆ। ਲੱਖਾਂ ਲੋਕਾਂ ਵਾਸਤੇ ਹਰ ਰੋਜ਼ ਲੰਗਰ ਵਰਤਦਾ ਰਿਹਾ।ਪਰ ਫਿਰ ਕੰਗਨਾ ਰਣੌਤ ਵੱਲੋਂ ਅਜਿਹੇ ਬਿਆਨ ਦੇਣਾ ਬੜੀ ਮੰਦਭਾਗੀ ਗੱਲ ਹੈ ਅਤੇ ਇਸ ਤੋਂ ਭਾਜਪਾ ਦੀ ਲੋਕਾਂ ਦੇ ਦਿੱਲਾਂ ਵਿੱਚ ਪੰਜਾਬ ਪ੍ਰਤੀ ਨਫ਼ਰਤ ਪੈਦਾ ਕਰਨ ਦੀ ਨੀਤੀ ਦਾ ਪਤਾ ਚੱਲਦਾ ਹੈ।ਭਾਜਪਾ ਕੰਗਨਾ ਰਣੌਤ ਵੱਲੋਂ ਦਿੱਤੇ ਬਿਆਨਾਂ ਤੋਂ ਆਪਣਾ ਪੱਲਾ ਝਾੜ ਕੇ ਫਟਕਾਰ ਲਗਾ ਰਹੀ ਹੈ, ਜੋ ਕਿ ਸਿਰਫ਼ ਇਕ ਦਿਖਾਵਾ ਹੈ।ਭਾਜਪਾ ਨੇਤਾ ਪਹਿਲੇ ਵੀ ਕਿਸਾਨਾਂ ਨੂੰ ਅੱਤਵਾਦੀ ਅਤੇ ਵੱਖਵਾਦੀ ਕਰਾਰ ਦਿੰਦੇ ਆਏ ਹਨ, ਪਰ ਭਾਜਪਾ ਨੇ ਉਨ੍ਹਾਂ ਖ਼ਿਲਾਫ ਕੋਈ ਕਾਰਵਾਈ ਨਹੀਂ ਕੀਤੀ। ਭਾਜਪਾ ਨੂੰ ਚਾਹੀਦਾ ਹੈ ਕਿ ਉਹ ਇਸ ਬਿਆਨ ਦੀ ਜਿੰਮੇਵਾਰੀ ਲਵੇ, ਨਹੀਂ ਤਾਂ ਕੰਗਨਾ ਰਣੌਤ ਦੇ ਖਿਲਾਫ਼ ਸਖ਼ਤ ਕਾਰਵਾਈ ਕਰੇ। ਆਪ ਦੇ ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਕੰਗਨਾ ਰਣੌਤ ਨੂੰ ਕਿਸਾਨਾਂ-ਮਜ਼ਦੂਰਾਂ ਦੇ ਅੰਦੋਲਨਾਂ ਬਾਰੇ ਪੜ੍ਹਨ ਦੀ ਬਹੁਤ ਲੋੜ ਹੈ ਅਤੇ ਉਸਦੇ ਬਿਆਨਾਂ ਤੋਂ ਲੱਗਦਾ ਹੈ ਕਿ ਉਹ ਬਚਪਨ ਤੋਂ ਹੀ ਫਰਸਟ੍ਰੇਸ਼ਨ ਦਾ ਸ਼ਿਕਾਰ ਹੈ।ਉਨ੍ਹਾਂ ਸੁਝਾਅ ਦਿੱਤਾ ਕਿ ਕੰਗਨਾ ਰਣੌਤ ਨੂੰ ਆਪਣੀ ਫਰਸਟ੍ਰੇਸ਼ਨ ਤੋਂ ਰਾਹਤ ਪਾਉਣ ਲਈ ਪੱਕੇ ਤੌਰ 'ਤੇ ਆਪਣਾ ਜੀਵਨ ਸਾਥੀ ਲੱਭਣਾ ਚਾਹੀਦਾ ਹੈ, ਤਾਂ ਕਿ ਉਹ ਲੋਕਾਂ ਤੇ ਬੇਬੁਨਿਆਦ ਚਿੱਕੜ ਉਛਾਲਣਾ ਬੰਦ ਕਰ ਸਕੇ।

# ਸਰਕਾਰੀ ਸਕੂਲ ਦਾਊਂ 'ਚ ਟਾਈਪਿੰਗ ਮੁਕਾਬਲੇ

**ਚੰਡੀਗੜ੍ਹ (ਗੁਰਜੀਤ ਬਿੱਲਾ )** ਜ਼ਿਲ੍ਹਾ ਸਿੱਖਿਆ ਅਫਸਰ ਸ਼੍ਰੀਮਤੀ ਗਿੰਨੀ ਦੁੱਗਲ ਅਤੇ ਜ਼ਿਲ੍ਹਾ ਕੈਰੀਅਰ ਗਾਈਡੈਂਸ ਕੋਆਰਡੀਨੇਟਰ ਸੁਸ਼ੀਲ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਰਕਾਰੀ ਹਾਈ ਸਕੂਲ ਦਾਊਂ ਵਿਖੇ ਕੈਰੀਅਰ ਗਾਈਡੈਂਸ ਗਤੀਵਿਧੀਆਂ ਦੇ ਤਹਿਤ ਬਲਾਕ ਪੱਧਰੀ ਕੰਪਿਊਟਰ ਟਾਈਪਿੰਗ (ਹਿੰਦੀ, ਪੰਜਾਬੀ, ਇੰਗਲਿਸ਼) ਮੁਕਾਬਲੇ ਕਰਵਾਏ ਗਏ।ਜਿਸ ਵਿੱਚ ਜ਼ਿਲ੍ਹੇ ਦੇ ਖਰੜ-1 ਬਲਾਕ ਦੇ ਵੱਖ ਵੱਖ 11 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਬਲਾਕ ਕੈਰੀਅਰ ਅਧਿਆਪਕ ਸਤਵੰਤ ਕੌਰ ਅਤੇ ਸਕੂਲ ਮੁਖੀ ਸ਼੍ਰੀਮਤੀ ਕਿਰਨ ਕੁਮਾਰੀ ਵੱਲੋਂ ਵਿਭਾਗੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪਾਰਦਰਸ਼ੀ ਢੰਗ ਨਾਲ ਇਹ ਮੁਕਾਬਲਾ ਕਰਵਾਇਆ। ਕੰਪਿਊਟਰ ਅਧਿਆਪਕਾ ਸ਼੍ਰੀਮਤੀ ਅੰਜਲੀ ਜੈਨ, ਸ਼੍ਰੀਮਤੀ ਮਨਜਿੰਦਰ ਕੌਰ ਅਤੇ ਸਕੂਲ ਦੇ ਕੈਰੀਅਰ ਗਾਈਡੈਂਸ ਅਧਿਆਪਕ ਸ਼੍ਰੀਮਤੀ ਚਾਰੂ ਸ਼ਰਮਾ ਨੇ ਬਹੁਤ ਹੀ ਬਰੀਕੀ ਅਤੇ ਸੂਝ ਬੂਝ ਨਾਲ ਵਿਦਿਆਰਥੀਆਂ ਤੋਂ ਕੰਪਿਊਟਰ ਤੇ ਟਾਈਪਿੰਗ ਕਰਵਾਈ। ਪੰਜਾਬੀ ਟਾਈਪਿੰਗ ਮੁਕਾਬਲੇ ਵਿੱਚ ਗੌਰਵ ਸਰਕਾਰੀ ਹਾਈ ਸਕੂਲ ਨਿਆਂ ਗਾਓ ਨੇ ਪਹਿਲਾ ਸਥਾਨ, ਅਮਨਜੋਤ ਕੌਰ ਸਰਕਾਰੀ ਹਾਈ ਸਕੂਲ ਦਾਊਂ ਨੇ ਦੂਜਾ ਸਥਾਨ, ਸਮਾਨਿਆ ਸਰਕਾਰੀ ਹਾਈ ਸਕੂਲ ਬਲੌਂਗੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਅੰਗਰੇਜ਼ੀ ਭਾਸ਼ਾ ਟਾਈਪਿੰਗ ਮੁਕਾਬਲੇ ਵਿੱਚ ਕੁੰਦਨ ਕੁਮਾਰ ਸਰਕਾਰੀ ਹਾਈ ਸਕੂਲ ਦਾਊਂ ਨੇ ਪਹਿਲਾ ਸਥਾਨ, ਹਰਸ਼ਵੀਰ ਸਿੰਘ ਸਰਕਾਰੀ ਹਾਈ ਸਕੂਲ ਲਾਂਡਰਾਂ ਨੇ ਦੂਜਾ ਸਥਾਨ ਸਾਹਿਲ ਸਰਕਾਰੀ ਹਾਈ ਸਕੂਲ ਨਿਆ ਸ਼ਹਿਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸੈਕੰਡਰੀ ਵਿਭਾਗ ਵਿੱਚ ਅੰਗਰੇਜ਼ੀ ਭਾਸ਼ਾ ਟਾਈਪਿੰਗ ਵਿੱਚ ਰਾਜਪ੍ਰੀਤ ਕੌਰ ਸੀਨੀਅਰ ਸੈਕੰਡਰੀ ਸਕੂਲ ਮਛਲੀ ਕਲਾਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਹਨਾ ਭਾਸ਼ਾ ਟਾਈਪਿੰਗ ਮੁਕਾਬਲਿਆ ਦਾ ਮੰਤਵ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਵਿਦਿਆਰਥੀ ਸਕੂਲਾਂ ਵਿੱਚ ਪੜ੍ਹਾਏ ਜਾ ਰਹੇ ਕੰਪਿਊਟਰ ਵਿਸ਼ੇ ਦੇ ਗਿਆਨ ਨੂੰ ਵੱਧ ਤੋਂ ਵੱਧ ਗ੍ਰਹਿਣ ਕਰਨ ਅਤੇ ਆਪਣੇ ਜੀਵਨ ਵਿੱਚ ਕੰਪਿਊਟਰ ਟਾਈਪਿੰਗ ਕਿੱਤਾ ਅਪਨਾ ਕੇ ਸਵੈ ਰੋਜ਼ਗਾਰ ਪ੍ਰਾਪਤ ਕਰਨ ।

# ਪੰਜਾਬ ਸਬ-ਜੂਨੀਅਰ ਮੈਨ ਹਾਕੀ ਟੀਮ ਦੇ ਚੋਣ ਟਰਾਇਲ 29 ਨੂੰ

**ਜਲੰਧਰ ( ਸ਼ੈਲੀ ਐਲਬਰਟ )**- ਹਾਕੀ ਇੰਡੀਆ ਵਲੋਂ 14ਵੀਂ ਹਾਕੀ ਇੰਡੀਆ ਸਬ-ਜੂਨੀਅਰ ਮੈਨ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਚੰਡੀਗੜ੍ਹ ਵਿਖੇ 23 ਸਤੰਬਰ ਤੋਂ 3 ਅਕਤੂਬਰ ਤੱਕ ਕਰਵਾਈ ਜਾ ਰਹੀ ਹੈ। ਇਸ ਵਿੱਚ ਭਾਗ ਲੈਣ ਵਾਲੀ ਪੰਜਾਬ ਸਬ-ਜੂਨੀਅਰ ਮੈਨ ਹਾਕੀ ਟੀਮ ਦੀ ਚੋਣ ਲਈ ਚੋਣ ਟਰਾਇਲ 29 ਅਗਸਤ ਨੂੰ ਸਵੇਰੇ 8 ਵਜੇ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਜਲੰਧਰ ਵਿਖੇ ਕਰਵਾਏ ਜਾਣਗੇ। ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਦੱਸਿਆ ਕਿ ਇਨ੍ਹਾਂ ਚੋਣ ਟਰਾਇਲਾਂ ਵਿੱਚ 1-1-2008 ਤੋਂ ਬਾਅਦ ਦੇ ਜਨਮੇ ਖਿਡਾਰੀ ਭਾਗ ਲੈ ਸਕਦੇ ਹਨ। ਇਨ੍ਹਾਂ ਚੋਣ ਟਰਾਇਲਾਂ ਵਿੱਚ ਭਾਗ ਲੈਣ ਵਾਲੇ ਖਿਡਾਰੀ ਚੋਣ ਟਰਾਇਲਾਂ ਸਮੇਂ ਆਪਣੇ ਅਸਲ ਆਧਾਰ ਕਾਰਡ ਨਾਲ ਲੈ ਕੇ ਆਉਣ। ਅਸਲ ਆਧਾਰ ਕਾਰਡ ਨਾ ਹੋਣ ਦੀ ਸੂਰਤ ਵਿੱਚ ਖਿਡਾਰੀ ਨੂੰ ਚੋਣ ਟਰਾਇਲਾਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।

# ਅਗਾਂਹਵਧੂ ਤੇ ਉਤਸ਼ਾਹੀ ਸ਼ਖ਼ਸੀਅਤ ਜਤਿੰਦਰ ਸਿੰਘ ਖਾਲਸਾ



**ਫਗਵਾੜਾ (ਡਾ ਰਮਨ)**- ਜਤਿੰਦਰ ਸਿੰਘ ਖਾਲਸਾ ਇਲਾਕਾ ਫਗਵਾੜਾ ਦੀ ਉੱਘੀ ਅਤੇ ਜਾਣੀ ਪਛਾਣੀ ਸ਼ਖ਼ਸੀਅਤ ਹਨ। ਉਹ ਸਿਹਤ, ਸਿੱਖਿਆ, ਵਾਤਾਵਰਣ ਅਤੇ ਸਾਹਿਤਕ ਗਤੀਵਿਧੀਆਂ ਦੇ ਨਾਲ ਨਾਲ ਮਹਾਨ ਕੀਰਤਨ ਦਰਬਾਰਾਂ ਅਤੇ ਨਗਰ ਕੀਰਤਨ ਦਰਬਾਰਾਂ ਦਾ ਆਯੋਜਨ ਕਰਵਾ ਕੇ ਵੱਖ-ਵੱਖ ਵਰਗਾਂ ਦੀ ਸੇਵਾ ਕਰ ਰਹੇ ਹਨ। ਕਰੋਨਾ ਵਾਇਰਸ ਮਹਾਂਮਾਰੀ ਦੌਰਾਨ ਵੀ ਲੋੜਵੰਦਾਂ ਲਈ ਲੰਗਰ, ਆਰਥਿਕ ਸਹਾਇਤਾ ਅਤੇ ਰਾਸ਼ਨ ਦੀ ਸੇਵਾ ਕਰਕੇ ਆਪਣਾ ਬਣਦਾ ਯੋਗਦਾਨ ਪਾਉਂਦੇ ਰਹੇ। ਅੱਜਕੱਲ੍ਹ ਵਾਤਾਵਰਣ ਦੀ ਸੰਭਾਲ ਲਈ ਵੱਖ-ਵੱਖ ਪਾਰਕਾਂ, ਖਾਲੀ ਜਗ੍ਹਾਂ ਅਤੇ ਇਤਿਹਾਸਕ ਸਥਾਨਾਂ 'ਤੇ ਬੂਟੇ ਲਗਾ ਕੇ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ। ਸੰਗੀਤ ਅਤੇ ਗੁਰਬਾਣੀ ਕੀਰਤਨ ਨਾਲ ਅਥਾਹ ਪਿਆਰ ਕਰਨ ਵਾਲੇ, ਵਾਤਾਵਰਣ ਦੀ ਸੰਭਾਲ ਅਤੇ ਹਰਿਆਲੀ ਲਈ ਬੂਟੇ ਲਗਾਉਣਾ, ਕੁਦਰਤ ਨਾਲ ਅਥਾਹ ਪਿਆਰ, ਬਹੁਤ ਹੀ ਪਿਆਰੀ ਰੂਹ ਖਾਲਸਾ ਹਰ ਵਿਅਕਤੀ ਨੂੰ ਪਹਿਲੀ ਮਿਲਣੀ ਦੌਰਾਨ ਹੀ ਆਪਣਾ ਬਣਾ ਲੈਂਦੇ ਹਨ। ਹਰ ਵਿਅਕਤੀ ਦੇ ਕੰਮ ਆਉਣਾ ਉਨ੍ਹਾਂ ਦੇ ਸੁਭਾਅ ਵਿੱਚ ਹੈ। ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਵਿਖੇ ਕਰਵਾਏ ਜਾਂਦੇ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਉਂਦੇ ਹਨ। ਸੰਨ 1971 ਈਸਵੀ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਹੰਬੜਾਂ ਵਿੱਚ ਬ੍ਰਹਮਾ ਸਿੰਘ ਹੈਡਮਾਸਟਰ ਅਤੇ ਮਾਤਾ ਗੁਰਬਖ਼ਸ਼ ਕੌਰ ਦੇ ਘਰ ਜਨਮੇ ਜਤਿੰਦਰ ਸਿੰਘ ਖਾਲਸਾ ਨੇ ਆਪਣੀ ਪੜ੍ਹਾਈ ਦੌਰਾਨ ਹੀ ਅਨੇਕਾਂ ਸਾਹਿਤਕ, ਧਾਰਮਿਕ ਅਤੇ ਸਮਾਜ ਸੁਧਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਉਹ ਕਾਲਜ ਸਮੇਂ ਹੀ ਪੰਜਾਬੀ ਸਾਹਿਤ ਸਭਾ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਸ੍ਰੀ ਗੁਰੂ ਰਵਿਦਾਸ ਐਸੋਸੀਏਸ਼ਨ ਅਤੇ ਐਨ.ਐਸ.ਐਸ. ਦੇ ਸਰਗਰਮ ਮੈਂਬਰ ਰਹੇ ਹਨ। ਉਹ ਅੰਤਰ ਕਾਲਜ ਗਰੁੱਪ ਸ਼ਬਦ ਗਾਇਨ, ਕੁਇਜ਼, ਨਾਟਕ ਅਤੇ ਕਵਿਤਾ ਆਦਿ ਮੁਕਾਬਲਿਆ ਵਿੱਚ ਇਨਾਮ ਜਿੱਤ ਕੇ ਕਾਲਜ ਦਾ ਨਾਮ ਰੌਸ਼ਨ ਕਰਦੇ ਰਹੇ ਹਨ। ਅੱਜਕੱਲ੍ਹ ਉਹ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਦੇ ਚੇਅਰਮੈਨ, ਬਾਬਾ ਜ਼ੋਰਾਵਰ ਸਿੰਘ-ਬਾਬਾ ਫਤਿਹ ਸਿੰਘ ਵੈਲਫੇਅਰ ਸੁਸਾਇਟੀ (ਰਜਿ) ਦੇ ਪ੍ਰਧਾਨ, ਬਾਬਾ ਸੰਗਤ ਸਿੰਘ ਖਾਲਸਾ ਦਲ (ਰਜਿ) ਪੰਜਾਬ ਦੇ ਮੀਤ ਪ੍ਰਧਾਨ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੈਲਫੇਅਰ ਸੁਸਾਇਟੀ ਫਗਵਾੜਾ ਦੇ ਪ੍ਰਧਾਨ, ਪ੍ਰਾਈਵੇਟ ਕਾਲਜ ਨਾਨ-ਟੀਚਿੰਗ ਇੰਪਲਾਈਜ਼ ਯੂਨੀਅਨ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਪ੍ਰਧਾਨ ਵਜੋਂ ਆਪਣੀਆਂ ਸੇਵਾਵਾਂ ਪੂਰੀ ਤਨਦੇਹੀ ਨਾਲ ਨਿਭਾ ਰਹੇ ਹਨ। ਖਾਲਸਾ ਨੂੰ ਹੁਣ ਤੱਕ ਕਈ ਇਨਾਮਾਂ ਸਨਮਾਨਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੂੰ ਸਨਮਾਨਿਤ ਕਰਨ ਵਾਲੀਆਂ ਸੰਸਥਾਵਾਂ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਮੀਰੀ ਪੀਰੀ ਇੰਟਰਨੈਸ਼ਨਲ ਢਾਡੀ ਸਭਾ ਪੰਜਾਬ, ਨਿਸ਼ਚੈ ਇਕ ਕਾਫਲਾ ਲੁਧਿਆਣਾ, ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਗੁਰਮਿਤ ਸੰਗੀਤ ਅਕੈਡਮੀ ਜਲੰਧਰ, ਸ੍ਰੀ ਗੁਰੂ ਤੇਗ ਬਹਾਦਰ ਦਲ ਫਗਵਾੜਾ ਆਦਿ ਦੇ ਨਾਮ ਪ੍ਰਮੁੱਖ ਹਨ। ਸਮਾਜ ਅਤੇ ਸਿਖਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਕਾਰਜਾਂ ਲਈ ਉਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ ਸਿੱਖਿਆ ਵਿਭਾਗ ਸਲਾਹਕਾਰ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਜਾ ਚੁੱਕਾ ਹੈ।ਇਸੇ ਤਰ੍ਹਾਂ ਸਰਬ ਸੰਮਤੀ ਨਾਲ ਮੈਂਬਰ ਪੰਚਾਇਤ ਵੀ ਚੁਣਿਆ ਜਾ ਚੁੱਕਾ ਹੈ। ਅੱਜਕੱਲ ਖਾਲਸਾ ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਫਗਵਾੜਾ ਵਿਖੇ ਪ੍ਰਬੰਧਕੀ ਬਲਾਕ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ ।

ਖਾਲਸਾ ਨੂੰ ਆਪਣੇ ਪਰਵਾਰ ਧਰਮ ਪਤਨੀ ਅਧਿਆਪਕਾ ਪਰਮਿੰਦਰ ਕੌਰ ਖਾਲਸਾ ਅਤੇ ਬੇਟੀਆਂ ਹਰਸ਼ਦੀਪ ਕੌਰ ਅਤੇ ਸੁਖਲੀਨ ਕੌਰ ਵਲੋਂ ਪੂਰਨ ਸਹਿਯੋਗ ਮਿਲਦਾ ਹੈ। ਨਵੇਂ ਅਤੇ ਗੁਣੀ ਰਾਗੀ / ਢਾਡੀ ਜਥਿਆਂ ਨੂੰ ਸੰਗਤ ਦੇ ਰੂ-ਬ-ਰੂ ਕਰਵਾ ਕੇ ਉਨ੍ਹਾਂ ਨੂੰ ਸਥਾਪਿਤ ਕਰਨਾ ਉਨ੍ਹਾਂ ਦੇ ਜੀਵਨ ਦੇ ਮਨੋਰਥਾਂ ਵਿੱਚ ਸ਼ਾਮਿਲ ਹੈ। ਖਾਲਸਾ ਕੀਰਤਨ ਦਰਬਾਰਾਂ ਅਤੇ ਧਾਰਮਿਕ ਸਮਾਗਮਾਂ ਵਿੱਚ ਸਟੇਜ ਸਕੱਤਰ ਦੀ ਬਾਖੂਬੀ ਸੇਵਾ ਨਿਭਾਉਂਦੇ ਹਨ।

# ਕੈਬਨਿਟ ਮੰਤਰੀ ਬੈਂਸ ਤੇ ਮੈਂਬਰ ਪਾਰਲੀਮੈਂਟ ਮਾਲਵਿੰਦਰ ਕੰਗ ਨੇ ਧਾਰਮਿਕ ਸਮਾਗਮਾਂ 'ਚ ਕੀਤੀ ਸ਼ਮੂਲੀਅਤ



**ਭਲਾਣ (ਹਰਭਜਨ ਢਿੱਲੋਂ)**- ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਦਿਹਾੜੇ ਮੌਕੇ ਜਨਮ ਅਸ਼ਟਮੀ ਦੇ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਲਈ ਪਹੁੰਚੇ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਦੁਆਪਰ ਯੁੱਗ ਦੇ ਨਿਸ਼ਕਾਮ ਕਰਮਯੋਗੀ ਤੇ ਸਰਵਸ੍ਰੇਸ਼ਠ ਯੁੱਗ ਪੁਰਸ਼ ਭਗਵਾਨ ਸ੍ਰੀ ਕ੍ਰਿਸ਼ਨ ਨੇ ਹਮੇਸ਼ਾ ਮਾਨਵਤਾ ਦੇ ਕਲਿਆਣ ਤੇ ਆਪਸੀ ਪ੍ਰੇਮ ਦਾ ਸੰਦੇਸ਼ ਦਿੱਤਾ ਹੈ। ਬੀਤੀ ਸ਼ਾਮ ਜਨਮ ਅਸ਼ਟਮੀ ਦੇ ਸਮਾਗਮਾਂ ਵਿੱਚ ਨੰਗਲ ਵਿਖੇ ਵੱਖ ਵੱਖ ਧਾਰਮਿਕ ਸਥਾਨਕ ਲਕਸ਼ਮੀ ਨਰਾਇਣ ਮੰਦਰ ਜਵਾਹਰ ਮਾਰਕਿਟ, ਊਸ਼ਾ ਮੰਦਰ ਰਾਜ ਨਗਰ, ਲਕਸ਼ਮੀ ਨਰਾਇਣ ਮੰਦਰ ਨੇੜੇ ਗੁ:ਘਾਟ ਸਾਹਿਬ, ਗੀਤਾ ਮੰਦਰ ਸੈਕਟਰ 2 ਨਯਾ ਨੰਗਲ ਤੇ ਦੁਰਗਾ ਮੰਦਰ ਸ਼ਿਵਾਲਿਕ ਐਵੇਨਿਊ ਨਯਾ ਨੰਗਲ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਭਗਵਾਨ ਸ੍ਰੀ ਕ੍ਰਿਸ਼ਨ ਦੇ ਸਮਕਾਲੀਨ ਮਹਾਰਿਸ਼ੀ ਵੇਦ ਵਿਆਸ ਵੱਲੋਂ ਰਚਿਤ ਸ੍ਰੀਮੱਦ ਭਾਗਵਤ ਅਤੇ ਮਹਾਭਾਰਤ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਦੇ ਜੀਵਨ ਬਾਰੇ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ।ਉਨ੍ਹਾਂ ਨੇ ਆਪਣੇ ਸਮੁੱਚੇ ਜੀਵਨ ਦੌਰਾਨ ਮਾਨਵਤਾ ਦੀ ਭਲਾਈ ਦਾ ਸੰਦੇਸ਼ ਦਿੱਤਾ। ਬਾਲ ਉਮਰ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਨੇ ਬਿੰਦਾਬਨ ਵਿੱਚ ਆਪਣਾ ਬਾਲਪਨ ਬਿਤਾਇਆ ਅਤੇ ਬਾਅਦ ਵਿੱਚ ਦੁਆਰਕਾਦੀਸ਼ ਬਣੇ। ਉਨ੍ਹਾਂ ਕਿਹਾ ਕਿ ਅਸੀਂ ਭਗਵਾਨ ਸ੍ਰੀ ਕ੍ਰਿਸ਼ਨ ਦੇ ਜੀਵਨ ਤੋਂ ਸਿੱਖਿਆਵਾਂ ਲੈ ਕੇ ਆਪਣਾ ਜੀਵਨ ਸਫਲ ਬਣਾ ਰਹੇ ਹਾਂ।ਇਸ ਮੌਕੇ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਨੇ ਸੰਗਤਾਂ ਨੂੰ ਸ੍ਰੀ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਉਹ ਆਪਣੇ ਆਪ ਨੂੰ ਬਹੁਤ ਭਾਗਾਂ ਵਾਲੇ ਸਮਝਦੇ ਹਨ ਜਿਨ੍ਹਾਂ ਨੂੰ ਆਪ ਸਭ ਸੰਗਤਾਂ ਦੇ ਅਸ਼ੀਰਵਾਦ ਸਦਕਾ ਮਹਾਨ ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਅਤੇ ਲੋਕ ਸਭਾ ਵਿੱਚ ਆਪਣੇ ਹਲਕੇ ਤੇ ਪੰਜਾਬ ਦੀ ਅਵਾਜ਼ ਚੁੱਕਣ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਲੱਖਾਂ ਧਾਰਮਿਕ ਸਥਾਨਾਂ ਤੇ ਉਨ੍ਹਾਂ ਦੇ ਜਨਮ ਦੇ ਸਬੰਧ ਵਿਚ ਵੱਡੇ ਵੱਡੇ ਸਮਾਗਮ ਹੋ ਰਹੇ ਹਨ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਮਾਲਵਿੰਦਰ ਸਿੰਘ ਕੰਗ ਵੱਲੋਂ ਸਮੂਹ ਧਾਰਮਿਕ ਸਭਾਵਾਂ ਤੇ ਮੰਦਰ ਕਮੇਟੀਆਂ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਵੱਖ ਵੱਖ ਮੰਦਰ ਕਮੇਟੀਆਂ ਤੇ ਧਰਮ ਸਭਾਵਾਂ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ।ਇਸ ਮੌਕੇ ਵੱਖ ਵੱਖ ਧਾਰਮਿਕ ਸਮਾਗਮਾਂ ਦੇ ਪ੍ਰਬੰਧਕਾਂ ਤੋਂ ਇਲਾਵਾ ਡਾਇਰੈਕਟਰ ਮਨਜੀਤ ਸਿੰਘ ਘੁੰਮਣ, ਡਾ. ਸੰਜੀਵ ਗੌਤਮ ਸੂਬਾ ਪ੍ਰਧਾਨ ਡਾ.ਵਿੰਗ, ਦੀਪਕ ਸੋਨੀ ਮੀਡੀਆ ਕੁਆਰਡੀਨੇਟਰ, ਸਤੀਸ਼ ਚੋਪੜਾ, ਗੁਰਵਿੰਦਰ ਸ਼ੇਕਰ, ਦੀਪਕ ਅਬਰੋਲ ਕਾਕਾ ਨਾਨਗਰਾਂ, ਦੀਪਕ ਬਾਸ, ਸੁਮਿਤ ਤਲਵਾੜਾ, ਮਨਜੋਤ ਸਿੰਘ, ਸੁਮਿਤ ਸ਼ਰਮਾ, ਨਾਰਾਇਣ ਸ਼ਰਮਾ, ਇਮਰਾਨ ਖਾਨ, ਮਨੂ ਪੁਰੀ, ਆਸ਼ੂ ਬਾਸ, ਰਿਸ਼ਵ ਉੱਪਲ, ਅਮਨ ਬਾਲੀ, ਯੱਗ ਦੱਤ, ਮੋਹਿਤ ਕੁਮਾਰ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

# ਡਿਪਟੀ ਕਮਿਸ਼ਨਰ ਨੇ ਲੋਕਾਂ ਦੀਆਂ ਸਮਸਿਆਵਾਂ ਸੁਣੀਆਂ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)** ਆਮ ਲੋਕਾਂ ਨੂੰ ਸਾਫ ਸੁਥਰਾ ਪ੍ਰਸ਼ਾਸਨ ਦੇਣਾ ਸਾਡੀ ਜਿੰਮੇਵਾਰੀ ਹੈ।ਲੋਕਾਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਲਾਂ ਦਾ ਹੱਲ ਕਰਨ ਲਈ ਉਨ੍ਹਾਂ ਦੇ ਘਰਾਂ ਨੇੜੇ ਸਾਂਝੀ ਥਾਂ 'ਤੇ ਜਨ ਸੁਣਵਾਈ ਕੈਂਪ ਲਗਾਏ ਜਾ ਰਹੇ ਹਨ।ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਿੰਡ ਟੱਪਰੀਆਂ ਘੜੀਸਪੁਰ ਵਿੱਚ ਲਗਾਏ ਜਨ ਸੁਣਵਾਈ ਕੈਂਪ ਦੌਰਾਨ ਇਲਾਕੇ ਦੇ ਲੋਕਾਂ ਨਾਲ ਵਿਸ਼ੇਸ਼ ਗੱਲਬਾਤ ਕਰਦੇ ਹੋਏ ਕੀਤਾ। ਕੈਂਪ ਦੌਰਾਨ ਪਿੰਡ ਸੁਰਤਾਪੁਰ ਬੜਾ ਤੇ ਮੋਜੀਜਦੀਨਪੁਰ ਦੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਵੀ ਸੁਣੀਆ।ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਦੂਰ ਦੁਰਾਡੇ ਪਿੰਡਾਂ 'ਚ ਰਹਿ ਰਹੇ ਲੋਕ ਸਮੇਂ ਦੀ ਘਾਟ ਕਾਰਨ ਵੱਖ-ਵੱਖ ਵਿਭਾਗਾਂ ਦੇ ਦਫਤਰਾਂ ਤੱਕ ਪਹੁੰਚ ਕਰਕੇ ਆਪਣੀਆ ਸਮੱਸਿਆਵਾਂ ਦਾ ਹੱਲ ਕਰਵਾਉਣ ਤੋਂ ਵਾਝੇ ਰਹਿ ਜਾਂਦੇ ਹਨ, ਜਿਸ ਕਾਰਨ ਪਿੰਡਾਂ ਵਿੱਚ ਇਹ ਕੈਂਪ ਲਗਾ ਕੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਲਾਂ ਦਾ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ ਆਏ ਲੋਕਾਂ ਨੇ ਆਪਣੀਆ ਸਮੱਸਿਆਵਾਂ ਦੱਸੀਆਂ ਅਤੇ ਯੋਗ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ।ਜਿਹੜੇ ਮਾਮਲੇ ਕਿਸੇ ਕਾਰਨ ਬਕਾਇਆ ਰਹੇ ਉਨ੍ਹਾਂ ਨੂੰ ਸਮਾਬੱਧ ਹੱਲ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੰਜੀਵ ਕੁਮਾਰ, ਐੱਸ ਡੀ ਐਮ ਅਮਰੀਕ ਸਿੰਘ ਸਿੱਧੂ , ਡੀ ਪੀ ਆਰ ਓ ਕਰਨ ਮਹਿਤਾ, ਬੀ ਡੀ ਪੀ ਓ ਅਜੈਬ ਸਿੰਘ ਅਤੇ ਨਾਇਬ ਤਹਿਸੀਲਦਾਰ ਦਵਿੰਦਰਜੀਤ ਕੌਰ ਆਦਿ ਹਾਜ਼ਰ ਸਨ।

# ਚੱਬੇਵਾਲ ਦੇ ਸਕੂਲਾਂ 'ਚ 2 ਕਰੋੜ 10 ਲੱਖ ਰੁਪਏ ਨਾਲ ਪਖਾਨੇ ਤੇ ਕਲਾਸਰੂਮ ਬਣਾਏ ਜਾ ਰਹੇ : ਡਾ. ਚੱਬੇਵਾਲ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)** ਵਿਧਾਨ ਸਭਾ ਹਲਕਾ ਚੱਬੇਵਾਲ ਦੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕਰੀਬ 2 ਕਰੋੜ 10 ਲੱਖ ਰੁਪਏ ਦੀ ਰਾਸ਼ੀ ਨਾਲ ਕੰਮ ਕੀਤਾ ਜਾਵੇਗਾ।ਇਹ ਜਾਣਕਾਰੀ ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ ਨੇ ਪਿੰਡ ਗੋਗੜੋ ਵਿੱਚ ਸਪੋਰਟਸ ਕਲੱਬ ਵੱਲੋਂ ਕਰਵਾਏ ਸਮਾਗਮ ਦੌਰਾਨ ਹਾਜ਼ਰ ਲੋਕਾਂ ਨਾਲ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਨਾਲ ਡਾ. ਇਸ਼ਾਂਕ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਉਨ੍ਹਾਂ ਦੱਸਿਆ ਕਿ ਇਹ ਰਾਸ਼ੀ ਸਕੂਲਾਂ ਵਿੱਚ ਪਖਾਨਿਆਂ, ਮਾਮੂਲੀ ਮੁਰੰਮਤ ਅਤੇ ਹੋਰ ਕਲਾਸ ਲਈ ਕਮਰਿਆਂ ਦੀ ਉਸਾਰੀ ਅਤੇ ਚਾਰਦੀਵਾਰੀ ਬਣਾਉਣ ਲਈ ਵਰਤੀ ਜਾ ਰਹੀ ਹੈ।ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਨੂੰ ਬਿਹਤਰ ਵਿਦਿਅਕ ਮਾਹੌਲ ਪ੍ਰਦਾਨ ਕਰਨਾ ਹੈ, ਜਿਸ ਨਾਲ ਉਨ੍ਹਾਂ ਦੀ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਹੋ ਸਕਦਾ ਹੈ ਅਤੇ ਸਕੂਲ ਛੱਡਣ ਦੀ ਦਰ ਨੂੰ ਘਟਾਉਣਾ ਹੈ।ਇਸ ਦ੍ਰਿਸ਼ਟੀਕੋਣ ਤਹਿਤ ਉਨ੍ਹਾਂ ਨੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਲੋੜੀਂਦੇ ਫੰਡਾਂ ਨੂੰ ਮਨਜ਼ੂਰੀ ਦਿੱਤੀ ਹੈ।ਇਹ ਰਾਸ਼ੀ ਵਿਸ਼ੇਸ਼ ਤੌਰ 'ਤੇ ਉਨ੍ਹਾਂ ਸਕੂਲਾਂ ਲਈ ਦਿੱਤੀ ਗਈ ਹੈ ਜਿੱਥੇ ਬੁਨਿਆਦੀ ਸਹੂਲਤਾਂ ਦੀ ਘਾਟ ਹੈ ਅਤੇ ਇਸ ਕਾਰਨ ਵਿਦਿਆਰਥੀ ਪ੍ਰਭਾਵਿਤ ਹੋ ਰਹੇ ਹਨ।ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਇਹ ਰਾਸ਼ੀ ਸੋਚ ਸਮਝ ਕੇ ਅਤੇ ਲੋੜ ਅਨੁਸਾਰ ਵੰਡੀ ਜਾਵੇਗੀ। ਕੁਝ ਸਕੂਲਾਂ ਵਿੱਚ ਪਖਾਨਿਆਂ ਦੀ ਘਾਟ ਹੈ, ਜਦੋਂ ਕਿ ਹੋਰਾਂ ਵਿੱਚ ਕਲਾਸਰੂਮਾਂ ਦੀ ਗਿਣਤੀ ਵਧਾਉਣ ਦੀ ਲੋੜ ਹੈ।ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਉਨ੍ਹਾਂ ਦੀ ਤਰਜੀਹ ਹਮੇਸ਼ਾ ਹੀ ਆਪਣੇ ਇਲਾਕੇ ਦਾ ਸਰਬਪੱਖੀ ਵਿਕਾਸ ਰਹੀ ਹੈ।ਇਸ ਮੌਕੇ ਪਰਵਿੰਦਰ ਸਿੰਘ ਪਿੰਦਾ ਕਲੱਬ ਪ੍ਰਧਾਨ, ਸੁਰਿੰਦਰ ਸਿੰਘ ਘੋਲੀ, ਸਾਬਕਾ ਸਰਪੰਚ ਓਮਕਾਰ ਸਿੰਘ, ਸਰਪੰਚ ਨਿਰੰਜਣ ਸਿੰਘ ਮਹਿਮਦੋਵਾਲ, ਕਮੇਟੀ ਮੈਂਬਰ ਹਰਜਿੰਦਰ ਸਿੰਘ, ਚਰਨਜੀਤ ਸਿੰਘ ਸਰਪੰਚ ਮੇਲੀ, ਸੋਹਣ ਸਿੰਘ ਸਰਪੰਚ ਭੁੱਲੇਵਾਲ ਗੁੱਜਰਾਂ, ਮਾਸਟਰ ਸੰਦੀਪ ਸਿੰਘ ਅਤੇ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਹਾਜ਼ਰ ਸਨ।

# ਪੰਜਾਬੀ ਮਾਂ ਬੋਲੀ ਦੀਆਂ ਸੇਵਾਵਾਂ ਲਈ ਮਾਂ-ਧੀ ਦਾ ਸਨਮਾਨ



**ਬੰਗਾ (ਅਵਤਾਰ ਕਲੇਰ)** ਪੰਜਾਬੀ ਮਾਂ ਬੋਲੀ ਨੂੰ ਪ੍ਰਫੁਲਿਤ ਕਰਨ ਹਿੱਤ ਖਾਸ ਕਰਕੇ ਪੰਜਾਬੀ ਵਰਨਮਾਲਾ ਦੇ ਸਰਲ ਤਰੀਕੇ ਨਾਲ ਪ੍ਰਚਾਰ ਪਸਾਰ ਲਈ ਕਾਰਜਸ਼ੀਲ ਅਧਿਆਪਕਾ ਅਮਰ ਜਿੰਦ ਅਤੇ ਉਹਨਾਂ ਦੀ ਧੀ ਨੂਰ ਦਾ ਸਨਮਾਨ ਕੀਤਾ ਗਿਆ।ਇਹ ਸਨਮਾਨ ਰਸਮ ਨਵਜੋਤ ਸਾਹਿਤ ਸੰਸਥਾ ਔੜ ਦੇ ਬੈਨਰ ਹੇਠ ਉਹਨਾਂ ਦੇ ਗ੍ਰਹਿ ਵਿਖੇ ਨਿਭਾਈ ਗਈ।ਸੰਸਥਾ ਦੇ ਪ੍ਰਧਾਨ ਗੁਰਨੇਕ ਸ਼ੇਰ ਨੇ ਕਿਹਾ ਕਿ ਪੰਜਾਬੀ ਵਰਨਮਾਲਾ ਨੂੰ ਅੱਖਰਾਂ ਨਾਲ ਸਬੰਧਤ ਵਸਤੂਆਂ ਰਾਹੀਂ ਜਾਣਕਾਰੀ ਪ੍ਰਦਾਨ ਕਰਕੇ ਅਤੇ ਹਰ ਅੱਖਰ ਨੂੰ ਇਹਨਾਂ ਵਸਤੂਆਂ ਰਾਹੀਂ ਦੱਸਦਿਆ ਗੁਣਗਣਾਉਣ ਵਿਧੀ ਰਾਹੀਂ ਪੇਸ਼ ਕਰਕੇ ਨਿਵੇਕਲੀ ਪਿਰਤ ਪਾਈ ਹੈ। ਉਹਨਾਂ ਕਿਹਾ ਕਿ ਸ਼ੋਸ਼ਲ ਮੀਡੀਆ 'ਤੇ ਇਹ ਵਿਧੀ ਪੰਜਾਬੀ ਨਾਲ ਜੁੜਣ ਦੀ ਲਈ ਉਤਸ਼ਾਹ ਸਿੱਧ ਹੋ ਰਹੀ ਹੈ ਅਤੇ ਸੰਸਥਾ ਵਲੋਂ ਸਮੂਹ ਅਹੁਦੇਦਾਰ ਇਸ ਕਾਰਜ ਲਈ ਇਸ ਹੋਣਹਾਰ ਮਾਂ ਧੀ ਦਾ ਸਨਮਾਨ ਕਰਦਿਆਂ ਮਾਣ ਮਹਿਸੂਸ ਕਰ ਰਹੇ ਹਨ।

ਮੈਡਮ ਅਮਰ ਜਿੰਦ ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਾਹਲੋਂ ਵਿਖੇ ਤਾਇਨਾਤ ਹਨ ਅਤੇ ਉਹਨਾਂ ਦੀ ਧੀ ਨੂਰ ਜੋ ਕਿ ਪਹਿਲੀ ਜਮਾਤ ਦੀ ਵਿਦਿਆਰਥਣ ਹੈ ਨੇ ਸੰਸਥਾ ਵੱਲੋਂ ਦਿੱਤੇ ਇਸ ਮਾਣ ਸਨਮਾਨ ਲਈ ਧੰਨਵਾਦ ਕੀਤਾ।ਉਹਨਾਂ ਕਿਹਾ ਕਿ ਸੰਸਥਾ ਵਲੋਂ ਹੋਈ ਉਹਨਾਂ ਦੀ ਇਹ ਹੌਸਲਾ ਅਫ਼ਜਾਈ ਭਵਿੱਖ ਵਿੱਚ ਵੀ ਪੰਜਾਬੀ ਮਾਂ ਬੋਲੀ ਦੀ ਸੇਵਾ ਹਿੱਤ ਚੌਗੁਣੇ ਬਲ ਨਾਲ ਕਾਰਜ ਕਰਨ ਲਈ ਪ੍ਰੇਰਨਾ ਦਾ ਸ੍ਰੋਤ ਸਾਬਤ ਹੋਵੇਗੀ।ਇਸ ਮੌਕੇ ਸੰਸਥਾ ਦੇ ਅਹੁਦੇਦਾਰਾਂ ਵਿੱਚ ਸਤਪਾਲ ਸਾਹਲੋਂ, ਰਜਨੀ ਸ਼ਰਮਾ, ਸੁਰਜੀਤ ਮਜਾਰੀ, ਦਵਿੰਦਰ ਸਕੋਹਪੁਰੀ, ਰਾਜਿੰਦਰ ਜੱਸਲ, ਰੇਸ਼ਮ ਕਰਨਾਣਵੀ, ਹਰਮਿੰਦਰ ਹੈਰੀ, ਹਰੀ ਕ੍ਰਿਸ਼ਨ ਪਟਵਾਰੀ, ਦਵਿੰਦਰ ਬੇਗਮਪੁਰੀ, ਕੇਵਲ ਰਾਮ ਮਹੇ, ਰਾਮ ਨਾਥ ਕਟਾਰੀਆ ਆਦਿ ਸ਼ਾਮਲ ਸਨ।

# ਜ਼ਿਲ੍ਹਾ ਪੱਧਰੀ ਖੇਡਾਂ 'ਚ ਹਿਮਾਲਿਆ ਸਕੂਲ ਮੁਜਾਫ਼ਤ ਦਾ ਸ਼ਾਨਦਾਰ ਪ੍ਰਦਰਸ਼ਨ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**-ਜ਼ਿਲ੍ਹਾ ਪੱਧਰੀ ਖੇਡਾਂ 'ਚ ਤਾਇਕਵਾਂਡੋ ਅਤੇ ਕਰਾਟੇ ਦੇ ਗਾਂਧੀ ਸਕੂਲ ਰੂਪਨਗਰ ਵਿਖੇ ਕਰਵਾਏ ਗਏ ਮੁਕਾਬਲਿਆਂ ਦੌਰਾਨ ਹਿਮਾਲਿਆ ਪਬਲਿਕ ਸਕੂਲ ਮੁਜਾਫ਼ਤ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹੇ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ।ਤਾਇਕਵਾਂਡੋ ਦੇ ਮੁਕਾਬਲੇ 'ਚ 13 ਸੋਨੇ ਦੇ, 7 ਚਾਂਦੀ ਦੇ ਅਤੇ 4 ਕਾਂਸੇ ਦੇ ਤਗਮੇ ਵੱਖ-ਵੱਖ ਉਮਰ ਵਰਗਾਂ ਅਤੇ ਭਾਰ ਵਰਗਾਂ 'ਚ ਹਾਸਲ ਕੀਤੇ। ਉਮਰ ਵਰਗ ਅੰਡਰ-19 ਵਿੱਚ ਕਮਲਦੀਪ ਕੌਰ, ਮਹਿਕ ਵਿਰਦੀ, ਪਰਨੀਤ ਕੌਰ, ਸਹਿਜਪ੍ਰੀਤ ਕੌਰ ਨੇ ਸੋਨੇ ਦੇ ਤਗਮੇ ਪ੍ਰਾਪਤ ਕੀਤੇ।ਅੰਡਰ-17 ਉਮਰ ਵਰਗ 'ਚ ਅਸ਼ਮੀਤ ਕੌਰ, ਅਮਨਪ੍ਰੀਤ ਕੌਰ, ਦਿਲਪ੍ਰੀਤ ਕੌਰ, ਜੁਗਜੋਬਨ ਦਾਸ, ਪ੍ਰਦੀਪ ਸਿੰਘ, ਗੁਰਕੀਰਤ ਸਿੰਘ, ਗੁਰਕਰਨ ਸਿੰਘ ਅਤੇ ਹਰਸ਼ਪ੍ਰੀਤ ਸਿੰਘ ਨੇ ਸੋਨੇ ਦੇ ਤਗਮੇ ਜਦੋਂ ਕਿ ਹਰਸਿਮਰਨਜੀਤ ਕੌਰ, ਮਹਿਕਪ੍ਰੀਤ ਕੌਰ ਨੇ ਚਾਂਦੀ ਦੇ ਤਗਮੇ ਅਤੇ ਤਰਨਪ੍ਰੀਤ ਕੌਰ ਨੇ ਕਾਂਸੀ ਦੇ ਤਗਮੇ ਪ੍ਰਾਪਤ ਕੀਤੇ।ਅੰਡਰ-14 ਵਿੱਚ ਹਰਕੀਰਤ ਸਿੰਘ ਨੇ ਸੋਨੇ ਦਾ ਤਗਮਾ ਹੁਸ਼ਨਪ੍ਰੀਤ ਕੌਰ, ਜਪਨੀਤ ਕੌਰ, ਦਮਨਦੀਪ ਸਿੰਘ, ਮਨਵੀਰ ਸਿੰਘ ਨੇ ਚਾਂਦੀ ਦੇ ਤਗਮੇ, ਮਨਪ੍ਰੀਤ ਕੌਰ, ਹੀਰਤ ਕੌਰ, ਗੁਰਜੀਤ ਸਿੰਘ ਨੇ ਕਾਂਸੀ ਦੇ ਤਗਮੇ ਪ੍ਰਾਪਤ ਕੀਤੇ।ਕਰਾਟੇ ਦੇ ਮੁਕਾਬਲਿਆਂ 'ਚ 6 ਸੋਨੇ ਦੇ ਤਗਮੇ, 3 ਚਾਂਦੀ ਦੇ ਤਗਮੇ ਅਤੇ 3 ਕਾਂਸੀ ਦੇ ਤਗਮੇ ਪ੍ਰਾਪਤ ਕੀਤੇ।ਅੰਡਰ-19 ਉਮਰ ਵਰਗ ਵਿੱਚ ਗੁਰਨੂਰ ਕੌਰ, ਜਸਪ੍ਰੀਤ ਕੌਰ, ਪਰਦੀਪ ਸਿੰਘ, ਗੁਰਕੀਰਤ ਸਿੰਘ, ਜੁਗਜੋਬਨ ਦਾਸ ਨੇ ਸੋਨੇ ਦੇ ਤਗਮੇ ਅਤੇ ਗੁਰਕਰਨ ਸਿੰਘ ਨੇ ਚਾਂਦੀ ਦਾ ਤਗਮਾ ਹਾਸਲ ਕੀਤਾ ਅੰਡਰ-17 ਵਿੱਚ ਮਹਿਕਪ੍ਰੀਤ ਕੌਰ ਨੇ ਸੋਨ ਤਗਮਾ, ਦਿਲਪ੍ਰੀਤ ਕੌਰ ਸਿਮਰਨਜੀਤ ਕੌਰ ਨੇ ਚਾਂਦੀ ਦਾ ਤਗਮਾ ਅਤੇ ਅਮਨਪ੍ਰੀਤ ਕੌਰ ਨੇ ਕਾਂਸੀ ਦਾ ਤਗਮਾ ਹਾਸਲ ਕੀਤਾ।ਅੰਡਰ-14 ਉਮਰ ਵਰਗ ਵਿੱਚ ਗੁਰਸ਼ਰਨ ਕੌਰ ਅਤੇ ਮਨਜੋਤ ਕੌਰ ਨੇ ਕਾਂਸੀ ਦੇ ਤਗਮੇ ਹਾਸਲ ਕੀਤੇ। ਸਕੂਲ ਦੇ ਪ੍ਰਿੰਸੀਪਲ ਮਨਜਿੰਦਰ ਸਿੰਘ ਨੇ ਦੱਸਿਆ ਕਿ ਸਕੂਲੀ ਖੇਡਾਂ ਵਿੱਚ ਜਿਨ੍ਹਾਂ ਖਿਡਾਰੀਆਂ ਨੇ ਜ਼ਿਲ੍ਹਾ ਪੱਧਰ ਤੇ ਸੋਨੇ ਦੇ ਤਗਮੇ ਜਿੱਤੇ ਹਨ, ਉਹ ਰਾਜ ਪੱਧਰੀ ਖੇਡਾਂ ਵਿੱਚ ਭਾਗ ਲੈਣਗੇ । ਉਕਤ ਜੇਤੂ ਵਿਦਿਆਰਥੀਆਂ ਦਾ ਸਕੂਲ ਪੁੱਜਣ 'ਤੇ ਸਨਮਾਨ ਵੀ ਕੀਤਾ ਗਿਆ ।

# ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਯੂਨੀਵਰਸਿਟੀ ਪ੍ਰੀਖਿਆਵਾਂ 'ਚ ਮਾਰੀਆਂ ਮੱਲਾਂ



**ਜਲੰਧਰ ( ਸ਼ੈਲੀ ਐਲਬਰਟ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਮ.ਏ. ਪੋਲੀਟੀਕਲ ਸਾਇੰਸ ਦੂਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੀ ਵਿਦਿਆਰਥਣ ਯੋਗੀਤਾ ਨੇ 10 ਵਿਚੋਂ 8.20 ਐਸ.ਜੀ.ਪੀ.ਏ. ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਮੈਰਿਟ ਵਿਚੋਂ ਦੂਜਾ, ਪੁਸ਼ਪਾ ਨੇ 7.60 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਚੌਥਾ ਅਤੇ ਸੰਜਨਾ ਨੇ 7.40 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਪੰਜਵਾਂ, ਕੁਲਜੀਤ ਕੌਰ ਅਤੇ ਸੰਜੋਤ ਨੇ 7.20 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਛੇਵਾਂ ਅਤੇ ਅਨਿਸ਼ਾ ਨੇ 7.00 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਸੱਤਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਸਰਦਾਰਨੀ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਇਸ ਮੌਕੇ ਪ੍ਰੋ. ਅਨੂ ਕੁਮਾਰ ਮੁਖੀ ਪੋਲੀਟੀਕਲ ਸਾਇੰਸ ਵਿਭਾਗ ਅਤੇ ਡਾ. ਅਜੀਤਪਾਲ ਸਿੰਘ ਵੀ ਹਾਜ਼ਰ ਸਨ।

# ਸਭ ਦਾ ਮਾਲਿਕ ਏਕ ਹੈ ਜਥੇਬੰਦੀ ਦੇ ਅਹੁਦੇਦਾਰਾਂ ਦੀ ਮੀਟਿੰਗ



**ਕਾਲਾ ਸੰਘਿਆਂ (ਮਨਜੀਤ ਮਾਨ)** ਸਭ ਦਾ ਮਾਲਿਕ ਏਕ ਜਥੇਬੰਦੀ ਦੇ ਅਹੁਦੇਦਾਰਾਂ ਦੀ ਮੀਟਿੰਗ ਸਾਬੀ ਆਦਿਵਾਸੀ ਦੀ ਅਗਵਾਈ ਹੇਠ ਪਾਰਟੀ ਦੇ ਚੇਅਰਮੈਨ ਵਿਜੇ ਘਾਰੂ ਦੇ ਦਫ਼ਤਰ ਲਾਂਬੜਾ ਵਿਖੇ ਹੋਏ ਜਿਸ ਵਿੱਚ ਜਥੇਬੰਦੀ ਦੇ ਸਰਪ੍ਰਸਤ ਬਾਬਾ ਹਰੀ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਮੀਟਿੰਗ ਵਿੱਚ ਹਾਜ਼ਰ ਸਾਰੇ ਅਹੁਦੇਦਾਰਾਂ ਦੀ ਸਹਿਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਪਾਰਟੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਪਿੰਡਾਂ ਵਿੱਚ ਨਵੀਆਂ ਯੂਨਿਟਾਂ ਸਥਾਪਿਤ ਕੀਤੀਆਂ ਜਾਣਗੀਆਂ ਇਸ ਮੌਕੇ ਜਥੇਬੰਦੀ ਦੇ ਉਪ ਪ੍ਰਧਾਨ ਪ੍ਰਭਜੋਤ, ਸਕੱਤਰ ਦਲਜੀਤ ਸਹਿਮ, ਸੰਦੀਪ ਕੁਮਾਰ ਸਿੰਘ ਪੁਰਦੋਨਾ ਲੀਗਲ ਐਡਵਾਈਜ਼ਰ ਐਡਵੋਕੇਟ ਸੰਦੀਪ ਸਹੋਤਾ ਵੀ ਹਾਜ਼ਰ ਸਨ।

# ਪੰਜਾਬ ਸਬ-ਜੂਨੀਅਰ ਮੈਨ ਹਾਕੀ ਟੀਮ ਦੇ ਚੋਣ ਟਰਾਇਲ ਅੱਜ

**ਜਲੰਧਰ ( ਸ਼ੈਲੀ ਐਲਬਰਟ)**-ਹਾਕੀ ਇੰਡੀਆ ਵਲੋਂ 14ਵੀਂ ਹਾਕੀ ਇੰਡੀਆ ਸਬ-ਜੂਨੀਅਰ ਮੈਨ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਚੰਡੀਗੜ੍ਹ ਵਿਖੇ 23 ਸਤੰਬਰ ਤੋਂ 3 ਅਕਤੂਬਰ ਤੱਕ ਕਰਵਾਈ ਜਾ ਰਹੀ ਹੈ। ਇਸ ਵਿੱਚ ਭਾਗ ਲੈਣ ਵਾਲੀ ਪੰਜਾਬ ਸਬ-ਜੂਨੀਅਰ ਮੈਨ ਹਾਕੀ ਟੀਮ ਦੀ ਚੋਣ ਲਈ ਚੋਣ ਟਰਾਇਲ 29 ਅਗਸਤ ਨੂੰ ਸਵੇਰੇ 8 ਵਜੇ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਜਲੰਧਰ ਵਿਖੇ ਕਰਵਾਏ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਦੱਸਿਆ ਕਿ ਇਨ੍ਹਾਂ ਚੋਣ ਟਰਾਇਲਾਂ ਵਿੱਚ 1-1-2008 ਤੋਂ ਬਾਅਦ ਦੇ ਜਨਮੇ ਖਿਡਾਰੀ ਭਾਗ ਲੈ ਸਕਦੇ ਹਨ। ਇਨ੍ਹਾਂ ਚੋਣ ਟਰਾਇਲਾਂ ਵਿੱਚ ਭਾਗ ਲੈਣ ਵਾਲੇ ਖਿਡਾਰੀ ਚੋਣ ਟਰਾਇਲਾਂ ਸਮੇਂ ਆਪਣੇ ਅਸਲ ਆਧਾਰ ਕਾਰਡ ਨਾਲ ਲੈ ਕੇ ਆਉਣ। ਆਧਾਰ ਕਾਰਡ ਨਾ ਹੋਣ ਦੀ ਸੂਰਤ ਵਿੱਚ ਖਿਡਾਰੀ ਨੂੰ ਚੋਣ ਟਰਾਇਲਾਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।

# ਦਿਵਿਆਂਗਜਨਾਂ ਨੂੰ ਮੁਫ਼ਤ 89 ਉਪਕਰਣ ਵੰਡੇ



**ਨਵਾਂਸ਼ਹਿਰ, (ਮਨੋਜ ਲਾਡੀ)** ਦਿਵਿਆਂਗਜਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਸਰਕਾਰ ਵਲੋਂ ਉਨ੍ਹਾਂ ਦੇ ਕਲਿਆਣ ਅਤੇ ਪੁਨਰਵਾਸ ਦੇ ਲਈ ਕੰਮ ਕੀਤੇ ਜਾ ਰਹੇ ਹਨ ਜਿਸਦੇ ਤਹਿਤ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ, ਮਿਤੀ 27 ਅਗਸਤ ਤੋਂ ਲੈ ਕੇ ਮਿਤੀ 31 ਅਗਸਤ ਤੱਕ ਬਲਾਕ ਵਾਈਜ ਬਲਾਚੌਰ, ਸੜੋਆ, ਬੰਗਾ, ਔੜ, ਬਲਾਕ ਨਵਾਂਸ਼ਹਿਰ ਵਿਚ ਮੁਫਤ ਦਿਵਯਾਂਗਜਨ ਉਪਕਰਣ ਵੰਡ ਸਮਾਰੋਹ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸਦੀ ਲੜੀ ਵਿਚ ਪਹਿਲਾ ਕੈਂਪ, ਬਲਾਕ ਬਲਾਚੌਰ ਪਿੰਡ ਸਿਆਣਾ ਦੇ ਗੁਰੂ ਰਵਿਦਾਸ ਗੁਰਦੁਆਰਾ ਵਿੱਚ ਆਯੋਜਿਤ ਕੀਤਾ ਗਿਆ ਹੈ। ਇਸ ਕੈਂਪ ਵਿੱਚ ਦੇ ਸਮਾਰੋਹ ਵਿੱਚ ਸ਼੍ਰੀਮਤੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਸਮਾਜਿਕ ਨਿਆਂ ਅਤੇ ਅਧਿਕਾਰਿਤਾ ਮੰਤਰਾਲੇ, ਭਾਰਤ ਸਰਕਾਰ ਦੇ ਦਿਵਿਆਂਗਜਨ ਸਸ਼ਕਤੀਕਰਨ ਵਿਭਾਗ ਦੇ ਅਧੀਨ ਕੰਮ ਕਰ ਰਹੇ ਭਾਰਤੀਯ ਕ੍ਰਿਤਮ ਅੰਗ ਨਿਰਮਾਣ ਨਿਗਮ (ਅਲਿਮਕੋ) ਅਤੇ ਜਿਲ੍ਹਾ ਪ੍ਰਸ਼ਾਸਨ, ਸ਼ਹੀਦ ਭਗਤ ਸਿੰਘ ਨਗਰ ਦੀ ਭਾਗੀਦਾਰੀ ਨਾਲ ਇਸ ਕੈਂਪ ਦਾ ਆਯੋਜਨ ਕੀਤਾ ਗਿਆ।

ਵਿਧਾਇਕ ਸੰਤੋਸ਼ ਕਟਾਰੀਆ ਨੇ ਦੱਸਿਆ ਕਿ ਇਸ ਕੈਂਪ ਦੇ ਦੌਰਾਨ, ਜਿਨ੍ਹਾਂ ਲਾਭਪਾਤਰੀਆਂ ਨੂੰ ਜਿਲ੍ਹੇ 'ਚ ਪਹਿਲਾ ਪਰੀਖਣ ਸਮਾਰੋਹ ਵਿੱਚ ਨਿਸ਼ਾਨਬੱਧ ਕੀਤਾ ਗਿਆ ਸੀ ਉਨ੍ਹਾਂ ਲਾਭਪਾਤਰੀਆਂ ਨੂੰ ਸਰਕਾਰ ਦੀ ਯੋਜਨਾ ਦੇ ਅੰਤਰਗਤ ਅਲਿਮਕੋ ਵੱਲੋਂ ਨਿਰਮਿਤ ਕੁੱਲ 89 ਸਹਾਇਕ ਉਪਕਰਣ ਵੰਡੇ ਗਏ, ਜਿਸ 'ਚ 15 ਮੋਟਰਾਈਜਡ ਟਰਾਈਸਾਈਕਲ, 11 ਟਰਾਈਸਾਈਕਲ, 13 ਵ੍ਹੀਲਚੇਅਰ, 01 ਬਰੇਲ ਕਿੱਟ, 01 ਬਰੇਲ ਸਲੇਟ, 01 ਸੁਗਮਿਆ ਕੇਨ, 08 ਬੈਸਾਖੀਆਂ, 02 ਛੜੀਆਂ, 05 ਨਕਲੀ ਅੰਗ ਅਤੇ ਕੈਲੀਪਰ 12 ਦਿਵਿਆਂਗਜਨਾਂ ਨੂੰ ਅਤੇ ਬੀ.ਟੀ.ਈ. 20 ਦਿਵਿਆਂਗਜਨਾਂ ਨੂੰ ਦਿੱਤੇ ਗਏ। ਇਸ ਤਰਾਂ ਨਾਲ ਬਲਾਕ ਬਲਾਚੋਰ ਵਿਖੇ ਲਗਭਗ ਰਕਮ 10,53,000/- ਰੁ: ਦੀ ਕੀਮਤ ਦਾ ਸਮਾਨ ਦਿਵਿਆਂਗਜਨਾਂ ਨੂੰ ਵੰਡਿਆ ਗਿਆ ਹੈ।

# ਖਾਨਪੁਰ ਢੱਡਾ ਸਕੂਲ ਦੇ ਬੱਚਿਆਂ ਨੇ ਖੇਡਾਂ 'ਚ ਮੱਲਾਂ ਮਾਰੀਆਂ



**ਜਲੰਧਰ** : ਬੀਤੇ ਹਫਤੇ ਸ ਸ ਸ ਸ ਸ਼ੰਕਰ ਵਿੱਚ ਜ਼ੋਨ 14 ਦੀਆਂ ਪੰਜਾਬ ਸਕੂਲ ਸਿੱਖਿਆ ਬੋਰਡ ਖੇਡਾਂ ਹੋਈਆਂ ਜਿਸ ਦੀ ਅਗਵਾਈ ਪ੍ਰਿੰਸੀਪਲ ਮੈਡਮ ਦਮਨਜੀਤ ਕੌਰ ਨੇ ਕੀਤੀ। ਇਨ੍ਹਾਂ ਖੇਡਾਂ ਵਿੱਚ ਸ ਸ ਸ ਸ ਖਾਨਪੁਰ ਢੱਡਾ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ। ਕਬੱਡੀ ਸਰਕਲ ਸਟਾਈਲ ਅੰਡਰ 17 (ਲੜਕੇ) ਪਹਿਲਾ ਸਥਾਨ, ਬੈਡਮਿੰਟਨ ਅੰਡਰ 14 (ਲੜਕੇ) ਪਹਿਲਾ ਸਥਾਨ, ਬੈਡਮਿੰਟਨ ਅੰਡਰ 19 (ਲੜਕੀਆਂ ) ਪਹਿਲਾ ਸਥਾਨ, ਕਬੱਡੀ ਨੈਸ਼ਨਲ ਸਟਾਈਲ ਅੰਡਰ 17 (ਲੜਕੇ) ਪਹਿਲਾ ਸਥਾਨ, ਵਾਲੀਬਾਲ ਅੰਡਰ 19 (ਲੜਕੇ) ਪਹਿਲਾ ਸਥਾਨ, ਕਬੱਡੀ ਨੈਸ਼ਨਲ ਸਟਾਈਲ ਅੰਡਰ 14 (ਲੜਕੀਆਂ) ਦੂਜਾ ਸਥਾਨ, ਕਬੱਡੀ ਨੈਸ਼ਨਲ ਸਟਾਈਲ ਅੰਡਰ 17 (ਲੜਕੇ) ਦੂਜਾ ਸਥਾਨ ਅਤੇ ਖੋ ਖੋ ਵਿੱਚੋਂ ਲੜਕੀਆਂ ਅੰਡਰ 14 ਦਾ ਦੂਜਾ ਸਥਾਨ ਹਾਸਲ ਕੀਤਾ ਹੈ। ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਮੁਕੇਸ਼ ਗੌਤਮ ਨੇ ਕਿਹਾ ਕੇ ਸਰਕਾਰੀ ਸਕੂਲਾਂ ਦੇ ਬੱਚਿਆਂ ਵਿੱਚ ਬਹੁਤ ਕਾਬਲੀਅਤ ਹੁੰਦੀ ਹੈ। ਖੇਡਾਂ ਵਿੱਚ ਬੱਚੇ ਬਹੁਤ ਉਤਸ਼ਾਹ ਨਾਲ ਹਿੱਸਾ ਲੈਂਦੇ ਹਨ।

# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਤੀਜ-ਕਮ ਫਰੈਸ਼ਰ ਪਾਰਟੀ



**ਸੁਲਤਾਨਪੁਰ ਲੋਧੀ, (ਹਨੀ)** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਹੀ 'ਚ ਤੀਜ ਕਮ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ।ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਦਾ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ 'ਤੇ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਇਸ ਦੌਰਾਨ ਵਿਦਿਆਰਥੀਆਂ ਵੱਲੋਂ ਪ੍ਰਭਾਵਸ਼ਾਲੀ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ, ਜਿਸਦਾ ਆਗਾਜ਼ ਸ਼ਬਦ ਗਾਇਨ ਨਾਲ ਕੀਤਾ ਗਿਆ।ਤੀਜ ਕਵੀਨ ਤੇ ਮਿਸਟਰ ਫਰੈਸ਼ਰ ਦੇ ਖਿਤਾਬ ਲਈ ਵਿਦਿਆਰਥੀਆਂ ਦਰਮਿਆਨ ਹੋਇਆ ਮੁਕਾਬਲਾ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ। ਜਿਸ ਵਿੱਚ ਵਿਦਿਆਰਥੀਆਂ ਵੱਡੀ ਗਿਣਤੀ ਦੇ 'ਚ ਹਿੱਸਾ ਲਿਆ। ਜਸਪ੍ਰੀਤ ਕੌਰ ਤੀਆਂ ਦੀ ਰਾਣੀ ਅਤੇ ਗੁਰਤਾਜ ਸਿੰਘ ਮਿਸਟਰ ਫਰੈਸ਼ਰ ਦੇ ਖਿਤਾਬ 'ਤੇ ਕਬਜ਼ਾ ਕਰਨ ਵਿੱਚ ਸਫਲ ਰਹੇ। ਤਰਨਪ੍ਰੀਤ ਕੌਰ ਤੇ ਪੰਕਜ ਸ਼ਰਮਾ ਫਸਟ ਰਨਰ ਅਪ ਅਤੇ ਤਰਨੀਤ ਕੌਰ ਤੇ ਪ੍ਰੇਮਪ੍ਰੀਤ ਸਿੰਘ ਸੈਕਿੰਡ ਰਨਰ ਅਪ ਰਹੇ।ਨਵਨੀਤ ਕੌਰ ਮਿਸ ਬਿਊਟੀਫੁਲ ਸਮਾਈਲ ਅਤੇ ਅੰਸ਼ਦੀਪ ਸਿੰਘ ਸੁੰਦਰ ਦਸਤਾਰ ਦਾ ਖਿਤਾਬ ਹਾਸਲ ਕਰਨ ਵਿੱਚ ਸਫਲ ਰਹੇ।ਅੰਮ੍ਰਿਤਪਾਲ ਕੌਰ ਮਿਸ ਐਲੀਗੈਂਟ ਅਤੇ ਜਸ਼ਨਦੀਪ ਸਿੰਘ ਨੂੰ ਮਿਸਟਰ ਹੈਂਡਸਮ ਐਲਾਨਿਆ ਗਿਆ।ਜੱਜਾਂ ਦੀ ਭੂਮਿਕਾ ਮੈਡਮ ਅਮਨਦੀਪ ਅਤੇ ਮੈਡਮ ਸੀਮਾ ਨੇ ਨਿਭਾਈ।ਸਮਾਗਮ ਦੇ ਅੰਤ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜ. ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਪ੍ਰਸ਼ਾਸ਼ਕ ਇੰਜ. ਨਿਮਰਤਾ ਕੌਰ ਨੇ ਜੇਤੂ ਰਹੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾ ਦਿੱਤੀਆਂ ਅਤੇ ਸਭ ਨੂੰ ਤੀਜ ਦੀ ਵਧਾਈ ਦਿੱਤੀ।ਇਸ ਮੌਕੇ ਮੈਡਮ ਸ਼ੀਲਾ ਸ਼ਰਮਾ, ਕਵਿਤਾ, ਕਰਨਜੀਤ, ਰੁਪਿੰਦਰਜੀਤ, ਰਮਨਦੀਪ, ਗੁਰਪ੍ਰੀਤ, ਬਲਵਿੰਦਰ ਡੀਪੀ, ਨੀਤੂ, ਮੋਨਿਕਾ, ਪਲਵੀ, ਪ੍ਰਿਅੰਕਾ, ਸਿਮਰਨਜੀਤ, ਰੂਬਲ ਗੁਰਪਾਲ, ਸੁਖਜੀਤ, ਸੁਖਵਿੰਦਰ ਕੁਮਾਰੀ ਆਦਿ ਸਟਾਫ ਮੈਂਬਰ ਸਨ।

# ਬਾਬਾ ਝੰਡਾ ਸਿੰਘ ਜੀ ਦੇ ਅਸਥਾਨ 'ਤੇ ਗੁਰਮਿਤ ਸਮਾਗਮ ਭਲਕੇ



**ਅੱਡਾ ਸਰਾਂ (ਜਸਵੀਰ ਕਾਜਲ)** ਸ੍ਰੀਮਾਨ ਧੰਨ ਧੰਨ ਬਾਬਾ ਝੰਡਾ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸਾਲਾਨਾ ਬਰਸੀ ਸਮਾਗਮ 30 ਅਗਸਤ ਦਿਨ ਸ਼ੁੱਕਰਵਾਰ ਨੂੰ ਪਿੰਡ ਬੈਂਚ ਖੁਰਦ ਵਿਖੇ ਕਰਵਾਇਆ ਜਾ ਰਿਹਾ ਹੈ।ਜਿਸ ਵਿੱਚ ਪੰਥ ਦੇ ਪ੍ਰਸਿੱਧ ਢਾਡੀ ਅਤੇ ਕੀਰਤਨੀ ਜੱਥੇ ਪਹੁੰਚ ਕੇ ਗੁਰਬਾਣੀ ਕਥਾ ਕੀਰਤਨ ਰਾਹੀਂ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕਰਨਗੇ।

ਸੇਵਾਦਾਰ ਪ੍ਰਬੰਧਕਾਂ ਨੇ ਦੱਸਿਆ ਪਹਿਲੀ ਲੜੀ 22 ਅਗਸਤ ਤੋਂ 24 ਅਗਸਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ , ਦੂਸਰੀ ਲੜੀ ਵਿਚ 24 ਤੋਂ 26 ਅਗਸਤ ਤੱਕ 10 ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਤੀਸਰੀ ਲੜੀ ਦੇ ਵਿੱਚ 26 ਤੋਂ 28 ਅਗਸਤ ਤੱਕ 11 ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਨਗਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ ਗਈ ਜੋ 30 ਅਗਸਤ ਤੱਕ ਭੋਗ ਪਾਏ ਜਾਣਗੇ ਭੋਗ ਉਪਰੰਤ ਸਿੱਖ ਪੰਥ ਦੇ ਮਹਾਨ ਢਾਡੀ ਜੱਥਾ ਬੀਬੀ ਦਲੇਰ ਕੌਰ ਖਾਲਸਾ ਜੀ ਪੰਡੋਰੀ ਖਾਸ ਵਾਲੇ ਅਤੇ ਭਾਈ ਹਰਭਜਨ ਸਿੰਘ ਜੀ ਸੋਤਲਾ ਵਾਲੇ ਰਾਗੀ ਜੱਥਾ 30 ਅਗਸਤ ਨੂੰ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

# ਸ੍ਰੀ ਨਾਗੇਸ਼ਵਰ ਗੂਗਾ ਮੰਦਰ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਉਤਸਵ ਬੜੀ ਧੂਮਧਾਮ ਨਾਲ ਮਨਾਇਆ

**ਫਗਵਾੜਾ( ਡਾ. ਰਮਨ)**-ਸ੍ਰੀ ਨਾਗੇਸ਼ਵਰ ਗੂਗਾ ਜੀ ਮੰਦਰ ਸਤਨਾਮਪੁਰਾ ਵਿਖੇ ਮੰਦਿਰ ਕਮੇਟੀ ਦੇ ਪ੍ਰਧਾਨ ਭਜਨ ਬਾਤੀ , ਜੀਵਨ ਸੰਘਾ, ਅਮਰਜੀਤ ਸੈਣੀ, ਰਾਜੂ ਸੈਣੀ, ਮੁਕੇਸ਼ ਰੇਖੀ, ਸੋਨਾ, ਸੋਨੀ, ਵੈਦ ਪ੍ਰਕਾਸ਼ ਤਨੇਜਾ, ਵਰਿੰਦਰ ਢੀਂਗਰਾ, ਕਿਸ਼ਨ, ਭਰਤ , ਲਵਿਸ਼ , ਬਣਿਆ, ਮੋਨੂੰ ਸੈਣੀ, ਗਗਨ ਠਾਕੁਰ , ਰਾਮ , ਤੁਸ਼ਾਰ, ਜਤਿਨ , ਸਤਪਾਲ ਢੀਂਗਰਾ , ਮੰਨੂ ਢੀਂਗਰਾ, ਪੰਕਜ ਢੀਂਗਰਾ ਤੋਂ ਇਲਾਵਾ ਵੱਡੀ ਗਿੱਣਤੀ ਵਿੱਚ ਸ਼ਰਧਾਲੂ ਮੌਜੂਦ ਸਨ। ਜਨਮ ਅਸ਼ਟਮੀ ਦੇ ਮੌਕੇ ਵੱਡੀ ਗਿਣਤੀ 'ਚ ਕ੍ਰਿਸ਼ਨ ਭਗਤਾਂ ਨੇ ਭਗਵਾਨ ਸ੍ਰੀ ਰਾਧਾ ਕ੍ਰਿਸ਼ਨ ਦਾ ਅਪਾਰ ਅਸ਼ੀਰਵਾਦ ਪ੍ਰਾਪਤ ਕਰਨ ਅਤੇ ਮਨੋਕਾਮਨਾਵਾਂ ਦੀ ਪ੍ਰਾਪਤੀ ਲਈ ਭਗਵਾਨ ਸ੍ਰੀ ਕ੍ਰਿਸ਼ਨ ਦੇ ਨਾਮ 'ਤੇ ਵਰਤ ਰੱਖਿਆ ਅਤੇ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਸ਼ਰਧਾਲੂਆਂ ਨੇ ਪੂਜਾ ਅਰਚਨਾ ਕੀਤੀ। ਇਸ ਮੌਕੇ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਵੀ ਹਾਜ਼ਰੀ ਲਗਵਾਈ। ਸ਼ਾਮ ਢਲਦਿਆਂ ਹੀ ਮੰਦਰਾਂ ਨੂੰ ਲਾਲ ਚੁੜੀਆਂ ਅਤੇ ਰੰਗ-ਬਿਰੰਗੇ ਫੁੱਲਾਂ ਅਤੇ ਰੰਗ-ਬਿਰੰਗੀਆਂ ਲਾਈਟਾਂ ਨਾਲ ਸਜਾਇਆ ਗਿਆ। ਹਰ ਉਮਰ ਦੇ ਲੋਕ ਮੰਦਿਰ ਦੇ ਵੇਹੜੇ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਦੇ ਝੂਲੇ ਝੂਲੇ ਦਾ ਆਨੰਦ ਮਾਣਦੇ ਵੇਖੇ ਗਏ। ਵੱਖ-ਵੱਖ ਮੰਦਰਾਂ ਵਿੱਚ ਭਗਵਾਨ ਸ੍ਰੀ ਰਾਧਾ ਕ੍ਰਿਸ਼ਨ ਅਤੇ ਹੋਰ ਦੇਵੀ ਦੇਵਤਿਆਂ ਦੇ ਜੀਵਨ 'ਤੇ ਆਧਾਰਿਤ ਸੁੰਦਰ ਝਾਕੀਆਂ ਵੀ ਸਜਾਈਆਂ ਗਈਆਂ। ਸ਼ਰਧਾਲੂ ਰਾਤ ਦੇ 12 ਵਜੇ ਤੱਕ ਸੰਕੀਰਤਨ ਵਿੱਚ ਮਗਨ ਰਹੇ। ਉਪਰੰਤ ਭਗਵਾਨ ਸ੍ਰੀ ਰਾਧਾ ਕ੍ਰਿਸ਼ਨ ਦੀ ਸ਼ਾਨਦਾਰ ਆਰਤੀ ਦਾ ਗਾਇਨ ਕੀਤਾ ਗਿਆ ਅਤੇ ਭੋਗ ਪ੍ਰਸ਼ਾਦ ਵਰਤਾਇਆ ਗਿਆ। ਕ੍ਰਿਸ਼ਨ ਭਗਤਾਂ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਲੰਗਰ ਵੀ ਲਗਾਏ ਗਏ। ਉੱਥੇ ਹੀ ਢੀਂਗਰਾ ਪਰਵਾਰ ਵਲੋਂ ਵੱਖ ਵੱਖ ਤਰ੍ਹਾਂ ਦਾ ਲੰਗਰ ਲਗਾਇਆ ਗਿਆ।

# ਰਾਹੋਂ ਸ਼ਹਿਰ 'ਚ ਜਨਮ ਅਸ਼ਟਮੀ ਸ਼ਰਧਾ ਨਾਲ ਮਨਾਈ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**- ਪੁਰਾਤਨ ਸ਼ਹਿਰ ਰਾਹੋਂ 'ਚ 101 ਮੰਦਰ ਹੋਣ ਕਰਕੇ ਮੰਦਰਾਂ ਦੇ ਨਾਲ ਵੀ ਜਾਣਿਆ ਜਾਂਦਾ ਹੈ ਜਿਸ ਵਿੱਚ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਬੜੇ ਹੀ ਸ਼ਰਧਾ ਤੇ ਉਲਲਾਸ ਨਾਲ ਮਨਾਈ ਗਈ । ਭਗਤਾਂ ਵਲੋਂ ਮੰਦਰਾਂ ਨੂੰ ਬੜੇ ਸੁੰਦਰ ਢੰਗ ਨਾਲ ਸਜਾਇਆ ਹੋਇਆ ਸੀ ਤੇ ਹਰ ਪਾਸੇ ਰਾਧਾ ਕ੍ਰਿਸ਼ਨ ਦੀਆਂ ਝਾਕੀਆਂ ਸਜਾਈਆਂ ਗਈਆਂ ਸਨ । ਸਥਾਨਕ ਬੱਸ ਸਟੈਂਡ 'ਤੇ ਮਾਤਾ ਜੀ ਅਸੀਂ ਬੱਚੇ ਤੇਰੇ' ਕਲੱਬ ਵਲੋਂ ਮਹਾਨ ਜਾਗਰਣ ਕਰਵਾਇਆ ਗਿਆ ਜਿਸ ਵਿੱਚ ਰਾਧੇ-ਕ੍ਰਿਸ਼ਨ ਤੋਂ ਇਲਾਵਾ ਮਾਤਾ ਰਾਣੀ ਦੀਆਂ ਭੇਟਾਂ ਦਾ ਗੁਣਵਾਨ ਕੀਤਾ ਗਿਆ। ਇਸੇ ਤਰ੍ਹਾਂ ਲਾਲਿਆਂ ਦੀ ਕੋਠੀ ਨਜ਼ਦੀਕ ਸ਼ਿਵ ਸਾਈਂ ਮੰਦਰ ਦੁਲਹਨ ਵਾਂਗ ਸਜਾਇਆ ਗਿਆ। ਦਿੱਲੀ ਗੇਟ ਨਜ਼ਦੀਕ ਵਿੱਚ ਵੀ ਭਗਵਾਨ ਕ੍ਰਿਸ਼ਨ ਜੀ ਦਾ ਗੁਣਗਾਨ ਕੀਤਾ ਗਿਆ। ਚੌਕ ਪਟੂਆਂ ਵਿਖੇ ਸਥਿਤ ਪੁਰਾਤਨ ਸ਼ਿਵ ਮੰਦਰ ਵਿੱਚ ਮਹਿਲਾ ਮੰਡਲੀ ਵਲੋਂ ਕ੍ਰਿਸ਼ਨ ਅਰਾਧਨਾ ਕੀਤੀ ਗਈ। ਅਟੁੱਟ ਲੰਗਰ ਵਰਤਾਏ ਗਏ। ਪ੍ਰਬੰਧਕਾਂ ਵਿੱਚ ਅਸ਼ਵਨੀ ਭਾਰਗਵ, ਸੁਭਾਸ਼ ਅਰੋੜਾ, ਟੇਕ ਬਹਾਦਰ ਭਾਰਗਵ, ਸੰਤ ਕੁਮਾਰ ਅਹੂਜਾ, ਪ੍ਰਦੀਪ ਅਰੋੜਾ ਸਾਬਕਾ ਨਗਰ ਕੌਂਸਲ ਪ੍ਰਧਾਨ ਦਿਨੇਸ਼ ਚੋਪੜਾ, ਸੰਜੇ ਚੋਪੜਾ, ਬਿੱਲੂ ਚੋਪੜਾ, ਸਰਬਜੀਤ ਸਿੰਘ ਪਾਹਵਾ, ਅਨੀਸ਼ ਅਰੋੜਾ, ਮਨੀ ਅਹੂਜਾ, ਸੰਜੀਵ ਚੋਪੜਾ, ਰਾਜੇਸ਼ ਜੋਸ਼ੀ, ਨੀਰਜ ਚੋਪੜਾ, ਨਰੇਸ਼ ਚੋਪੜਾ, ਪਵਨ ਸੋਢੀ, ਵਿੱਕੀ ਸ਼ਰਮਾ, ਜੱਜੀ ਚੋਪੜਾ, ਗੋਪਾਲ ਭਨੋਟ, ਬੋਬੀ ਵਿਸ਼ਿਸ਼ਟ, ਗੋਗਾ ਚੋਪੜਾ ਆਦਿ ਹਾਜ਼ਰ ਸਨ।

# ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਸ੍ਰੀ ਕਿਸ਼ਨ ਜਨਮ ਅਸ਼ਟਮੀ ਮਨਾਈ



**ਲੋਹੀਆਂ ਖਾਸ, (ਯੋਗੇਸ਼ਵਰ)** : ਬੀ.ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ, ਵਾੜਾ ਜੋਧ ਸਿੰਘ, ਜ਼ਿਲ੍ਹਾ ਜਲੰਧਰ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਸ਼ਰਧਾ ਦੇ ਨਾਲ ਮਨਾਇਆ ਗਿਆ। ਹਾਰਮਨੀ ਹਾਊਸ ਦੇ ਅਧਿਆਪਕ ਅਤੇ ਵਿਦਿਆਰਥੀਆਂ ਵੱਲੋਂ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਨਾਲ ਸਬੰਧਤ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ।ਵਿਦਿਆਰਥੀਆਂ ਨੇ ਸ੍ਰੀ ਕ੍ਰਿਸ਼ਨ ਅਤੇ ਰਾਧਾ ਜੀ ਦੀ ਵੇਸ਼ ਭੂਸਾ ਵਿੱਚ ਡਾਂਡੀਆ ਰਾਸ ਕੀਤਾ ਅਤੇ ਸ੍ਰੀ ਕ੍ਰਿਸ਼ਨ ਨੂੰ ਝੂਲਾ ਝੁਲਾਇਆ । ਸਕੂਲ ਮੈਨੇਜਮੈਂਟ ਅਤੇ ਪ੍ਰਿੰਸੀਪਲ ਨੀਤੀਮਾ ਨੇ ਸ੍ਰੀ ਕ੍ਰਿਸ਼ਨ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸ੍ਰੀ ਕ੍ਰਿਸ਼ਨ ਜੀ ਸਾਰੀ ਦੁਨੀਆ ਨੂੰ ਚੰਗੇ ਕਰਮ ਕਰਨ ਦਾ ਸੁਨੇਹਾ ਦਿੰਦੇ ਹਨ । ਸਾਨੂੰ ਹਰ ਧਰਮ ਦੇ ਤਿਉਹਾਰਾਂ ਨੂੰ ਮਿਲ ਕੇ ਮਨਾਉਣਾ ਚਾਹੀਦਾ ਹੈ ।

# ਐੱਸ ਡੀ ਕਾਲਜ ਦੇ ਬੀ ਐਸ ਸੀ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ



**ਜਲੰਧਰ ( ਇਕਬਾਲ ਸਿੰਘ ਉੱਭੀ)**- ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ ਦੇ ਬੀ.ਐਸ.ਸੀ. (ਫੈਸ਼ਨ ਡਿਜ਼ਾਈਨਿੰਗ) ਸਮੈਸਟਰ ਦੂਜੇ ਦੇ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ ਹਨ। ਪਵਨਦੀਪ ਕੌਰ ਨੇ 10 ਵਿੱਚੋਂ 8.73 (87.50% ਅੰਕ) ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ, ਦੁਰਗੇਸ਼ ਨੇ 8.45 (84.50% ਅੰਕ) ਦੇ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਹੋਰ ਮਾਣਯੋਗ ਮੈਂਬਰਾਂ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਪ੍ਰਾਪਤੀਆਂ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ।

# 'ਆਪ ਦੀ ਸਰਕਾਰ ਆਪ ਦੇ ਦੁਆਰ' ਕੈਂਪ ਆਮ ਲੋਕਾਂ ਲਈ ਹੋ ਰਹੇ ਲਾਹੇਵੰਦ ਸਾਬਤ : ਰੰਧਾਵਾ

**ਡੇਰਾਬੱਸੀ, (ਕ੍ਰਿਸ਼ਨ ਗਰਗ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਪਿੰਡ ਭਾਂਖਰਪੁਰ ਤੋਂ ਸ਼ੁਰੂ ਕੀਤੇ ਕੈਂਪ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਡੇਰਾਬੱਸੀ ਬਲਾਕ ਦੇ ਪਿੰਡ ਜੰਡਲੀ ਵਿਖੇ ਐਸ ਡੀ ਐਮ ਡੇਰਾਬੱਸੀ ਅਤੇ ਹੋਰ ਪ੍ਰਸ਼ਾਸ਼ਨਿਕ ਟੀਮ ਦੀ ਅਗਵਾਈ ਵਿੱਚ ਸੁਵਿਧਾ ਕੈਂਪ ਲਾਇਆ ਗਿਆ।ਕੈਂਪ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਲੋਕਾਂ ਦੀਆਂ ਮੁਸ਼ਕਲਾਂ ਦਾ ਜਾਇਜ਼ਾ ਲੈਣ ਪੁੱਜੇ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਆਖਿਆ ਕਿ ਜਿਵੇਂ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਿਹਾ ਗਿਆ ਸੀ ਕਿ ਹੁਣ ਸਰਕਾਰ ਪਿੰਡਾਂ ਦੀਆਂ ਸੱਥਾਂ ਤੋਂ ਚੱਲੇਗੀ, ਇਨ੍ਹਾਂ ਕੈਂਪਾਂ ਬਾਅਦ ਹੁਣ ਸਰਕਾਰ ਪਿੰਡਾਂ ਦੀਆਂ ਸੱਥਾਂ ਤੋਂ ਹੀ ਚਲ ਰਹੀ ਹੈ। ਇਨ੍ਹਾਂ ਕੈਂਪਾਂ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਹ ਕੈਂਪ ਆਮ ਲੋਕਾਂ ਦੀਆਂ ਮੁਸ਼ਕਿਲਾਂ ਅਤੇ ਕੰਮਾਂ ਦੇ ਨਿਪਟਾਰੇ ਲਈ ਬੇਹਤਰੀਨ ਮੰਚ ਸਾਬਿਤ ਹੋ ਰਹੇ ਹਨ। ਐਮ ਐਲ ਏ ਰੰਧਾਵਾ ਨੇ ਦੱਸਿਆਂ ਕਿ ਇਨ੍ਹਾਂ ਕੈਂਪਾਂ ਵਿੱਚ ਪੰਜਾਬ ਸਰਕਾਰ ਦੇ ਹਰ ਵਿਭਾਗ ਦੇ ਅਧਿਕਾਰੀ/ਕਰਮਚਾਰੀ ਅਤੇ ਹੋਰ ਵੱਖ-ਵੱਖ ਪ੍ਰਸ਼ਾਸ਼ਨਿਕ ਅਧਿਕਾਰੀਆਂ ਵੱਲੋਂ ਕੈਂਪ ਵਿੱਚ ਹਾਜ਼ਰ ਹੋ ਕੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਜਾ ਰਿਹਾ ਹੈ, ਜਿਸ ਨਾਲ ਲੋਕ ਸਰਕਾਰ ਦੇ ਇਸ ਸ਼ਲਾਘਾਯੋਗ ਕਦਮ ਤੋਂ ਖੁਸ਼ ਹਨ। ਹਲਕਾ ਵਿਧਾਇਕ, ਕੁਲਜੀਤ ਸਿੰਘ ਰੰਧਾਵਾ ਦੇ ਨਾਲ ਇਸ ਮੌਕੇ ਕੈਂਪ 'ਚ ਡੇਰਾਬੱਸੀ ਸਬ ਡਵੀਜ਼ਨ ਦੇ ਅਧਿਕਾਰੀਆਂ 'ਚ ਐਸ ਡੀ ਐਮ ਹਿਮਾਂਸ਼ੂ ਗੁਪਤਾ ਅਤੇ ਹੋਰਨਾਂ **ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।**

# ਮਿਡ ਡੇ ਮੀਲ ਵਰਕਰ ਯੂਨੀਅਨ ਬਲਾਕ ਅਨੰਦਪੁਰ ਸਾਹਿਬ ਵੱਲੋਂ ਵੇਦ ਪ੍ਰਕਾਸ਼ ਦੀ ਮੌਤ 'ਤੇ ਦੁੱਖ ਪ੍ਰਗਟ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਅਨੰਦਪੁਰ ਸਾਹਿਬ-ਮਿਡ ਡੇ ਮੀਲ ਵਰਕਰ ਯੂਨੀਅਨ ਪੰਜਾਬ ਬਲਾਕ ਅਨੰਦਪੁਰ ਸਾਹਿਬ ਵਲੋਂ ਇੱਕ ਮੀਟਿੰਗ ਅਨੰਦਪੁਰ ਸਾਹਿਬ ਵਿਖੇ ਜਿਲਾ ਜਨਰਲ ਸਕੱਤਰ ਹਰਮੇਸ਼ ਕੌਰ ਢੇਰ ਦੀ ਅਗਵਾਈ ਹੇਠ ਕੀਤੀ ਗਈ।ਬਲਾਕ ਅਨੰਦਪੁਰ ਸਾਹਿਬ ਦੇ ਜਨਰਲ ਸਕੱਤਰ ਸੀਮਾ ਰਾਣੀ ਨੇ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਦੋ ਮਿੰਟ ਦਾ ਮੌਨ ਰੱਖਦਿਆਂ ਦੱਸਿਆ ਕਿ ਜਨਤਕ ਜਥੇਬੰਦੀਆਂ ਅਤੇ ਕਿਰਤੀ ਵਰਗ ਦੇ ਮਸੀਹਾ ਦੇ ਰੂਪ ਵਿੱਚ ਸਾਥੀ ਵੇਦ ਪ੍ਰਕਾਸ਼ ਸ਼ਰਮਾ ਦੇ ਅਚਾਨਕ ਇਸ ਸੰਸਾਰ ਵਿੱਚੋਂ ਚਲੇ ਜਾਣ ਦਾ ਸਮੂਹ ਮੁਲਾਜ਼ਮ ਵਰਗ ਨੂੰ ਜਿੱਥੇ ਬਹੁਤ ਘੱਟ ਪਿਆ ਹੈ।ਉੱਥੇ ਹੀ ਮਾਣ ਭੱਤਾ ਪਰ ਕੰਮ ਕਰਦੀਆਂ ਕੁੱਕ ਬੀਬੀਆਂ ਨੂੰ ਵੀ ਗਹਿਰਾ ਸਦਮਾ ਲੱਗਾ ਹੈ, ਕਿਉਂਕਿ ਵੇਦ ਪ੍ਰਕਾਸ਼ ਸ਼ਰਮਾ ਹਰ ਇੱਕ ਵਰਗ ਦੀ ਲੜਾਈ ਲੜਦੇ ਸੀ ਚਾਹੇ ਉਹ ਮੁਲਾਜ਼ਮ, ਪੈਨਸ਼ਨਰ, ਕਿਸਾਨ ਜਾਂ ਮਾਣ ਭੱਤਾ ਪਰ ਕੰਮ ਕਰਦੀਆਂ ਕੁੱਕ ਬੀਬੀਆਂ ਹੋਣ।ਇਹੋ ਜਿਹੇ ਸਾਥੀ ਦਾ ਉਸ ਵੇਲੇ ਚਲੇ ਜਾਣਾ ਬਹੁਤ ਦੁੱਖ ਦੀ ਗੱਲ ਹੈ ਜਦੋਂ ਸਰਕਾਰਾਂ ਦੀ ਨੀਅਤ ਠੀਕ ਨਾ ਹੋਵੇ।ਮੌਜੂਦਾ ਸਰਕਾਰ ਵੱਲੋਂ ਬਾਰ-ਬਾਰ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗਾਂ ਨਾ ਕਰਨਾ ਸਰਕਾਰ ਦੀ ਨੀਅਤ ਨੂੰ ਜਾਹਰ ਕਰਦਾ।ਜਿਲ੍ਹਾ ਜਨਰਲ ਸਕੱਤਰ ਹਰਮੇਸ਼ ਕੌਰ ਢੇਰ ਨੇ ਦੱਸਿਆ ਕਿ 3000 ਰੁਪੈ ਪਰ ਕੰਮ ਕਰਦਿਆਂ ਕੁੱਕ ਬੀਬੀਆਂ ਦਾ ਗੁਜ਼ਾਰਾ ਬਹੁਤ ਮੁਸ਼ਕਲ ਹੈ। ਕਿਰਮਲਾ ਦੇਵੀ ਨੇ ਦੱਸਿਆ ਕਿ ਨਵੀਂ ਚੁਣੀ ਟੀਮ ਬਹੁਤ ਹੀ ਵਧੀਆ ਤਰੀਕੇ ਨਾਲ ਕੰਮ ਕਰ ਰਹੀ ਹੈ, ਸਮੇਂ ਸਮੇਂ 'ਤੇ ਮੀਟਿੰਗਾਂ ਵੀ ਕੀਤੀਆਂ ਜਾ ਰਹੀਆਂ ਹਨ। ਜਿਸ ਨਾਲ ਸਮੂਹ ਕੁਕ ਬੀਬੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਬਹੁਤ ਮਦਦ ਮਿਲਦੀ ਹੈ।ਇਸ ਮੌਕੇ ਬੰਧਨਾਂ ਦੇਵੀ, ਬਲਵੀਰ ਕੌਰ, ਸਵਰਨ ਕੌਰ, ਸੁਨੀਤਾ ਦੇਵੀ, ਸਰਬਜੀਤ ਕੌਰ, ਜੀਤੋ ਦੇਵੀ, ਮਨਜੀਤ ਕੌਰ, ਮੀਰਾ ਦੇਵੀ, ਸ਼ੀਲਾ ਦੇਵੀ, ਉਰਮਿਲਾ ਦੇਵੀ, ਕਮਲੇਸ਼ ਕੌਰ, ਕਮਲਜੀਤ ਕੌਰ, ਗੁਰਮੀਤ ਕੌਰ, ਅਨੀਤਾ ਦੇਵੀ, ਨੀਲਮ ਦੇਵੀ, ਅਮਰਜੀਤ ਕੌਰ, ਨਿਰਮਲਜੀਤ ਕੌਰ ਪਰਮਜੀਤ ਕੌਰ, ਭਿੰਦਰ ਕੌਰ ਅਤੇ ਜੋਤੀ ਦੇਵੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਕੁੱਕ ਬੀਬੀਆਂ ਹਾਜ਼ਰ ਹੋਈਆ।

# ਵਾਤਾਵਰਣ ਜਾਗਰੂਕ ਮੁਹਿੰਮ ਤਹਿਤ ਵਿਦਿਆਰਥੀਆਂ ਦੇ ਕੁਇਜ਼ ਮੁਕਾਬਲੇ ਕਰਵਾਏ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)** : ਵਾਤਾਵਰਣ ਜਾਗਰੂਕ ਮੁਹਿੰਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਕੜੌਨਾ ਕਲਾਂ ਵਿਖੇ ਵਿਦਿਆਰਥੀਆਂ ਦੇ ਕੁਇਜ਼ ਭਾਸ਼ਣ ਅਤੇ ਮਾਡਲ ਪ੍ਰਦਰਸ਼ਨੀ ਮੁਕਾਬਲੇ ਕਰਵਾਏ ਗਏ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਇਹਨਾਂ ਮੁਕਾਬਲਿਆਂ ਦੇ ਇੰਚਾਰਜ ਵਿਵੇਕ ਕੁਮਾਰ ਸ਼ਰਮਾ ਨੇ ਦੱਸਿਆ ਕਿ ਪ੍ਰਿੰਸੀਪਲ ਕਮ ਬੀ ਐਨ ਓ ਬਲਵੰਤ ਸਿੰਘ ਦੀ ਅਗਵਾਈ ਹੇਠ ਮੁਕੰਮਲ ਹੋਏ।ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੀਨੀਅਰ ਵਿੰਗ ਦੇ ਭਾਸ਼ਣ ਮੁਕਾਬਲੇ ਵਿੱਚ ਸਕੂਲ ਆਫ ਐਮੀਨੈਂਸ ਚਮਕੌਰ ਸਾਹਿਬ ਨੇ ਪਹਿਲਾ, ਦੂਜਾ ਹਾਫਿਜਾਬਾਦ ਅਤੇ ਤੀਜਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੇਲਾ ਸਥਾਨ ਪ੍ਰਾਪਤ ਕੀਤਾ।ਜੂਨੀਅਰ ਵਿੰਗ ਦੇ ਭਾਸ਼ਣ ਮੁਕਾਬਲਿਆਂ ਵਿੱਚ ਸਰਕਾਰੀ ਹਾਈ ਬਸੀ ਗੁੱਜਰਾਂ ਸਕੂਲ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਫਿਜਾਬਾਦ ਸਕੂਲ ਨੇ ਦੂਜਾ ਅਤੇ ਨੇ ਤੀਜਾ ਸਥਾਨ ਮੋਹਨ ਮਾਜਰਾ ਪ੍ਰਾਪਤ ਕੀਤਾ। ਕੁਇਜ਼ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਜ਼ੀਦਪੁਰ ਨੇ ਪਹਿਲਾ, ਸਕੂਲ ਸੀਨੀਅਰ ਸਕੂਲ ਡੱਲਾ ਨੇ ਦੂਜਾ ਅਤੇ ਸਕੂਲ ਫੱਸੇ ਅਤੇ ਸਕੂਲ ਆਫ ਐਮਿਨੇਸ ਚਮਕੌਰ ਸਾਹਿਬ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕੁਇਜ਼ ਮੁਕਾਬਲੇ ਦੇ ਮੁਕਾਬਲੇ ਸਰਕਾਰੀ ਮਿਡਲ ਸਕੂਲ ਕੰਧੋਲਾ ਨੇ ਪਹਿਲਾ, ਬਾਜ਼ੀਦਪੁਰ ਨੇ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਕੜੌਨਾ ਕਲਾਂ ਅਤੇ ਬੇਲਾ ਨੇ ਤੀਜਾ ਸਥਾਨ ਲਿਆ।ਵਾਤਾਵਰਣ ਪ੍ਰਦਰਸ਼ਨੀ 'ਚ ਸੀਨੀਅਰ ਵਿੰਗ ਸਕੂਲ ਆਫ ਏਮਿਨੇਂਸ ਚਮਕੌਰ ਸਾਹਿਬ ਨੇ ਪਹਿਲਾ, ਲੁਠੇੜੀ ਸਕੂਲ ਨੇ ਦੂਜਾ ਅਤੇ ਹਾਫਿਜਾਬਾਦ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਜੂਨੀਅਰ ਵਿੰਗ ਵਿੱਚੋਂ ਸਰਕਾਰੀ ਮਿਡਲ ਸਕੂਲ ਕੰਧੋਲਾ ਨੇ ਪਹਿਲਾ, ਅਮਰਾਲੀ ਸਕੂਲ ਨੇ ਦੂਜਾ ਅਤੇ ਮਹਤੋਤ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਲੈਕਚਰਾਰ ਅਵਨੀਤ ਕੌਰ ਚਮਕੌਰ ਸਾਹਿਬ, ਅਨੁਪਮ ਵਰਮਾ, ਤੇਜਿੰਦਰ ਸਿੰਘ ਬਾਜ਼, ਮਨਜੀਤ ਕੌਰ ਅਮਰਾਲੀ, ਜਸਬੀਰ ਸਿੰਘ ਸ਼ਾਂਤਪੁਰੀ, ਬਲਵਿੰਦਰ ਸਿੰਘ ਗੱਗੋਂ, ਜਗਮੋਹਨ ਸਿੰਘ, ਬਹਾਦਰ ਸਿੰਘ, ਸਤਵਿੰਦਰਜੀਤ ਕੌਰ, ਸਤਵੀਰ ਕੌਰ ਮੋਹਨ ਮਾਜਰਾ, ਅਮਨਪ੍ਰੀਤ ਕੌਰ, ਸੁਖਜੀਤ ਕੌਰ, ਪ੍ਰਦੀਪ ਕੌਰ, ਰਾਜਵੰਤ ਕੌਰ, ਮਨਦੀਪ ਕੌਰ, ਸਰਬਜੀਤ ਸਿੰਘ ਬਰਸਲਪੁਰ, ਪਾਰੁਲ ਨੰਦਾ ਲੁਠੇੜੀ , ਮਨਪ੍ਰੀਤ ਕੌਰ, ਅਮਨਦੀਪ ਸਿੰਘ ਚਮਕੌਰ ਸਾਹਿਬ, ਅਤੇ ਕੈਪਟਨ ਗੁਰਦੀਪ ਸਿੰਘ ਆਦਿ ਹਾਜ਼ਰ ਸਨ।